ਮੰਗਲਵਾਰ, 11 ਅਕਤੂਬਰ, 2022
25 ਅੱਸੂ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 131

# ਨਵਾਂ ਜ਼ਮਾਨਾ

DAILY NAWAN ZAMANA • TUESDAY, 11 OCTOBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮੁਲਾਇਮ ਸਿੰਘ ਦਾ ਦੇਹਾਂਤ



**ਗੁਰੂਗਰਾਮ :** ਸਮਾਜਵਾਦੀ ਪਾਰਟੀ ਦੇ ਬਾਨੀ ਤੇ ਤਿੰਨ ਵਾਰ ਯੂ ਪੀ ਦੇ ਮੁੱਖ ਮੰਤਰੀ ਰਹੇ ਮੁਲਾਇਮ ਸਿੰਘ ਯਾਦਵ (82) ਦਾ ਸੋਮਵਾਰ ਇੱਥੋਂ ਦੇ ਨਿੱਜੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਯਾਦਵ ਸਰਗਰਮ ਸਿਆਸਤ 'ਚ ਸ਼ਾਮਲ ਹੋਣ ਤੋਂ ਪਹਿਲਾਂ ਅਧਿਆਪਨ ਕਿੱਤੇ 'ਚ ਸਨ। ਉਹ 1967 ਤੋਂ 1996 ਤੱਕ ਅੱਠ ਵਾਰ ਯੂ ਪੀ ਅਸੈਂਬਲੀ ਲਈ ਚੁਣੇ ਗਏ। 1996 ਤੋਂ ਸੱਤ ਵਾਰ ਲੋਕ ਸਭਾ ਮੈਂਬਰ ਰਹੇ। 1989 'ਚ ਪਹਿਲੀ ਵਾਰ ਯੂ ਪੀ ਦੇ ਮੁੱਖ ਮੰਤਰੀ ਬਣੇ। ਉਹ ਯੂ ਪੀ ਏ ਸਰਕਾਰ ਵੇਲੇ ਰੱਖਿਆ ਮੰਤਰੀ ਵੀ ਰਹੇ। ਉਹ ਸਪਾ 'ਚ ਨੇਤਾ ਜੀ ਦੇ ਨਾਂਅ ਨਾਲ ਮਕਬੂਲ ਸਨ। ਯਾਦਵ ਦਾ ਅੰਤਮ ਸੰਸਕਾਰ ਮੰਗਲਵਾਰ ਨੂੰ ਯੂ ਪੀ ਦੇ ਸੈਫਈ 'ਚ ਕੀਤਾ ਜਾਵੇਗਾ।

# ਮੋਦੀ ਨੇ ਗੁਜਰਾਤ ਚੋਣਾਂ ਦੇ ਮੌਕੇ ਅਰਬਨ ਨਕਸਲ ਤੇ ਕਸ਼ਮੀਰ ਦੇ ਮੁੱਦੇ ਉਛਾਲੇ

**ਭਰੂਚ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਕਿਹਾ ਕਿ ਸ਼ਹਿਰੀ ਨਕਸਲੀ ਆਪਣਾ ਰੂਪ ਬਦਲ ਕੇ ਗੁਜਰਾਤ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਇਹ ਰਾਜ ਉਨ੍ਹਾਂ ਨੂੰ ਸੂਬੇ ਦੇ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਨਹੀਂ ਕਰਨ ਦੇਵੇਗਾ। ਦੇਸ਼ ਦੇ ਪਹਿਲੇ 'ਬਲਕ ਡਰੱਗ ਪਾਰਕ' ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਕਬਾਇਲੀ ਬਹੁਗਿਣਤੀ ਵਾਲੇ ਅਮੋਦ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾ ਆਮ ਆਦਮੀ ਪਾਰਟੀ ਨੂੰ ਵੀ ਨਿਸ਼ਾਨੇ 'ਤੇ ਲਿਆ। ਉਨ੍ਹਾ ਕਿਹਾ—ਸ਼ਹਿਰੀ ਨਕਸਲੀ ਨਵੇਂ ਰੂਪ 'ਚ ਰਾਜ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਆਪਣਾ ਚੋਲਾ ਬਦਲ ਲਿਆ ਹੈ। ਉਹ ਸਾਡੇ ਮਾਸੂਮ ਤੇ ਊਰਜਾ ਨਾਲ ਭਰਪੂਰ ਨੌਜਵਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਸ਼ਹਿਰੀ ਨਕਸਲੀ ਇੱਥੇ ਆ ਕੇ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਨਹੀਂ ਹੋਣ ਦੇਵਾਂਗੇ। ਅਸੀਂ ਦੇਸ਼ ਨੂੰ ਬਰਬਾਦ ਕਰਨ ਦੀ ਕੋਸ਼ਿਸ਼ ਕਰ ਰਹੇ ਇਨ੍ਹਾਂ ਸ਼ਹਿਰੀ ਨਕਸਲੀਆਂ ਤੋਂ ਆਪਣੇ ਨੌਜਵਾਨਾਂ ਨੂੰ ਬਚਾਉਣਾ ਹੈ। ਉਹ ਵਿਦੇਸ਼ੀ ਤਾਕਤਾਂ ਦੇ ਏਜੰਟ ਹਨ। ਗੁਜਰਾਤ ਉਨ੍ਹਾਂ ਸਾਹਮਣੇ ਕਦੀ ਵੀ ਸਿਰ ਨਹੀਂ ਝੁਕਾਏਗਾ। ਗੁਜਰਾਤ ਉਨ੍ਹਾਂ ਨੂੰ ਬਰਬਾਦ ਕਰ ਦੇਵੇਗਾ। ਮੋਦੀ ਨੇ ਆਨੰਦ ਵਿਚ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਨਾਂਅ ਲਏ ਬਿਨਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਸਰਦਾਰ ਵੱਲਭ ਭਾਈ ਪਟੇਲ ਨੇ ਤੱਤਕਾਲੀ ਰਿਆਸਤਾਂ ਦੇ ਰਲੇਵੇਂ ਦੇ ਸਾਰੇ ਮੁੱਦੇ ਹੱਲ ਕਰ ਦਿੱਤੇ ਸਨ, ਪਰ ਕਸ਼ਮੀਰ ਦਾ ਜ਼ਿੰਮਾ 'ਕਿਸੇ ਹੋਰ ਵਿਅਕਤੀ' ਕੋਲ ਸੀ ਤੇ ਉਹ ਅਣਸੁਲਝਿਆ ਹੀ ਰਿਹਾ। ਇਸ ਸਾਲ ਦੇ ਅਖੀਰ 'ਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਲਟਕ ਰਿਹਾ ਕਸ਼ਮੀਰ ਮਸਲਾ ਇਸ ਲਈ ਹੱਲ ਕਰਨ ਦੇ ਸਮਰੱਥ ਹੋਏ, ਕਿਉਂਕਿ ਉਹ ਸਰਦਾਰ ਪਟੇਲ ਦੇ ਨਕਸ਼ੇ-ਕਦਮ 'ਤੇ ਚਲਦੇ ਹਨ। ਮੋਦੀ ਨੇ ਕਿਹਾ—ਸਰਦਾਰ ਸਾਹਿਬ ਸਾਰੀਆਂ ਰਿਆਸਤਾਂ ਨੂੰ ਭਾਰਤ 'ਚ ਰਲਾਉਣ ਲਈ ਮਨਾਉਣ 'ਚ ਕਾਮਯਾਬ ਰਹੇ, ਪਰ ਇੱਕ ਹੋਰ ਵਿਅਕਤੀ ਨੇ ਕਸ਼ਮੀਰ ਦੇ ਮੁੱਦੇ ਨੂੰ ਹੱਲ ਕਰਨ ਦਾ ਜ਼ਿੰਮਾ ਸੰਭਾਲਿਆ ਸੀ।



# ਫਿਰੌਤੀਆਂ ਖਿਲਾਫ ਉੱਠੇ ਤਲਵੰਡੀ ਸਾਬੋ ਦੇ ਲੋਕ

## ਦੋ ਸਥਾਨਕ ਮੋਹਤਬਰਾਂ ਦੇ ਮਾਮਲੇ 'ਚ ਸ਼ਾਮਲ ਹੋਣ ਦੇ ਚਰਚੇ

**ਤਲਵੰਡੀ ਸਾਬੋ. (ਜਗਦੀਪ ਗਿੱਲ)**-ਸਥਾਨਕ ਇਤਿਹਾਸਕ ਸ਼ਹਿਰ ਦੇ ਕਾਰੋਬਾਰੀ ਸ਼ਾਹੂਕਾਰਾਂ ਅਤੇ ਆਰਥਿਕ ਪੱਖੋਂ ਆਤਮ ਨਿਰਭਰ ਲੋਕਾਂ ਤੋਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੈਠੇ ਨਾਮੀ ਗੈਂਗਸਟਰਾਂ ਵੱਲੋਂ ਮੰਗੀਆਂ ਜਾ ਰਹੀਆਂ ਫਿਰੌਤੀਆਂ ਦੇ ਸਾਹਮਣੇ ਆਏ ਮਾਮਲੇ ਨੇ ਸਥਾਨਕ ਸ਼ਹਿਰੀਆਂ ਨੂੰ ਸੋਚਾਂ ਦੇ ਸਮੁੰਦਰ ਵਿੱਚ ਡੋਬ ਕੇ ਰੱਖ ਦਿੱਤਾ ਹੈ। ਐਤਵਾਰ ਦਿਨ ਦਿਹਾੜੇ ਤੇ ਖੌਫਨਾਕ ਘਟਨਾਵਾਂ ਪਿੱਛੋਂ ਪੀੜਤ ਲੋਕਾਂ ਸਮੇਤ ਸਮੁੱਚੇ ਸ਼ਹਿਰ ਵਾਸੀਆਂ ਵੱਲੋਂ ਸੋਮਵਾਰ ਸਾਰਾ ਸ਼ਹਿਰ ਬੰਦ ਕਰਕੇ ਖੰਡਾ ਚੌਕ ਵਿੱਚ ਧਰਨਾ ਸ਼ੁਰੂ ਕਰ ਦਿੱਤਾ ਗਿਆ। ਭਾਵੇਂ ਪੁਲਸ ਵੱਲੋਂ ਫੁਰਤੀ ਵਿਖਾਉਂਦਿਆਂ ਦਰਜਨ ਤੋਂ ਉਪਰ ਸ਼ੱਕੀ ਲੋਕਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਖਬਰ ਹੈ ਪ੍ਰੰਤੂ ਭਰੋਸੇਯੋਗ ਸੂਤਰਾਂ ਅਨੁਸਾਰ ਇਸ ਮਾਮਲੇ ਵਿੱਚ ਸ਼ਹਿਰ ਦੇ ਦੋ ਸਿਖਰਲੇ ਮੋਹਤਬਰ ਲੋਕਾਂ ਦਾ ਨਾਂਅ ਵੀ ਵੱਜ ਰਿਹਾ ਹੈ, ਜਿਨ੍ਹਾਂ ਵਿੱਚੋਂ ਇਕ ਕਾਂਗਰਸ ਅਤੇ ਦੂਸਰਾ ਅਕਾਲੀ ਦਲ ਦਾ ਕੱਦਾਵਰ ਲੀਡਰ ਦੱਸਿਆ ਜਾ ਰਿਹਾ ਹੈ।

ਓਧਰ ਐੱਸ ਐੱਸ ਪੀ ਬਠਿੰਡਾ ਨੇ ਸ਼ਹਿਰ ਨਿਵਾਸੀਆਂ ਨੂੰ ਧਰਨੇ ਵਾਲੀ ਥਾਂ ਪਹੁੰਚ ਕੇ ਵਿਸ਼ਵਾਸ ਦੁਆਇਆ ਕਿ ਤੁਸੀਂ ਇੱਕ ਵਾਰ ਧਰਨਾ ਹਟਾਓ, ਅਸੀਂ ਦੋ ਦਿਨਾਂ ਦੇ ਅੰਦਰ-ਅੰਦਰ ਤੁਹਾਨੂੰ ਨਤੀਜੇ ਕੱਢ ਕੇ ਦੇਵਾਂਗੇ।

ਗੁੱਸੇ ਵਿਚ ਭਰੇ-ਪੀਤੇ ਸ਼ਹਿਰੀਆਂ ਨੇ ਭਾਵੇਂ ਜ਼ਿਲ੍ਹਾ ਪੁਲਸ ਮੁਖੀ ਦੇ ਵਿਸ਼ਵਾਸ ਦਿਵਾਉਣ 'ਤੇ ਧਰਨਾ ਖਤਮ ਕਰਦਿਆਂ ਦੁਕਾਨਾਂ ਖੋਲ੍ਹ ਲਈਆਂ, ਪ੍ਰੰਤੂ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪੁਲਸ ਨੇ ਦੋ ਦਿਨਾਂ ਵਿਚ ਦੋਸ਼ੀਆਂ ਖਿਲਾਫ ਕਾਰਵਾਈ ਨਾ ਕੀਤੀ ਤਾਂ ਲੰਬਾ ਸੰਘਰਸ਼ ਵਿੱਢ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਤਲਵੰਡੀ ਸਾਬੋ ਵਿੱਚ ਅੱਧੀ ਦਰਜਨ ਤੋਂ ਵੱਧ ਲੋਕਾਂ ਤੋਂ ਲੱਖਾਂ ਰੁਪਏ ਦੀਆਂ ਜਬਰੀ ਵਸੂਲੀਆਂ ਹੋਣ ਪਿੱਛੋਂ ਹੁਣ ਪੁਲਸ ਬਾਕਾਇਦਾ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਪੜਤਾਲ ਵਿੱਚ ਜੁਟ ਗਈ ਹੈ।



## ਦੀਵਾਲੀ ਵਿਸ਼ੇਸ਼ ਸਪਲੀਮੈਂਟ


ਸੰਜੀਵ ਅਰੋੜਾ
ਜਗਰਾਓਂ
98145-56990


ਨਿਰਮਲ ਕੁਮਾਰ
ਫਿਲੌਰ
98147-04346


ਰਮੇਸ਼ ਕਟਾਰੀਆ
ਰਾਜਪੁਰਾ
99880-13675


ਰਮਨ ਚੱਢਾ
ਚੋਹਲਾ ਸਾਹਿਬ
98722-26721


ਗੁਰਦੀਪ ਸਿੰਘ
ਧਰਮਕੋਟ
88474-74698


ਹਰਭਜਨ ਢਿੱਲੋਂ
ਭਲਾਣ
94638-21648


ਸੁਖਵਿੰਦਰ ਸਿੰਘ
ਖੰਨਾ
98158-69735


ਪਰਮਿੰਦਰ ਸਿੰਘ ਮੋਨੂੰ
ਖੰਨਾ
97814-09245


ਸਾਗਰਦੀਪ ਸਿੰਘ ਅਰੋੜਾ
ਤਰਨ ਤਾਰਨ
98880-36734


ਸੁਖਵਿੰਦਰ ਸਫਰੀ
ਟੁਟੋਮਜਾਰਾ
99158-16713


ਅਮਿਤ ਖੰਨਾ
ਜਗਰਾਓਂ
99140-20819


ਰਣਬੀਰ ਸਿੰਘ ਗੋਲਣ
ਖਾਲੜਾ
70094-77561

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

# ਮੁੱਖ ਮੰਤਰੀ ਵੱਲੋਂ ਮੀਟਿੰਗ ਰੱਦ ਕਰਨ 'ਤੇ ਮਜ਼ਦੂਰਾਂ ਨੇ ਕੀਤੇ ਅਰਥੀ ਸਾੜ ਮੁਜ਼ਾਹਰੇ

**ਚੰਡੀਗੜ੍ਹ.** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮੋਰਚਾ ਪੰਜਾਬ ਦੇ ਆਗੂਆਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤੈਅਸ਼ੁਦਾ ਮੀਟਿੰਗ ਰੱਦ ਕਰਨ ਦੇ ਵਿਰੋਧ 'ਚ ਸੋਮਵਾਰ ਪੰਜਾਬ ਦੇ 10 ਜ਼ਿਲ੍ਹਿਆਂ 'ਚ ਤਿੰਨ ਦਰਜਨ ਦੇ ਕਰੀਬ ਪਿੰਡਾਂ, ਸ਼ਹਿਰਾਂ ਤੇ ਕਸਬਿਆਂ 'ਚ ਮੁੱਖ ਮੰਤਰੀ ਦੀਆਂ ਅਰਥੀਆਂ ਸਾੜ ਕੇ ਰੋਸ ਮਾਰਚ ਕੀਤੇ ਗਏ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਪ੍ਰਗਟ ਸਿੰਘ ਕਾਲਾਝਾੜ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸਿੰਘ ਸੇਮਾ, ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਤੇ ਦਿਹਾਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਇਹ ਜਾਣਕਾਰੀ ਲਿਖਤੀ ਬਿਆਨ ਰਾਹੀਂ ਦਿੰਦਿਆਂ ਦੱਸਿਆ ਕਿ 11 ਤੇ 12 ਅਕਤੂਬਰ ਨੂੰ ਵੀ ਇਹ ਅਰਥੀ ਫੂਕ ਮੁਜ਼ਾਹਰੇ ਜਾਰੀ ਰਹਿਣਗੇ। ਉਹਨਾਂ ਐਲਾਨ ਕੀਤਾ ਕਿ ਜੇਕਰ ਫਿਰ ਵੀ ਮੁੱਖ ਮੰਤਰੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਮਜ਼ਦੂਰਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ 18 ਅਕਤੂਬਰ ਨੂੰ ਸੰਗਰੂਰ ਦੇ ਪਿੰਡ ਕਾਲਵਣਜਾਰਾ ਵਿਖੇ ਉਦਘਾਟਨੀ ਸਮਾਗਮ ਮੌਕੇ ਮੁੱਖ ਮੰਤਰੀ ਦੇ ਪਹੁੰਚਣ ਦਾ ਸਖਤ ਵਿਰੋਧ ਕੀਤਾ ਜਾਵੇਗਾ। ਵੱਖ-ਵੱਖ ਥਾਵਾਂ 'ਤੇ ਜੁੜੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ 12 ਸਤੰਬਰ ਨੂੰ ਲਾਏ ਤਿੰਨ ਰੋਜ਼ਾ ਮੋਰਚੇ ਸਮੇਂ ਮੁੱਖ ਮੰਤਰੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ 3 ਅਕਤੂਬਰ ਦੀ ਮੀਟਿੰਗ ਰੱਖੀ ਸੀ, ਜਿਸ ਨੂੰ ਬਦਲਵੀਂ ਤਰੀਕ ਦਿੱਤੇ ਬਿਨਾਂ ਹੀ ਰੱਦ ਕਰ ਦਿੱਤਾ ਗਿਆ। ਉਹਨਾਂ ਇਹ ਵੀ ਦੋਸ਼ ਲਾਇਆ ਕਿ ਜੂਨ ਮਹੀਨੇ ਵਿੱਚ ਮੁੱਖ ਮੰਤਰੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਕੀਤੀਆਂ ਮੀਟਿੰਗਾਂ 'ਚ

● ਬਾਕੀ ਸਫ਼ਾ 2 'ਤੇ



## ਖੂਬਸੂਰਤੀ ਅਰੁਣਾਚਲ ਦੀ



ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖੰਡੂ ਆਪਣੇ ਸੂਬੇ ਦੀ ਕੁਦਰਤੀ ਖੂਬਸੂਰਤੀ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਰਹਿੰਦੇ ਹਨ। ਉਨ੍ਹਾ ਵੱਲੋਂ ਸਾਂਝੀ ਕੀਤੀ ਗਈ ਇਹ ਤਸਵੀਰ ਯੇਮੇਂਗ ਵਾਟਰਫਾਲ (ਝਰਨਾ) ਦੀ ਹੈ। ਇਹ ਤਵਾਂਗ ਤੇ ਮਾਗੋ ਦੇ ਰਾਹ ਵਿਚ ਪੈਂਦਾ ਹੈ। ਸਥਾਨਕ ਲੋਕ ਇਸ ਨੂੰ ਚੁਮੀ ਗਯਾਤਸੇ ਦਾ ਹਿੱਸਾ ਮੰਨਦੇ ਹਨ। ਚੁਮੀ ਗਯਾਤਸੇ 108 ਝਰਨਿਆਂ ਦਾ ਗੁਲਦਸਤਾ ਹੈ।

# ਅਰਥ ਸ਼ਾਸਤਰ ਦਾ ਨੋਬੇਲ ਪੁਰਸਕਾਰ ਤਿੰਨ ਅਮਰੀਕੀ ਅਰਥ ਸ਼ਾਸਤਰੀਆਂ ਦੇ ਨਾਂਅ

**ਸਟਾਕਹੋਮ :** ਇਸ ਸਾਲ ਅਰਥ ਸ਼ਾਸਤਰ ਲਈ ਨੋਬੇਲ ਪੁਰਸਕਾਰ ਨਾਲ ਸਨਮਾਨਤ ਕਰਨ ਲਈ ਤਿੰਨ ਅਮਰੀਕੀ ਅਰਥ ਸ਼ਾਸਤਰੀਆਂ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਨੂੰ 'ਬੈਂਕਾਂ ਤੇ ਵਿੱਤੀ ਸੰਕਟ ਬਾਰੇ ਖੋਜ' ਲਈ ਇਹ ਪੁਰਸਕਾਰ ਦਿੱਤਾ ਗਿਆ ਹੈ। ਸਟਾਕਹੋਮ 'ਚ ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ 'ਚ ਨੋਬੇਲ ਕਮੇਟੀ ਨੇ ਬੇਨ ਐੱਸ ਬਰਨਾਂਕੇ, ਡਗਲਸ ਡਬਲਿਊ ਡਾਇਮੰਡ ਤੇ ਫਿਲਿਪ ਐੱਚ ਡਾਇਬਵਿਗ ਨੂੰ ਅਰਥ ਸ਼ਾਸਤਰ ਦਾ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕੀਤਾ। ਕਮੇਟੀ ਨੇ ਕਿਹਾ ਕਿ ਤਿੰਨਾਂ ਹੀ ਮਾਹਰਾਂ ਨੇ ਦੁਨੀਆ ਨੂੰ ਦੱਸਿਆ ਕਿ ਆਰਥਕਤਾ ਜਦੋਂ ਮੁਸ਼ਕਲ ਦੌਰ ਵਿਚ ਹੁੰਦੀ ਹੈ ਤਾਂ ਸਮਾਜ ਨੂੰ ਬੈਂਕਾਂ ਦੀ ਮਦਦ ਲੈ ਕੇ ਕਿਵੇਂ ਨਿਪਟਣਾ ਚਾਹੀਦਾ ਹੈ। ਬੈਂਕਿੰਗ ਸੈਕਟਰ ਨੂੰ ਤਬਾਹੀ ਤੋਂ ਬਚਾਉਣਾ ਕਿਉਂ ਸਭ ਤੋਂ ਅਹਿਮ ਹੈ। ਤਿੰਨਾਂ ਨੇ ਬੈਂਕਿੰਗ ਸੈਕਟਰ ਨਾਲ ਜੁੜੀ ਇਹ ਅਹਿਮ ਖੋਜ 1980 ਵਿਚ ਸ਼ੁਰੂ ਕੀਤੀ ਸੀ। ਇਹ ਸਿਰਫ ਥਿਊਰੀ ਨਹੀਂ, ਸਗੋਂ ਮੁਸ਼ਕਲ ਆਰਥਕ ਹਾਲਾਤ ਵਿੱਚੋਂ ਨਿਕਲਣ ਦੇ ਇਨ੍ਹਾਂ ਨੇ ਜਿਹੜੇ ਤਰੀਕੇ ਸੁਝਾਏ, ਉਨ੍ਹਾਂ 'ਤੇ ਕਈ ਦੇਸ਼ਾਂ ਨੇ ਅਮਲ ਕੀਤਾ। ਅਮੂਮਨ ਮਾਲੀ ਸੰਕਟ ਵੇਲੇ ਲੋਕ ਬੈਂਕਾਂ ਵਿੱਚੋਂ ਪੈਸਾ ਕਢਾਉਣ ਵਿਚ ਜਲਦਬਾਜ਼ੀ ਕਰਦੇ ਹਨ। ਤਿੰਨਾਂ ਮਾਹਰਾਂ ਨੇ ਬੈਂਕਿੰਗ ਤੇ ਸਮਾਜ ਵਿਚਾਲੇ ਸੰਤੁਲਨ ਬਣਾ ਕੇ ਇਸ ਮੁਸ਼ਕਲ ਵਿੱਚੋਂ ਨਿਕਲਣ ਦੇ ਉਪਾਅ ਸੁਝਾਏ।



ਬੇਨ, ਡਗਲਸ ਤੇ ਫਿਲਿਪ।

# ਤਲਾਕ-ਏ-ਕਿਨਾਇਆ ਤੇ ਤਲਾਕ-ਏ-ਬਾਇਨ ਖਿਲਾਫ ਪਟੀਸ਼ਨ 'ਤੇ ਕੇਂਦਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ :** 'ਤਲਾਕ-ਏ-ਕਿਨਾਇਆ' ਅਤੇ 'ਤਲਾਕ-ਏ-ਬਾਇਨ' ਸਮੇਤ ਮੁਸਲਿਮ ਭਾਈਚਾਰੇ 'ਚ ਪ੍ਰਚੱਲਤ ਤਲਾਕ ਦੇ ਸਾਰੇ ਇੱਕਪਾਸੜ ਤੇ ਗੈਰਕਾਨੂੰਨੀ ਢੰਗਾਂ ਨੂੰ 'ਗੈਰਸੰਵਿਧਾਨਕ' ਕਰਾਰ ਦੇਣ ਦੀ ਮੰਗ ਸੰਬੰਧੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਤੇ ਹੋਰਨਾਂ ਤੋਂ ਜਵਾਬ ਮੰਗਿਆ ਹੈ।

ਜਸਟਿਸ ਐੱਸ ਏ ਨਜ਼ੀਰ ਤੇ ਜਸਟਿਸ ਜੇ ਬੀ ਪਾਰਦੀਵਾਲਾ ਨੇ ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ, ਘੱਟ ਗਿਣਤੀ ਭਾਈਚਾਰੇ ਦੇ ਮਾਮਲਿਆਂ ਨਾਲ ਸੰਬੰਧਤ ਮੰਤਰਾਲੇ ਤੇ ਹੋਰਨਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਸੁਪਰੀਮ ਕੋਰਟ ਵੱਲੋਂ ਕਰਨਾਟਕ ਆਧਾਰਤ ਸਈਦਾ ਅੰਬਰੀਨ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਪਟੀਸ਼ਨਰ ਨੇ ਤਲਾਕ ਦੇ ਇਨ੍ਹਾਂ ਢੰਗਾਂ ਨੂੰ ਪੱਖਪਾਤੀ ਅਤੇ ਬਰਾਬਰੀ ਦੇ ਬੁਨਿਆਦੀ ਹੱਕ ਅਤੇ ਜਿਊਣ ਤੇ ਧਾਰਮਕ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਕਰਾਰ ਦਿੰਦਿਆਂ ਕੇਂਦਰ ਸਰਕਾਰ ਨੂੰ ਸਾਰੇ ਨਾਗਰਿਕਾਂ ਲਈ ਤਲਾਕ ਦੀ ਇੱਕੋ ਜਿਹੀ ਪ੍ਰਕਿਰਿਆ ਤੇ ਨਿਯਮ ਬਣਾਉਣ ਤੇ ਨਿਰਦੇਸ਼ ਜਾਰੀ ਕਰਨ ਦੀ ਵੀ ਮੰਗ ਕੀਤੀ ਹੈ। ਪਟੀਸ਼ਨਰ ਨੇ ਕਿਹਾ ਕਿ 'ਤਲਾਕ-ਏ-ਕਿਨਾਇਆ' ਅਤੇ 'ਤਲਾਕ-ਏ-ਬਾਇਨ' ਅਤੇ ਤਲਾਕ ਦੇ ਹੋਰ ਪੱਖਪਾਤੀ ਤੇ ਗੈਰਕਾਨੂੰਨੀ ਢੰਗ 'ਸਤੀ' ਪ੍ਰਥਾ ਦੀ ਤਰ੍ਹਾਂ ਹਨ, ਜੋ ਮੁਸਲਿਮ ਔਰਤਾਂ ਲਈ ਮੁਸੀਬਤ ਬਣੇ ਹੋਏ ਹਨ ਅਤੇ ਇਸ ਨਾਲ ਉਨ੍ਹਾਂ ਸਾਹਮਣੇ ਸਿਹਤ, ਸਮਾਜ, ਆਰਥਕਤਾ, ਨੈਤਿਕਤਾ ਤੇ ਭਾਵੁਕਤਾ ਨਾਲ ਸੰਬੰਧਤ ਗੰਭੀਰ ਜੋਖਮ ਵੀ ਖੜ੍ਹੇ ਹੁੰਦੇ ਹਨ। ਧਾਰਮਕ ਆਗੂ ਤੇ ਅਫਸਰ ਤਲਾਕ ਦੇ ਇਨ੍ਹਾਂ ਢੰਗਾਂ ਦੀ ਵਰਤੋਂ ਮੁਸਲਿਮ ਔਰਤਾਂ ਨੂੰ ਦਬਾਉਣ ਲਈ ਕਰਦੇ ਹਨ।

# ਦੂਜੇ ਦੇਸ਼ਾਂ ਦੇ ਲੋਕਤੰਤਰ ਪ੍ਰਤੀ ਜ਼ਿੰਮੇਵਾਰੀ ਸਮਝਣ ਦੀ ਲੋੜ : ਭਾਰਤ

**ਕੈਨਬਰਾ :** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਨੇ ਕੈਨੇਡਾ 'ਚ ਸਰਗਰਮ ਖਾਲਿਸਤਾਨੀ ਵੱਖਵਾਦੀ ਤਾਕਤਾਂ ਨਾਲ ਸੰਬੰਧਤ ਮੁੱਦਾ ਹਮੇਸ਼ਾ ਚੁੱਕਿਆ ਹੈ। ਉਨ੍ਹਾ ਇਹ ਯਕੀਨੀ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਕਿ ਇੱਕ ਜਮਹੂਰੀ ਸਮਾਜ 'ਚ ਹਿੰਸਾ ਤੇ ਕੱਟੜਤਾ ਦੀ ਵਕਾਲਤ ਕਰਨ ਵਾਲਿਆਂ ਵੱਲੋਂ ਆਜ਼ਾਦੀ ਦੀ ਦੁਰਵਰਤੋਂ ਨਾ ਕੀਤੀ ਜਾਵੇ। ਆਸਟਰੇਲੀਆ ਦੇ ਵਿਦੇਸ਼ ਮੰਤਰੀ ਪੈਨੀ ਵੌਂਗ ਨਾਲ 13ਵੀਂ 'ਵਿਦੇਸ਼ ਮੰਤਰੀਆਂ ਦੀ ਰੂਪਰੇਖਾ ਵਾਰਤਾ' ਤੋਂ ਬਾਅਦ ਸਾਂਝੀ ਪ੍ਰੈੱਸ ਕਾਨਫਰੰਸ 'ਚ ਜੈਸ਼ੰਕਰ ਨੇ ਕਿਹਾ ਕਿ ਹਾਲੀਆ ਹਫਤੇ 'ਚ ਕੈਨੇਡਾ 'ਚ ਭਾਰਤ ਵਿਰੋਧੀ ਸਰਗਰਮੀਆਂ ਵਧੀਆਂ ਹਨ। ਉਨ੍ਹਾ ਕਿਹਾ—ਮੈਨੂੰ ਲੱਗਦਾ ਹੈ ਕਿ ਇਹ ਸਮਝਣਾ ਜ਼ਰੂਰੀ ਹੈ ਕਿ ਲੋਕਤੰਤਰ ਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ। ਸਿਰਫ ਆਪਣੇ ਦੇਸ਼ 'ਚ ਹੀ ਨਹੀਂ, ਬਲਕਿ ਦੂਜੇ ਦੇਸ਼ਾਂ ਦੇ ਲੋਕਤੰਤਰ ਪ੍ਰਤੀ ਵੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।

## ਗ਼ਦਰੀ ਬਾਬੇ ਦੀ ਪੋਤਰੀ ਵੱਲੋਂ ਸਹਾਇਤਾ

ਬਾਬਾ ਭਾਗ ਸਿੰਘ ਗ਼ਦਰੀ ਬਾਬੇ ਦੀ ਪੋਤਰੀ ਬਲਜਿੰਦਰ ਕੌਰ ਪਿੰਡ ਉਪਲ ਭੂਪਾ, ਜ਼ਿਲ੍ਹਾ ਜਲੰਧਰ ਸੋਮਵਾਰ 'ਨਵਾਂ ਜ਼ਮਾਨਾ' ਦੇ ਦਫ਼ਤਰ ਵਿੱਚ ਪਧਾਰੇ। ਉਨ੍ਹਾ ਇਸ ਮੌਕੇ 'ਨਵਾਂ ਜ਼ਮਾਨਾ' ਨੂੰ 3500 ਰੁਪਏ ਭੇਟ ਕੀਤੇ। ਅਦਾਰਾ ਧੰਨਵਾਦੀ ਹੈ।

# ਦਿੱਲੀ ਆਬਕਾਰੀ ਕੇਸ 'ਚ ਇਕ ਹੋਰ ਗ੍ਰਿਫਤਾਰੀ

**ਨਵੀਂ ਦਿੱਲੀ :** ਸੀ ਬੀ ਆਈ ਨੇ ਦਿੱਲੀ ਦੇ ਕਥਿਤ ਆਬਕਾਰੀ ਘੁਟਾਲੇ ਮਾਮਲੇ 'ਚ ਅਭਿਸ਼ੇਕ ਬੋਇਨਪੱਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ 'ਚ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਮੁਲਜ਼ਮ ਹਨ। ਅਧਿਕਾਰੀਆਂ ਨੇ ਦੱਸਿਆ ਕਿ ਅਭਿਸ਼ੇਕ ਬੋਇਨਪੱਲੀ ਦੱਖਣੀ ਭਾਰਤ ਦੇ ਕੁਝ ਸ਼ਰਾਬ ਕਾਰੋਬਾਰੀਆਂ ਲਈ ਕਥਿਤ ਤੌਰ 'ਤੇ ਕੰਮ ਕਰਦਾ ਸੀ। ਉਹ ਕੁਝ ਸਵਾਲਾਂ ਦੇ ਜਵਾਬ ਦੇਣ ਤੋਂ ਬਚ ਰਿਹਾ ਸੀ, ਜਿਸ ਮਗਰੋਂ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ। ਇਸ ਕੇਸ 'ਚ ਇਹ ਦੂਜੀ ਗ੍ਰਿਫ਼ਤਾਰੀ ਹੈ। ਇਸ ਤੋਂ ਪਹਿਲਾਂ ਕਾਰੋਬਾਰੀ ਤੇ 'ਆਪ' ਆਗੂ ਵਿਜੈ ਨਾਇਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਕੇਸ ਕੌਮੀ ਰਾਜਧਾਨੀ 'ਚ ਸ਼ਰਾਬ ਦੇ ਲਾਇਸੈਂਸ ਦੇਣ 'ਚ ਕਥਿਤ ਭ੍ਰਿਸ਼ਟਾਚਾਰ ਨਾਲ ਜੁੜਿਆ ਹੋਇਆ ਹੈ।

# ਯੂਕਰੇਨ 'ਤੇ ਤਾਬੜਤੋੜ ਹਮਲੇ

**ਕੀਵ :** ਰੂਸ ਨੇ ਸੋਮਵਾਰ ਸਵੇਰੇ ਯੂਕਰੇਨ 'ਤੇ ਇਕ ਦੇ ਬਾਅਦ ਇਕ 75 ਮਿਜ਼ਾਈਲ ਹਮਲੇ ਕੀਤੇ। ਇਸ ਨਾਲ ਯੂਕਰੇਨ ਦਾ ਪਾਰਕੋਵੀ ਪੁਲ ਤਬਾਹ ਹੋ ਗਿਆ। ਇਹ ਪੁਲ ਨਾਈਪਰ ਨਦੀ 'ਤੇ ਪੈਦਲ ਯਾਤਰੀਆਂ ਲਈ ਬਣਾਇਆ ਗਿਆ ਸੀ।

ਦਰਅਸਲ ਸ਼ਨੀਵਾਰ ਯੂਕਰੇਨ ਨੇ ਰੂਸ ਨੂੰ ਕ੍ਰੀਮੀਆ ਨਾਲ ਜੋੜਨ ਵਾਲੇ ਕਰਚ ਰੇਲਵੇ ਪੁਲ ਨੂੰ ਤਬਾਹ ਕਰ ਦਿੱਤਾ ਸੀ। ਇਸ ਦੌਰਾਨ ਤਿੰਨ ਵਿਅਕਤੀ ਮਾਰੇ ਗਏ ਸਨ। ਇਸ ਪੁਲ ਨੂੰ ਕ੍ਰੀਮੀਆ ਉੱਤੇ ਰੂਸ ਕਬਜ਼ੇ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਸੀ। ਇਸ ਦੇ ਬਾਅਦ ਹੀ ਰੂਸੀ ਰਾਸ਼ਟਰਪਤੀ ਪੂਤਿਨ ਨੇ ਯੂਕਰੇਨੀ ਰਾਜਧਾਨੀ ਕੀਵ 'ਤੇ ਦੁਬਾਰਾ ਹਮਲਾ ਕੀਤਾ ਹੈ।

ਰੂਸ ਨੇ ਸਵੇਰੇ ਸਾਢੇ ਚਾਰ ਵਜੇ ਜਾਪੋਰਿਜੀਆ 'ਤੇ ਮਿਜ਼ਾਈਲ ਹਮਲਾ ਕੀਤਾ। ਰੂਸ-ਯੂਕਰੇਨ ਵਿਚਾਲੇ ਫਰਵਰੀ ਦੇ ਅਖੀਰ ਵਿਚ ਜੰਗ ਸ਼ੁਰੂ ਹੋਈ ਸੀ ਤੇ 229ਵੇਂ ਦਿਨ ਇਹ ਰੂਸ ਦਾ ਸਭ ਤੋਂ ਵੱਡਾ ਹਮਲਾ ਦੱਸਿਆ ਜਾ ਰਿਹਾ ਹੈ। ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨੇ ਕਿਹਾ ਕਿ ਕੀਵ ਦੇ ਇਲਾਵਾ ਲਵੀਵ, ਜ਼ਿਤੋਮੀਰ, ਖਾਮੇਨਿਲੀਤਸਕੀ, ਦੈਨਪ੍ਰੋ, ਮਾਯਕੋਲੀਵ ਤੇ ਤੇਰਨੋਪਿਲ ਸ਼ਹਿਰਾਂ 'ਤੇ ਮਿਜ਼ਾਈਲਾਂ ਸੁੱਟੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਰੂਸ ਧਰਤੀ ਤੋਂ ਉਨ੍ਹਾ ਦਾ ਨਾਮੋਨਿਸ਼ਾਨ ਮਿਟਾ ਦੇਣਾ ਚਾਹੁੰਦਾ ਹੈ।


# ਨਵਾਂ ਜ਼ਮਾਨਾ ਟੀ ਵੀ

## ਵੱਲੋਂ ਵਿਸ਼ੇਸ਼ ਸੂਚਨਾ

## ਸੀ ਪੀ ਆਈ ਮਹਾਂਸੰਮੇਲਨ ਦਾ ਪ੍ਰਸਾਰਨ ਨਾਲੋ-ਨਾਲ




ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂਸੰਮੇਲਨ 14 ਤੋਂ 18 ਅਕਤੂਬਰ ਨੂੰ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਸ਼ਹਿਰ ਵਿੱਚ ਹੋ ਰਿਹਾ ਹੈ। ਹਰ ਕਮਿਊਨਿਸਟ ਦੀ ਇੱਛਾ ਹੁੰਦੀ ਹੈ ਕਿ ਉਹ ਪਾਰਟੀ ਦਾ ਮਹਾਂਸੰਮੇਲਨ ਦੇਖ ਸਕੇ, ਪਰ ਇਹ ਮੌਕਾ ਸਿਰਫ਼ ਚੁਣੇ ਡੈਲੀਗੇਟਾਂ ਨੂੰ ਹੀ ਮਿਲਦਾ ਹੈ। ਇਸ ਵਾਰ ਇਹ ਸੰਭਵ ਹੋਵੇਗਾ, ਕਿਉਂਕਿ 'ਨਵਾਂ ਜ਼ਮਾਨਾ ਟੀ ਵੀ' ਵੱਲੋਂ ਪੱਤਰਕਾਰ ਗਿਆਨ ਸੈਦਪੁਰੀ ਤੇ ਕਮਲਜੀਤ ਥਾਬਲਕੇ ਦੀ ਅਗਵਾਈ ਵਿੱਚ ਇੱਕ ਟੀਮ ਇਸ ਮਹਾਂਸੰਮੇਲਨ ਦੀ ਪਲ-ਪਲ ਦੀ ਕਾਰਵਾਈ ਕਵਰ ਕਰਨ ਲਈ ਭੇਜੀ ਜਾ ਰਹੀ ਹੈ। ਇਸ ਲਈ ਤੁਹਾਨੂੰ 'ਨਵਾਂ ਜ਼ਮਾਨਾ ਟੀ ਵੀ' ਨੂੰ ਹੇਠ ਲਿਖੇ ਲਿੰਕ 'ਤੇ ਜਾ ਕੇ ਸਬਸਕਰਾਈਵ ਕਰਨਾ ਹੋਵੇਗਾ। ਕੋਈ ਮੁਸ਼ਕਲ ਪੇਸ਼ ਆਵੇ ਤਾਂ 88722-31517 'ਤੇ ਫੋਨ ਜਾਂ ਵਟਸਅਪ ਕਰੋ।

https://www.youtube.com/c/nawanzamanatv

ਪ੍ਰਬੰਧਕ 'ਨਵਾਂ ਜ਼ਮਾਨਾ ਟੀ ਵੀ'


## ਅੱਜ-ਨਾਮਾ

ਪੂਤਿਨ ਪੈ ਗਿਆ ਪਿੱਛੇ ਫਿਰ ਯੂਕਰੇਨ ਦੇ,
ਰਾਜਧਾਨੀ ਵੱਲ ਕੀਤੀ ਪਈ ਧਾਈ ਮੀਆਂ।
ਹੋਈ ਆ ਤੇਜ਼ ਬੰਬਾਰੀ ਫਿਰ ਏਸ ਹਫਤੇ,
ਚਿਰ ਤੋਂ ਹੁੰਦੀ ਇਹ ਪਈ ਲੜਾਈ ਮੀਆਂ।
ਭੜਕ ਪੂਤਿਨ ਵੀ ਗਿਆ ਹੈ ਇਸ ਕਰ ਕੇ,
ਪੁਲ ਨੂੰ ਰੂਸ ਵਿੱਚ ਅੱਗ ਜੇ ਲਾਈ ਮੀਆਂ।
ਕਰਦੇ ਪੂਤਿਨ-ਜ਼ੈਲੈਂਸਕੀ ਫਿਰਨ ਚੌਧਰ,
ਮਰਦੇ ਲੋਕ ਆ ਮੌਤ ਅਣਿਆਈ ਮੀਆਂ।
ਸੱਥ ਸੰਸਾਰ ਦੀ ਜਿਹੜੀ ਹੈ ਕਹੀ ਜਾਂਦੀ,
ਸਕਦੀ ਖਿੱਚ ਨਾ ਕਿਸੇ ਦੀ ਤਣੀ ਮੀਆਂ।
ਪਾਉਂਦੀ ਵੋਟ ਤੇ ਮਤੇ ਆ ਰੱਦ ਕਰਦੀ,
ਗੱਪਾਂ ਮਾਰਨ ਦਾ ਅੱਡਾ ਹੈ ਬਣੀ ਮੀਆਂ।

-ਤੀਸ ਮਾਰ ਖਾਂ

# ਸਕੇ ਭਰਾਵਾਂ ਦੇ ਫਰਜ਼ੀ ਮੁਕਾਬਲੇ 'ਚ ਦੋ ਪੁਲਸ ਮੁਲਾਜ਼ਮਾਂ ਸਣੇ ਤਿੰਨ ਨੂੰ ਉਮਰ ਕੈਦ

**ਲੁਧਿਆਣਾ, (ਐੱਮ ਐੱਸ ਭਾਟੀਆ/ ਰੈਕਟਰ ਕਥੂਰੀਆ)**-ਲੁਧਿਆਣਾ ਦੇ ਜਮਾਲਪੁਰ ਵਿਚ ਦੋ ਸਕੇ ਭਰਾਵਾਂ ਨੂੰ ਫਰਜ਼ੀ ਮੁਕਬਾਲੇ ਵਿੱਚ ਮਾਰਨ ਦੇ ਦੋਸ਼ ਵਿੱਚ ਸੋਮਵਾਰ ਕੋਰਟ ਨੇ 2 ਪੁਲਸ ਮੁਲਾਜ਼ਮਾਂ ਸਣੇ ਤਿੰਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਦੋ ਪੁਲਸ ਮੁਲਾਜ਼ਮ ਦੋਸ਼ੀਆਂ ਨੂੰ 37-37 ਹਜ਼ਾਰ ਦਾ ਜੁਰਮਾਨਾ ਲਾਇਆ, ਜਦੋਂ ਕਿ ਤੀਜੇ ਦੋਸ਼ੀ ਨੂੰ 35 ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ। ਸਜ਼ਾ ਸੁਣਾਉਣ ਤੋਂ ਬਾਅਦ ਮ੍ਰਿਤਕਾਂ ਦੇ ਮਾਤਾ-ਪਿਤਾ ਨੇ ਕਿਹਾ ਕਿ ਇਸ ਕੇਸ ਵਿਚ ਇਕ ਪੁਲਸ ਮੁਲਾਜਮ ਨੂੰ ਰਿਹਾਅ ਕਰ ਦਿੱਤਾ ਗਿਆ ਹੈ, ਜਿਸ ਨੂੰ ਸਜ਼ਾ ਦਿਵਾਉਣ ਲਈ ਹੁਣ ਉਹ ਹਾਈ ਕੋਰਟ ਦਾ ਰੁਖ ਕਰਨਗੇ। ਕੋਰਟ ਨੇ ਤਿੰਨੇ ਦੋਸ਼ੀਆਂ ਨੂੰ ਆਰਮਜ਼ ਐਕਟ ਅਤੇ ਸਾਜ਼ਿਸ਼ ਰਚਣ ਵਿੱਚ ਦੋਸ਼ੀ ਪਾਇਆ ਸੀ। ਪਰਵਾਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਦੋ ਮੁਲਜ਼ਮ ਹਾਲੇ ਵੀ ਫਰਾਰ ਹਨ, ਜਿਨ੍ਹਾਂ ਨੂੰ ਹਾਲੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ, ਉਹਨਾਂ ਨੂੰ ਵੀ ਜਲਦ ਤੋਂ ਜਲਦ ਗ੍ਰਿਫਤਾਰ ਕਰਨਾ ਚਾਹੀਦਾ ਹੈ। ਮਾਤਾ-ਪਿਤਾ ਨੇ ਕਿਹਾ ਕਿ ਸਾਡੇ ਦੋਵੇਂ ਬੇਟੇ ਪੜ੍ਹੇ-ਲਿਖੇ ਸਨ, ਉਹਨਾਂ ਨੂੰ ਸਾਜ਼ਿਸ਼ ਦੇ ਤਹਿਤ ਹੀ ਮਾਰਿਆ ਗਿਆ ਹੈ।



ਪੂਰਾ ਮਾਮਲਾ 2014 ਦਾ ਹੈ, ਜਦੋਂ ਹਰਿੰਦਰ ਸਿੰਘ (23) ਅਤੇ ਜਤਿੰਦਰ ਸਿੰਘ (25) ਨੂੰ ਪੁਲਸ ਵੱਲੋਂ ਮਾਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਕਈ ਸਾਲ ਕੇਸ ਚੱਲਣ ਤੋਂ ਬਾਅਦ ਇਸ ਮੁਕਾਬਲੇ ਨੂੰ ਫਰਜ਼ੀ ਮੰਨਿਆ ਗਿਆ। ਅਦਾਲਤ ਨੇ ਤਤਕਾਲੀ ਆਗੂ ਗੁਰਜੀਤ ਸਿੰਘ, ਕਾਂਸਟੇਬਲ ਯਾਦਵਿੰਦਰ ਸਿੰਘ ਅਤੇ ਹੋਮਗਾਰਡ ਜਵਾਨ ਅਜੀਤ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ ਤਿੰਨਾਂ ਨੂੰ ਸੋਮਵਾਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਕ ਹੋਰ ਹੋਮਗਾਰਡ ਜਵਾਨ ਬਲਦੇਵ ਸਿੰਘ ਨੂੰ ਬਰੀ ਕਰ ਦਿੱਤਾ ਸੀ, ਜਿਸ ਖਿਲਾਫ ਪਰਵਾਰ ਨੇ ਹਾਈ ਕੋਰਟ ਜਾਣ ਦਾ ਫੈਸਲਾ ਕੀਤਾ ਹੈ।

# ਸਰਾਰੀ ਦੀ ਬਰਖਾਸਤਗੀ ਲਈ ਸੜਕਾਂ 'ਤੇ ਉੱਤਰੀ ਕਾਂਗਰਸ, ਦਿੱਤਾ ਮੰਗ ਪੱਤਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਪੰਜਾਬ ਦੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਬਰਖਾਸਤਗੀ ਲਈ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਹਦਾਇਤਾਂ 'ਤੇ ਕਾਂਗਰਸ ਸੜਕਾਂ 'ਤੇ ਉਤਰਦੀ ਹੋਈ ਨਜ਼ਰ ਆਈ ਅਤੇ ਤਹਿਸੀਲਦਾਰ ਰਾਹੀਂ ਰਾਜਪਾਲ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ।

ਅੰਬੇਡਕਰ ਪਾਰਕ ਵਿਖੇ ਜ਼ਿਲ੍ਹਾ ਪ੍ਰਧਾਨ ਅਰੁਣ ਜੀਤਮੱਲ ਤੇ ਕਿਰਨਜੀਤ ਕੌਰ ਵਿਰਕ ਦੀ ਅਗਵਾਈ ਵਿੱਚ ਕਾਂਗਰਸ ਲੀਡਰਸ਼ਿਪ ਤੇ ਵਰਕਰਾਂ ਵੱਲੋਂ ਰੋਸ ਪ੍ਰਦਰਸਨ ਕੀਤਾ ਗਿਆ ਤੇ ਤਹਿਸੀਲਦਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਰੋਸ ਧਰਨੇ ਨੂੰ ਕੇਕੇ ਅਗਰਵਾਲ, ਮੋਹਨ ਲਾਲ ਝੂੰਬਾ, ਅਰੁਣ ਜੀਤਮੱਲ, ਰਾਜਨ ਗਰਗ, ਅਸ਼ੋਕ ਕੁਮਾਰ, ਕਿਰਨਜੀਤ ਸਿੰਘ ਗਹਿਰੀ, ਤੇਜਾ ਸਿੰਘ ਦੰਦੀਵਾਲ ਬਲਰਾਜ ਪੱਕਾ ਵੱਲੋਂ ਸੰਬੋਧਨ ਕੀਤਾ ਗਿਆ ਅਤੇ ਦੋਸ਼ ਲਾਏ ਕਿ ਪੰਜਾਬ ਸਰਕਾਰ 6 ਮਹੀਨਿਆਂ ਵਿੱਚ ਹੀ ਫੇਲ੍ਹ ਹੋ ਕੇ ਰਹਿ ਗਈ ਹੈ, ਕਿਉਂਕਿ ਚੋਣਾਂ ਵੇਲੇ ਕੀਤੇ ਕਿਸੇ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ।

ਇੱਥੋਂ ਤੱਕ ਕੇ ਮੰਤਰੀਆਂ ਦੀਆਂ ਹਿੱਸੇਦਾਰੀ ਮੰਗਣ ਦੀਆਂ ਆਡੀਓ ਵਾਇਰਲ ਹੋ ਰਹੀਆਂ ਹਨ, ਜਿਸ 'ਤੇ ਮੁੱਖ ਮੰਤਰੀ ਪੂਰੀ ਤਰ੍ਹਾਂ ਚੁੱਪ ਹਨ। ਇਸ ਮੌਕੇ ਬਲਾਕ ਪ੍ਰਧਾਨ ਮਨਜੀਤ ਸਿੰਘ, ਸੰਦੀਪ ਸਿੰਘ, ਕ੍ਰਿਸ਼ਨ ਸਿੰਘ, ਦਰਸ਼ਨ ਸਿੰਘ ਸੰਧੂ, ਸੁਖਦੀਪ ਸਿੰਘ, ਹਰਦੀਪ ਸਿੰਘ, ਜਗਜੀਤ ਸਿੰਘ ਜੱਗੀ, ਗੁਰਚਰਨ ਸਿੰਘ ਧਾਲੀਵਾਲ, ਅੰਗਰੇਜ਼ ਸਿੰਘ ਤੇ ਹਰਲਾਲ ਸਿੰਘ ਸਰਪੰਚ ਨੇ ਸੰਬੋਧਨ ਕਰਦੇ ਹੋਏ ਮੰਗ ਕੀਤੀ ਕਿ ਆਜ਼ਾਦੀ ਘੁਲਾਟੀਆ ਸੈਨਿਕ ਭਲਾਈ ਫੂਡ ਪ੍ਰੋਸੈਸਿੰਗ ਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਨੂੰ ਵਾਇਰਲ ਆਡੀਓ ਦੇ ਆਧਾਰ 'ਤੇ ਤੁਰੰਤ ਬਰਖਾਸਤ ਕੀਤਾ ਜਾਵੇ, ਕਿਉਂਕਿ ਆਡੀਓ ਵਿੱਚ ਠੇਕੇਦਾਰ ਤੋਂ ਪੈਸੇ ਠੱਗਣ ਦੀ ਬੇਸ਼ਰਮੀ ਨਾਲ ਸਾਜ਼ਿਸ਼ ਰਚਣ ਦਾ ਪਰਦਾਫਾਸ਼ ਹੋਇਆ ਹੈ।

ਉਨ੍ਹਾਂ ਦੋਸ਼ ਲਾਏ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ, ਪਰ ਮੁੱਖ ਮੰਤਰੀ ਪਿਛਲੇ ਕਈ ਦਿਨਾਂ ਤੋਂ ਗੁਜਰਾਤ ਵਿੱਚ ਪਾਰਟੀ ਦੇ ਚੋਣ ਪ੍ਰਚਾਰ ਲਈ ਵਿਅਸਤ ਹਨ। ਇਸ ਮੌਕੇ ਡਿਪਟੀ ਮੇਅਰ ਮਾਸਟਰ ਹਰਮੰਦਰ ਸਿੰਘ, ਮਲਕੀਤ ਸਿੰਘ, ਬੇਅੰਤ ਸਿੰਘ ਬਾਜਵਾ, ਜਗਰਾਜ ਸਿੰਘ, ਅਵਤਾਰ ਸਿੰਘ ਗੋਨਿਆਣਾ, ਬਲਜਿੰਦਰ ਸਿੰਘ ਠੇਕੇਦਾਰ, ਜਗਪਾਲ ਸਿੰਘ ਗੋਰਾ, ਰਾਮ ਵਿਰਕ, ਕ੍ਰਾਂਤੀ ਐਮ ਸੀ, ਮਮਤਾ ਸੈਣੀ ਐਮ ਸੀ, ਗੁਰਪ੍ਰੀਤ ਸਿੰਘ ਬੰਟੀ, ਜਸਵੀਰ ਸਿੰਘ ਜੱਸਾ, ਸੰਤੋਸ਼ ਰਾਣੀ ਮਹੰਤ, ਕਮਲੇਸ਼ ਮਹਿਰਾ, ਸੁਖਦੇਵ ਸਿੰਘ ਸੁੱਖਾ ਸਮੇਤ ਪਾਰਟੀ ਦੇ ਸੀਨੀਅਰ ਆਗੂ ਅਤੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰ ਹਾਜ਼ਰ ਸਨ, ਜਿਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਲੀਡਰਸ਼ਿਪ ਵੱਲੋਂ ਰੱਖੀ ਗਈ ਮੰਗ ਦੇ ਆਧਾਰ 'ਤੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੂੰ ਬਰਖਾਸਤ ਨਾ ਕੀਤਾ ਤਾਂ ਆਉਂਦੇ ਸਮੇਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਅਤੇ ਸੜਕਾਂ ਵੀ ਜਾਮ ਕੀਤੀਆਂ ਜਾਣਗੀਆਂ। ਇਸ ਪ੍ਰਦਰਸ਼ਨ ਮੌਕੇ ਵੱਡੀ ਗਿਣਤੀ ਵਿਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

# ਆਦਮਪੁਰ ਉਪ ਚੋਣ ਸਮੇਤ ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਡੇਰਾ ਮੁਖੀ ਨੂੰ ਪੈਰੋਲ ਮਿਲਣ ਦੇ ਅਸਾਰ

**ਸਿਰਸਾ (ਸੁਰਿੰਦਰ ਪਾਲ ਸਿੰਘ)** ਹਰਿਆਣਾ ਵਿੱਚ ਆਦਮਪੁਰ ਦੀਆਂ ਚੋਣਾਂ ਦੇ ਐਲਾਨ ਹੋਣ ਦੇ ਨਾਲ ਹੀ ਪੰਚਾਇਤੀ ਚੋਣਾਂ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਪਹਿਲੇ ਪੜਾਅ ਵਿੱਚ 9 ਜ਼ਿਲ੍ਹਿਆਂ ਵਿੱਚ ਪੰਚਾਇਤੀ ਚੋਣਾਂ ਹੋਣੀਆਂ ਹਨ। ਡੇਰਾ ਮੁਖੀ ਨੂੰ ਮਿਲਣ ਵਾਲੀ ਅਗਾਊਂ ਜ਼ਮਾਨਤ (ਫਰਲੋ) ਨੂੰ ਵੀ ਇਸ ਨਾਲ ਜੋੜਿਆ ਜਾ ਰਿਹਾ ਹੈ। ਸੂਤਰ ਦੱਸਦੇ ਹਨ ਕਿ ਜੇਕਰ ਡੇਰਾ ਮੁਖੀ ਜ਼ਮਾਨਤ 'ਤੇ ਆਉਂਦੇ ਹਨ ਤਾਂ ਉਨ੍ਹਾਂ ਦੀ ਪੈਰੋਲ ਮਿਆਦ ਦੌਰਾਨ ਡੇਰੇ ਦਾ ਸਿਆਸੀ ਵਿੰਗ ਸਮਰਥਨ ਦੀ ਰਣਨੀਤੀ ਬਣਾਏਗਾ, ਜਿਸ ਬਾਰੇ ਡੇਰੇ ਦੀਆਂ ਸੰਗਤਾਂ ਨੂੰ ਜਾਣੂ ਕਰਾਇਆ ਜਾਵੇਗਾ।

ਸਿਰਸਾ ਦੇ ਡੇਰਾ ਮੁਖੀ ਗੁਰਮੀਤ ਸਿੰਘ ਪੁੱਤਰ ਮੱਘਰ ਸਿੰਘ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਾਧਵੀ ਜਿਨਸੀ ਸੋਸ਼ਣ, ਪੱਤਰਕਾਰ ਛੱਤਰਪਤੀ ਤੇ ਰਣਜੀਤ ਸਿੰਘ ਕਤਲ ਕੇਸ ਵਿੱਚ ਦੋਹਰੀ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਡੇਰਾ ਮੁਖੀ ਦੇ ਇਸ ਵਾਰ ਪੈਰੋਲ 'ਤੇ ਆਉਣ ਤੋਂ ਬਾਅਦ ਉਹ ਰਾਜਸਥਾਨ ਜਾਂ ਸਿਰਸਾ ਜਾਂ ਡੇਰੇ 'ਚ ਹੀ ਠਹਿਰਨ ਲਈ ਡੇਰਾ ਪ੍ਰਬੰਧਕਾਂ ਵੱਲੋਂ ਦੋਵਾਂ ਥਾਂਵਾਂ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਡੇਰਾ ਮੁਖੀ ਦੀ ਪੈਰੋਲ ਨੂੰ ਆਦਮਪੁਰ ਉਪ ਚੋਣ ਤੇ ਪੰਚਾਇਤੀ ਚੋਣਾਂ ਨਾਲ ਵੀ ਜੋੜਿਆ ਜਾ ਰਿਹਾ ਹੈ।

ਜੇਲ੍ਹ ਨਿਯਮਾਂ ਮੁਤਾਬਕ ਡੇਰਾ ਮੁਖੀ ਨੂੰ ਸਾਲ ਵਿੱਚ ਕਰੀਬ 90 ਦਿਨ ਜੇਲ੍ਹ ਤੋਂ ਰਿਹਾਈ ਮਿਲ ਸਕਦੀ ਹੈ। ਜੇਲ੍ਹ ਤੋਂ ਲਿਖੇ ਆਪਣੇ ਪੱਤਰਾਂ ਵਿੱਚ ਵੀ ਡੇਰਾ ਮੁਖੀ ਨੇ ਪੈਰੋਕਾਰਾਂ ਨੂੰ ਜੋ ਸੰਦੇਸ਼ ਦਿੱਤਾ ਹੈ ਕਿ ਉਨ੍ਹਾਂ ਦੀਆਂ ਇੱਛਾਵਾਂ ਜਲਦੀ ਪੂਰੀਆਂ ਹੋਣ ਵਾਲੀਆਂ ਹਨ। ਚੇਤੇ ਰਹੇ ਕਿ ਡੇਰਾ ਮੁਖੀ ਪੰਜਾਬ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ 21 ਦਿਨਾਂ ਦੀ ਫਰਲੋ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ। ਉਸ ਸਮੇਂ ਡੇਰਾ ਸੱਚਾ ਸੌਦਾ ਮੁਖੀ ਨੂੰ 21 ਦਿਨਾਂ ਦੀ ਫਰਲੋ ਦਿੱਤੀ ਗਈ ਸੀ। ਇਹ ਫਰਲੋ ਇਸ ਲਈ ਵੀ ਮਹੱਤਵਪੂਰਨ ਹੈ ਕਿ ਪੂਰੇ ਹਰਿਆਣਾ ਵਿੱਚ ਵੋਟਰਾਂ ਤੇ ਡੇਰਾ ਸੱਚਾ ਸੌਦਾ ਦਾ ਸਿੱਧਾ ਪ੍ਰਭਾਵ ਹੈ।

# ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਵਿਸ਼ਾਲ ਨਗਰ ਕੀਰਤਨ

**ਅੰਮ੍ਰਿਤਸਰ, (ਜਸਬੀਰ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਸਭਾ-ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਙਿਆਂ ਦੀ ਗੂੰਜ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਆਰੰਭਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਨਾਲ ਹੋਈ। ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਜਿਉਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ, ਤਾਂ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਨਗਰ ਕੀਰਤਨ ਅੰਮ੍ਰਿਤਸਰ ਦੇ ਪੁਰਾਤਨ ਦਰਵਾਜ਼ਿਆਂ ਨੂੰ ਜੋੜਦੇ ਮਾਰਗ 'ਤੇ ਸਜਾਇਆ ਗਿਆ, ਜਿਥੇ ਵੱਖ-ਵੱਖ ਥਾਵਾਂ 'ਤੇ ਸੰਗਤਾਂ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤਾਂ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸ਼ਰਧਾ ਪ੍ਰਗਟਾਈ, ਉਥੇ ਹੀ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਰਸਤੇ ਨਗਰ ਕੀਰਤਨ ਨਾਲ ਚੱਲਦੀਆਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਕੇ ਚੌਥੇ ਪਾਤਸ਼ਾਹ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰ ਰਹੀਆਂ ਸਨ।

ਨਗਰ ਕੀਰਤਨ 'ਚ ਸ਼ਾਮਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਸੰਗਤ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਦੇਸ਼-ਵਿਦੇਸ਼ ਤੋਂ ਲਿਆਂਦੇ ਫੁੱਲਾਂ ਨਾਲ ਸਜਾਇਆ ਗਿਆ ਹੈ। ਦੇਸ਼-ਵਿਦੇਸ਼ ਤੋਂ ਮੰਗਵਾਏ ਗਏ ਵੱਖ-ਵੱਖ ਕਿਸਮਾਂ ਦੇ ਵੱਡੀ ਮਾਤਰਾ ਵਿਚ ਫੁੱਲ ਸ੍ਰੀ ਦਰਬਾਰ ਸਾਹਿਬ ਦੇ ਵੱਖ-ਵੱਖ ਹਿੱਸਿਆਂ ਵਿਚ ਸੰਗਤ ਲਈ ਖਿੱਚ ਦਾ ਕੇਂਦਰ ਬਣੇ ਹਨ। ਫੁੱਲਾਂ ਦੀ ਸਜਾਵਟ ਮੁੰਬਈ ਦੀਆਂ ਸੰਗਤਾਂ ਨੇ ਕੀਤੀ ਹੈ ਅਤੇ ਕਰੀਬ 30 ਟਨ ਫੁੱਲਾਂ ਦੀ ਵਰਤੋਂ ਹੋਈ ਹੈ। ਇਸ ਕਾਰਜ ਲਈ ਕਲਕੱਤਾ ਅਤੇ ਦਿੱਲੀ ਤੋਂ 100 ਦੇ ਕਰੀਬ ਕਾਰੀਗਰ ਲਗਾਏ ਗਏ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਿਸ਼ਵ 'ਚ ਵਸਦੀ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਸੇਧ ਲੈਣ ਦੀ ਅਪੀਲ ਕੀਤੀ । ਉਨ੍ਹਾ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਮਨੁੱਖਤਾ ਨੂੰ ਹਰ ਪੱਖ ਤੋਂ ਅਗਵਾਈ ਦੇਣ ਵਾਲਾ ਹੈ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲ ਕੇ ਗੁਰਸਿੱਖੀ ਜੀਵਨ ਬਤੀਤ ਕਰੇ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾ ਦੀਆਂ ਸਿੱਖਿਆਵਾਂ ਵਿੱਚੋਂ ਨਿਮਰਤਾ, ਸੇਵਾ, ਸਿਮਰਨ, ਹਲੀਮੀ, ਸਹਿਜ ਆਦਿ ਦੇ ਗੁਣ ਪ੍ਰਗਟ ਹੁੰਦੇ ਹਨ, ਜੋ ਮਨੁੱਖੀ ਜੀਵਨ ਨੂੰ ਸੁਖਾਵਾਂ ਅਤੇ ਮੁਕੰਮਲ ਬਣਾਉਣ ਵਿਚ ਵੱਡਾ ਮਹੱਤਵ ਰੱਖਦੇ ਹਨ। ਉਨ੍ਹਾ ਕਿਹਾ ਕਿ ਸਿੱਖ ਸਿਧਾਂਤਾਂ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਅਤੇ ਗੁਰਮਤਿ ਰਹਿਣੀ ਦੇ ਧਾਰਨੀ ਹੋਣਾ ਗੁਰੂ ਸਾਹਿਬ ਦੇ ਪਵਿੱਤਰ ਪ੍ਰਕਾਸ਼ ਦਿਹਾੜੇ ਮੌਕੇ ਸਭ ਦਾ ਪਰਮ-ਧਰਮ ਕਰਤੱਵ ਹੈ।

# ਵਿਜੀਲੈਂਸ ਵੱਲੋਂ ਸਹਿਕਾਰੀ ਸਭਾ ਦਾ ਸਹਾਇਕ ਰਜਿਸਟਰਾਰ 20,000 ਰੁਪਏ ਰਿਸ਼ਵਤ ਲੈਂਦਾ ਰੰਗੇ-ਹੱਥੀਂ ਕਾਬੂ

**ਚੰਡੀਗੜ੍ਹ ਗੁਰਜੀਤ ਬਿੱਲਾ)** : ਪੰਜਾਬ ਵਿਜੀਲੈਂਸ ਬਿਊਰੋ ਨੇ ਦਵਿੰਦਰ ਕੁਮਾਰ, ਸਹਾਇਕ ਰਜਿਸਟਰਾਰ, ਕੋ-ਆਪ੍ਰੇਟਿਵ ਅਤੇ ਮਾਰਕੀਟਿੰਗ ਸੋਸਾਇਟੀ, ਦਸੂਹਾ, ਜ਼ਿਲ੍ਹਾ ਹੁਸਿਆਰਪੁਰ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਹੈ। ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦਵਿੰਦਰ ਕੁਮਾਰ ਨੂੰ ਸ਼ਿਕਾਇਤਕਰਤਾ ਤਜਿੰਦਰ ਸਿੰਘ ਪਿੰਡ ਬੇਰਛਾ, ਜ਼ਿਲ੍ਹਾ ਹੁਸਿਆਰਪੁਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ ਜੋ ਉਸ ਵਿਰੁੱਧ ਵਿਰੁੱਧ ਚੱਲ ਰਹੀ ਗਬਨ ਦੀ ਪੜਤਾਲ ਉਸਦੇ ਹੱਕ ਵਿੱਚ ਕਰਨ ਬਦਲੇ ਰਿਸ਼ਵਤ ਮੰਗ ਰਿਹਾ ਸੀ। ਉਨਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਕੋਲ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਜਦੋਂ ਉਹ ਬਤੌਰ ਮੈਨੇਜਰ, ਕੋ-ਆਪ੍ਰੇਟਿਵ ਸੋਸਾਇਟੀ, ਟਾਂਡਾ ਵਿਖੇ ਤਾਇਨਾਤ ਸੀ ਤਾਂ ਉਸ ਵਕਤ ਦਵਿੰਦਰ ਕੁਮਾਰ, ਸਹਾਇਕ ਰਜਿਸਟਰਾਰ, ਕੋ-ਆਪ੍ਰੇਟਿਵ ਸੋਸਾਇਟੀ ਅਤੇ ਮਾਰਕੀਟਿੰਗ ਸੋਸਾਇਟੀ ਦਸੂਹਾ ਹੁਣ ਵਾਧੂ ਚਾਰਜ ਡਿਪਟੀ ਰਜਿਸਟਰਾਰ ਕੋ-ਆਪ੍ਰੇਟਿਵ ਸੋਸਾਇਟੀ ਹੁਸ਼ਿਆਰਪੁਰ ਨੇ ਉਸ ਖਿਲਾਫ ਗਬਨ ਦਾ ਕੇਸ ਬਣਾਇਆ ਸੀ। ਇਸ ਕੇਸ ਦੇ ਖਿਲਾਫ ਰਜਿਸਟਰਾਰ ਕੋ-ਆਪ੍ਰੇਟਿਵ ਸੋਸਾਇਟੀਜ਼ ਪੰਜਾਬ, ਚੰਡੀਗੜ੍ਹ ਕੋਲ ਦਾਖਲ ਅਪੀਲ ਦੀ ਪੜਤਾਲ ਉਪਰੰਤ ਫੈਸਲਾ ਉਸਦੇ ਹੱਕ ਵਿੱਚ ਹੋਣ ਦੇ ਬਾਵਜੂਦ ਵੀ ਉਕਤ ਮੁਲਜਮ ਦਵਿੰਦਰ ਕੁਮਾਰ, ਸਹਾਇਕ ਰਜਿਸਟਰਾਰ ਨੇ ਉਸਨੂੰ ਡਿਊਟੀ ਉਪਰ ਜੁਆਇੰਨ ਨਹੀਂ ਕਰਵਾਇਆ ਸਗੋਂ ਉਸਦੇ ਖਿਲਾਫ ਇਕ ਹੋਰ ਗਬਨ ਕੇਸ ਦੀ ਰਿਕਵਰੀ ਸਬੰਧੀ ਜਾਂਚ ਖੋਲ੍ਹ ਦਿੱਤੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਮੁਲਜਮ ਦਵਿੰਦਰ ਕੁਮਾਰ ਪਹਿਲਾਂ ਵੀ ਉਸ ਪਾਸੋਂ 5,000 ਰੁਪਏ ਬਤੌਰ ਰਿਸ਼ਵਤ ਲੈ ਚੁੱਕਾ ਹੈ ਅਤੇ ਹੁਣ ਇਸ ਗਬਨ ਕੇਸ ਦੀ ਜਾਂਚ ਉਸਦੇ ਹੱਕ ਵਿੱਚ ਕਰਨ ਬਦਲੇ 50,000 ਰੁਪਏ ਮੰਗ ਰਿਹਾ ਹੈ। ਵਿਜੀਲੈਂਸ ਵਲੋਂ ਸ਼ਿਕਾਇਤਕਰਤਾ ਵਲੋਂ ਲਾਏ ਦੋਸਾਂ ਦੀ ਪੜਤਾਲ ਉਪਰੰਤ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਉਕਤ ਮੁਲਜਮ ਨੂੰ ਸ਼ਿਕਾਇਤਕਰਤਾ ਪਾਸੋਂ 20,000/- ਰੁਪਏ ਰਿਸ਼ਵਤ ਲੈਂਦੇ ਨੂੰ ਰੰਗੇ ਹੱਥੀ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਵਿੱਚ ਮੁਕੱਦਮਾ ਨੰਬਰ: 20 ਮਿਤੀ 10.10.2022 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਥਾਣਾ ਵਿਜੀਲੈਂਸ ਬਿਓਰੋ, ਜਲੰਧਰ ਵਿਖੇ ਦਰਜ ਕਰ ਲਿਆ ਹੈ ਅਤੇ ਇਸ ਸਬੰਧੀ ਹੋਰ ਤਫਤੀਸ਼ ਜਾਰੀ ਹੈ।

# ਸੀ ਐੱਚ ਸੀ ਕੋਟ ਈਸੇ ਖਾਂ ਵਿਖੇ ਮੈਂਟਲ ਹੈੱਲਥ ਦਿਵਸ ਮਨਾਇਆ



**ਕੋਟ ਈਸੇ ਖਾਂ, (ਅਰੋੜਾ)** ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸਿਵਲ ਸਰਜਨ ਮੋਗਾ ਡਾਕਟਰ ਸਤਿੰਦਰ ਪਾਲ ਸਿੰਘ ਦੇ ਹੁਕਮਾਂ ਮੁਤਾਬਕ ਤੇ ਸੀਨੀਅਰ ਮੈਡੀਕਲ ਅਫ਼ਸਰ ਇੰਦਰਵੀਰ ਗਿੱਲ ਦੀ ਅਗਵਾਈ ਹੇਠ ਬਲਾਕ ਕੋਟ ਈਸੇ ਖਾਂ ਵਿਖੇ ਮੈਂਟਲ ਹੈਲਥ ਦਿਵਸ ਮਨਾਇਆ ਗਿਆ। ਇਸ ਸਮੇਂ ਭਾਈ ਘਨੱਈਆ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਨੇ ਮਾਨਸਿਕ ਸਿਹਤ ਲਈ ਜਾਗਰੂਕਤਾ ਫੈਲਾਉਣ ਲਈ ਅਦਾਕਾਰੀ ਤੇ ਨੁੱਕੜ ਨਾਟਕ ਖੇਡਿਆ। ਪ੍ਰੋਗਰਾਮ ਦਾ ਆਗਾਜ਼ ਕਰਨ ਲਈ ਸ਼ਮਾ ਜਲਾਉਣ ਦੀ ਰਸਮ ਪ੍ਰਿੰਸੀਪਲ ਭਾਈ ਘਨੱਈਆ ਨਰਸਿੰਗ ਕਾਲਜ ਤੇ ਸਮੂਹ ਮੈਡੀਕਲ ਅਫ਼ਸਰ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਭਾਈ ਘਨੱਈਆ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਦਲਜੀਤ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕੁਲਵੰਤ ਕੌਰ ਕੌਂਸਲਰ ਨਸ਼ਾ ਛਡਾਓ ਕੇਂਦਰ ਕੋਟ ਇਸੇ ਖਾਂ ਨੇ ਮਰੀਜ਼ਾਂ ਦੀ ਮਾਨਸਿਕ ਸਿਹਤ ਤੰਦਰੁਸਤ ਰੱਖਣ ਲਈ ਕਾਉਂਸਲਿੰਗ ਕੀਤੀ ਤੇ ਦੱਸਿਆ ਕਿ ਛੋਟੀ ਜਿਹੀ ਚਿੰਤਾ ਵੱਡੀ ਬਿਮਾਰੀ ਦਾ ਰੂਪ ਧਾਰਨ ਕਰ ਸਕਦੀ ਹੈ, ਸੋ ਹਰ ਗੱਲ ਸਾਂਝੀ ਕਰਨ 'ਚ ਗੁਰੇਜ਼ ਨਹੀਂ ਕਰਨਾ ਚਾਹੀਦਾ ਤੇ ਕਿਸੇ ਵੀ ਗੱਲ ਨੂੰ ਐਨੀ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ ਕਿ ਤੁਹਾਡੀ ਸਭ ਤੋਂ ਕੀਮਤੀ ਜ਼ਿੰਦਗੀ ਖ਼ਰਾਬ ਕਰ ਦੇਵੇ ਕਿਉਂਕਿ ਹਰ ਇੱਕ ਦਾ ਜੀਵਨ ਬਹੁਤ ਅਨਮੁੱਲਾ ਹੁੰਦਾ ਹੈ।

ਵਿਦਿਆਰਥੀਆਂ ਦੁਆਰਾ ਦੁਆਰਾ ਇਹ ਦੱਸਿਆ ਗਿਆ ਹੈ ਨੂੰ ਆਪਣੇ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਸਰੀਰਕ ਕਸਰਤ ਕਰਨੀ ਚਾਹੀਦੀ ਹੈ ਤੇ ਮੈਦਾਨੀ ਖੇਡਾਂ ਖੇਡਣੀਆਂ ਚਾਹੀਦੀਆਂ ਹਨ। ਇਸ ਮੌਕੇ ਬਲਾਕ ਐਜੂਕੈਟਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਵਿਖੇ ਡਾਕਟਰ ਤੇ ਕੌਂਸਲਰ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ ਨੂੰ ਦਵਾਈ ਤੇ ਥਰੈਪੀ ਨਾਲ਼ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਸੋ ਸਰੀਰਕ ਬਿਮਾਰੀ ਵਾਂਗ ਹੀ ਮਾਨਸਿਕ ਬਿਮਾਰੀ ਦਾ ਇਲਾਜ ਆਪ ਅੱਗੇ ਹੋ ਕੇ ਕਰਾ ਲੈਣਾ ਚਾਹੀਦਾ ਹੈ। ਇਸ ਮੌਕੇ ਕੋਟ ਈਸੇ ਖਾਂ ਦੇ ਸਮੂਹ ਮੈਡੀਕਲ ਅਫਸਰ ਡਾਕਟਰ ਸੁਖਮਨਦੀਪ ਕੌਰ, ਡਾਕਟਰ ਮਨਿੰਦਰ ਬਾਵਾ, ਡਾਕਟਰ ਸਮਰਪ੍ਰੀਤ ਕੌਰ ਸੋਢੀ, ਡਾਕਟਰ ਰਣਜੀਤ ਬਿੰਦ, ਰਜਿੰਦਰ ਸਿੰਘ, ਪ੍ਰਿੰਸ ਸ਼ਰਮਾ, ਰਜਵਿੰਦਰ ਸਿੰਘ ਆਦਿ ਹਾਜ਼ਰ ਰਹੇ।

# ਪੰਜਾਬ ਪਬਲਿਕ ਸਕੂਲ ਵਿਖੇ ਪਹਿਲਾ ਆਈ ਪੀ ਐੱਸ ਸੀ ਸਾਹਿਤ ਸੰਮੇਲਨ



**ਨਾਭਾ (ਵਰਿੰਦਰ ਵਰਮਾ)** ਪੰਜਾਬ ਪਬਲਿਕ ਸਕੂਲ ਵਿੱਚ ਦੋ ਦਿਨਾਂ ਤੋਂ ਚੱਲ ਰਿਹਾ ਪਹਿਲਾ ਆਈਪੀਐਸਸੀ ਸਾਹਿਤ ਸੰਮੇਲਨ ਸਮਾਪਤ ਹੋ ਗਿਆ। ਆਈ ਪੀ ਐਸ ਸੀ ਦੇ ਪਹਿਲੇ ਸਾਹਿਤ ਸੰਮੇਲਨ ਵਿੱਚ ਦੇਸ਼ ਭਰ ਤੋਂ ਚੋਟੀ ਦੇ ਤੇਰਾਂ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ, ਜਿਸ ਵਿਚ ਆਰਮੀ ਪਬਲਿਕ ਸਕੂਲ ਡਿਗਸ਼ਈ, ਪਾਈਨ ਗਰੋਵ ਸਕੂਲ ਧਰਮਪੁਰ, ਮਿਊ ਕਾਲਜ ਅਜਮੇਰ, ਡੇਲੀ ਕਾਲਜ ਇੰਦੌਰ, ਐਮਰਲਡ ਹਾਈਟਸ ਸਕੂਲ ਇੰਦੌਰ ਤੇ ਰਾਜ ਕੁਮਾਰ ਕਾਲਜ ਰਾਏਪੁਰ ਆਦਿ। ਸਾਹਿਤ ਸੰਮੇਲਨ ਦੇ ਪਹਿਲੇ ਦਿਨ ਮੁੱਖ ਮਹਿਮਾਨ ਦੀ ਭੂਮਿਕਾ ਡਾ. ਸੁਦੀਪ ਭੰਗੂ, ਸਾਬਕਾ ਪ੍ਰਿੰਸੀਪਲ ਮਹਿੰਦਰਾ ਕਾਲਜ ਪਟਿਆਲਾ ਨੇ ਨਿਭਾਈ। ਸਾਹਿਤ ਸੰਮੇਲਨ ਵਿੱਚ ਅੰਗਰੇਜ਼ੀ ਤੇ ਹਿੰਦੀ ਵਿਸ਼ਿਆਂ ਨਾਲ ਸਬੰਧਤ ਵੱਖ-ਵੱਖ ਪ੍ਰਤੀਯੋਗਤਾਵਾਂ ਦਾ ਆਯੋਜਨ ਕੀਤਾ ਗਿਆ। ਇਸੇ ਤਰ੍ਹਾਂ ਸਾਹਿਤ ਸੰਮੇਲਨ ਦੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਡਾ. ਰਜੇਸ਼ ਸ਼ਰਮਾ ਅੰਗਰੇਜ਼ੀ ਵਿਭਾਗ ਮੁਖੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਨਿਭਾਈ।

ਉਨ੍ਹਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਟਰਾਫ਼ੀਆਂ ਨਾਲ ਨਿਵਾਜ਼ਿਆ। ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦੇ ਹੋਏ ਆਖਿਆ ਕਿ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਸਾਹਿਤ ਸੰਮੇਲਨ ਵਿੱਚ ਪੰਜਾਬ ਪਬਲਿਕ ਸਕੂਲ ਨਾਭਾ ਦੇ ਵਿਦਿਆਰਥੀਆਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਗਰੇਜ਼ੀ ਕਹਾਣੀ ਰਚਨਾ ਵਿੱਚ ਹਰਸ਼ਵਰਧਨ ਪਾਲ ਸਿੰਘ ਗਰੇਵਾਲ ਨੇ ਤੀਜਾ ਸਥਾਨ ਹਾਸਲ ਕੀਤਾ।

ਪੰਜਾਬ ਪਬਲਿਕ ਸਕੂਲ ਨਾਭਾ ਦੀ ਗਰਿਮਾ ਤਾਇਲ ਵੀ ਹਿੰਦੀ ਕਹਾਣੀ ਰਚਨਾ ਵਿੱਚ ਤੀਜੇ ਸਥਾਨ 'ਤੇ ਰਹੀ। ਡ੍ਰਾਮੈਟਿਕ ਮੋਨੋਲਾਗ ਵਿੱਚ ਨੈਨਾ ਬਾਠ ਦੂਜੇ ਸਥਾਨ 'ਤੇ ਰਹੀ ਅਤੇ ਬਰੌਸ਼ਰ ਡਿਜ਼ਾਈਨਿੰਗ ਵਿੱਚ ਸਰਬਜੀਤ ਸਿੰਘ ਅਤੇ ਮਨਜੋਤ ਕੌਰ ਤੀਜੇ ਸਥਾਨ 'ਤੇ ਰਹੇ। ਸਾਹਿਤ ਸੰਮੇਲਨ ਦੀ ਓਵਰਆਲ ਟਰਾਫ਼ੀ ਐੱਲ ਕੇ ਸਿੰਘਾਨੀਆ ਐਜੂਕੇਸ਼ਨ ਸੈਂਟਰ ਗੋਟਨ ਨੇ ਹਾਸਲ ਕੀਤੀ। ਸਮਾਗਮ ਦੇ ਅੰਤ ਵਿੱਚ ਸਕੂਲ ਹੈਡਮਾਸਟਰ ਡਾ ਡੀ ਸੀ ਸ਼ਰਮਾ ਨੇ ਵਿਦਿਆਰਥੀਆਂ ਅਤੇ ਆਏ ਹੋਏ ਮਹਿਮਾਨਾਂ ਦਾ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਜ਼ਿਮੀਂਦਾਰਾ ਟ੍ਰੈਕਟਰਜ਼ ਸੋਨਾਲੀਕਾ ਏਜੰਸੀ ਹਵੇਲੀ ਤੋਂ ਨੈਸ਼ਨਲ ਹਾਈਵੇ 'ਤੇ ਹੋਈ ਸ਼ਿਫ਼ਟ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਜ਼ਮੀਂਦਾਰਾਂ ਟ੍ਰੈਕਟਰਜ ਸੋਨਾਲੀਕਾ ਏਜੰਸੀ ਜੋ ਪਹਿਲੇ ਕੋਟਕਪੂਰਾ ਰੋਡ, ਆਪੋਜਿਟ ਗੰਨਾ ਮਿਲ, ਹਵੇਲੀ ਦੇ ਨਾਲ ਸਥਿਤ ਸੀ। ਉਹ ਉੱਥੋਂ ਬਦਲ ਕੇ ਹਾਈਵੇ ਰੋਡ ਨੰਬਰ-54, ਨੇੜੇ ਚਹਿਲ ਪੁਲ ਫ਼ਰੀਦਕੋਟ ਵਿਖੇ ਸ਼ਿਫਟ ਕਰ ਦਿੱਤੀ ਗਈ ਹੈ। ਉਦਘਾਟਨ ਮੌਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਇਆ ਗਿਆ ਤੇ ਹਜ਼ਾਰਾਂ ਦੀ ਤਾਦਾਤ 'ਚ ਕਿਸਾਨਾਂ ਦੇ ਹਜੂਮ ਨੇ ਪਹੁੰਚ ਕੇ ਇਥੇ ਮੱਥਾ ਟੇਕਿਆ, ਉਪਰੰਤ ਲੰਗਰ ਵੀ ਲਾਇਆ ਗਿਆ।

ਇਸ ਮੌਕੇ ਜ਼ਮੀਂਦਾਰਾਂ ਟ੍ਰੈਕਟਰਜ ਸੋਨਾਲੀਕਾ ਏਜੰਸੀ ਦੇ ਐਮ.ਡੀ ਪ੍ਰਿਤਪਾਲ ਸਿੰਘ ਗਿੱਲ ਤੇ ਐਮ.ਡੀ ਜਗਸੀਰ ਸਿੰਘ ਕਲਸੀ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਕਿਸਾਨਾਂ ਨੂੰ ਸੁਪਰ ਸੀਡਰ, ਬੇਲਰ ਤੇ ਹੋਰ ਸੰਦਾਂ ਬਾਰੇ ਜਾਣਕਾਰੀ ਦਿੱਤੀ।

ਅੰਤ 'ਚ ਕਿਸਾਨਾਂ ਦੁਆਰਾ ਖਰੀਦੇ ਗਏ ਨਵੇਂ ਟਰੈਕਟਰਾਂ ਦੀਆਂ ਚਾਬੀਆਂ ਵੀ ਐਮ.ਡੀ. ਨੇ ਕਿਸਾਨ ਟਰੈਕਟਰ ਮਾਲਕਾਂ ਨੂੰ ਸੌਂਪੀਆਂ। ਇਸ ਮੌਕੇ ਸਮੂਹ ਕਿਸਾਨਾਂ ਵੱਲੋਂ ਏਜੰਸੀ ਮਾਲਕਾਂ ਦਾ ਧੰਨਵਾਦ ਕੀਤਾ ਤੇ ਸ਼ੁਭਕਾਮਨਾਵਾਂ ਦਿੱਤੀਆਂ।

# ਭਾਰਤੀ ਕਿਸਾਨ ਯੂਨੀਅਨ ਨੇ ਪਰਾਲੀ ਸੰਬੰਧੀ ਕੀਤੀ ਅਹਿਮ ਮੀਟਿੰਗ

**ਮਾਨਸਾ (ਪਰਮਦੀਪ ਰਾਣਾ)** ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਾਜਰ ਸਿੰਘ ਖਿਆਲਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਹੋਈ।

ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਚੱਕ ਭਾਈਕੇ ਨੇ ਕਿਹਾ ਕਿ ਪਰਾਲੀ ਦਾ ਮੁੱਦਾ ਪੰਜਾਬ ਸਰਕਾਰ ਵੱਲੋਂ ਅਦਾਲਤਾਂ ਦੇ ਹੁਕਮਾਂ 'ਤੇ ਅਮਲ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ। ਕਿਸਾਨ ਆਗੂ ਨੇ ਦੱਸਿਆ ਕਿ 10 ਦਸੰਬਰ 2015 ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਸਰਕਾਰਾਂ ਨੂੰ ਇੱਕ ਹੁਕਮ ਜਾਰੀ ਕੀਤਾ ਸੀ ਕਿ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ 2 ਏਕੜ ਜ਼ਮੀਨ ਵਾਲੇ ਕਿਸਾਨਾਂ ਦੀ ਪਰਾਲੀ ਦੀ ਸਾਂਭ-ਸੰਭਾਲ ਸਰਕਾਰ ਵੱਲੋਂ ਕੀਤੀ ਜਾਵੇਗੀ। ਇਸ ਕੰਮ ਵਾਸਤੇ ਇਨ੍ਹਾਂ ਕਿਸਾਨਾਂ ਦਾ ਆਪਣਾ ਕੋਈ ਖਰਚਾ ਨਹੀਂ ਹੋਵੇਗਾ। ਇਸ ਤੋਂ ਉੱਪਰ ਜ਼ਮੀਨ ਦੀ ਮਾਲਕੀ



ਵਾਲੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਲਈ ਕਿਸਾਨਾਂ ਦੇ ਹੋਣ ਵਾਲੇ ਵਾਧੂ ਖਰਚੇ ਦੀ ਪੂਰਤੀ ਲਈ ਸਰਕਾਰ ਇਨ੍ਹਾਂ ਕਿਸਾਨਾਂ ਨੂੰ 1000/ਰੁਪਏ ਪ੍ਰਤੀ ਏਕੜ ਸਹਾਇਤਾ ਰਾਸ਼ੀ ਦੇਵੇਗੀ।

ਇਸ ਤੋਂ ਇਲਾਵਾ ਪਰਾਲੀ ਦੇ ਸੰਬੰਧ 'ਚ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਿਖੇ ਚੱਲ ਰਹੀ ਇੱਕ ਪਟੀਸ਼ਨ ਦੌਰਾਨ 6 ਨਵੰਬਰ 2019 ਨੂੰ ਹੁਕਮ ਰਾਹੀਂ ਸਰਕਾਰਾਂ ਨੂੰ ਹਦਾਇਤ ਕੀਤੀ ਸੀ ਕਿ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਪਰਾਲੀ ਦੇ ਵਜ਼ਨ ਅਨੁਸਾਰ ਕਿਸਾਨਾਂ ਨੂੰ 100/ ਰੁਪਏ ਪ੍ਰਤੀ ਕੁਇੰਟਲ ਸਹਾਇਤਾ ਰਾਸ਼ੀ ਦਿੱਤੀ ਜਾਵੇ, ਜੋ ਤਕਰੀਬਨ 2500/ ਰੁਪਏ ਪ੍ਰਤੀ ਏਕੜ ਬਣਦੀ ਹੈ। ਪ੍ਰੰਤੂ ਇਨ੍ਹਾਂ ਹੁਕਮਾਂ 'ਤੇ ਕਿਸੇ ਵੀ ਸਰਕਾਰ ਨੇ ਅਮਲ ਨਹੀਂ ਕੀਤਾ, ਸਗੋਂ ਕਿਸਾਨਾਂ ਖਿਲਾਫ਼ ਸਖ਼ਤੀ ਵਰਤਣ ਲਈ ਹੀ ਕਦਮ ਚੁੱਕੇ ਜਾਂਦੇ ਹਨ, ਜਦੋਂਕਿ ਸਹਾਇਤਾ ਰਾਸ਼ੀ ਤੋਂ ਬਿਨਾਂ ਪਰਾਲੀ ਦੀ ਸਾਂਭ-ਸੰਭਾਲ ਕਿਸਾਨਾਂ ਲਈ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ, ਜਿਸ ਕਰਕੇ ਪਰਾਲੀ ਨੂੰ ਅੱਗ ਲਾਉਣਾ ਕਿਸਾਨਾਂ ਦਾ ਸ਼ੌਕ ਨਹੀਂ ਮਜਬੂਰੀ ਹੈ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਖੁਦ ਹੈ। ਇੱਕ ਹੋਰ ਮਤੇ ਰਾਹੀਂ ਜੀਰੀ ਦੀ ਖਰੀਦ ਲਈ ਮੰਡੀਆਂ 'ਚ ਮਾਰਕੀਟ ਕਮੇਟੀਆਂ ਵੱਲੋਂ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਬਲਾਕ ਪੱਧਰੀ ਕਮੇਟੀਆਂ ਬਣਾਈਆਂ ਗਈਆਂ ਹਨ ਤਾਂ ਜੁ ਕਿਸਾਨਾਂ ਨੂੰ ਜੀਰੀ ਦੀ ਖਰੀਦ ਸਮੇਂ ਆਉਣ ਵਾਲੀਆਂ ਮੁਸ਼ਕਲਾਂ 'ਤੇ ਨਜ਼ਰ ਰੱਖ ਕੇ ਇਨ੍ਹਾਂ ਮੁਸ਼ਕਲਾਂ ਦਾ ਤੁਰੰਤ ਹੱਲ ਕਰਾਇਆ ਜਾ ਸਕੇ।

ਮੀਟਿੰਗ ਦੌਰਾਨ ਮਹਿੰਦਰ ਸਿੰਘ ਦਲੇਲ ਸਿੰਘ ਵਾਲਾ, ਅਵਤਾਰ ਸਿੰਘ ਰੱਲਾ, ਮਲਕੀਤ ਸਿੰਘ ਤੇ ਪਰਮਜੀਤ ਸਿੰਘ ਗਾਗੋਵਾਲ, ਗੁਰਜੰਟ ਸਿੰਘ ਤੇ ਪਰਮਜੀਤ ਸਿੰਘ ਸਤੀਕੇ, ਮਹਿੰਦਰ ਸਿੰਘ ਗੁੜੱਦੀ ਤੇ ਸਰਦੂਲ ਸਿੰਘ ਖਿਆਲਾ ਆਦਿ ਨੇ ਵੀ ਸੰਬੋਧਨ ਕੀਤਾ।

# ਝੋਨੇ ਦੇ ਸੀਜ਼ਨ ਦੌਰਾਨ ਕਿਸੇ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ : ਧਾਲੀਵਾਲ

**ਮਖੂ (ਰਛਪਾਲ ਸਿੰਘ ਸੰਧੂ):** ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ। ਕੈਬਨਿਟ ਮੰਤਰੀ ਤੇ ਵਿਧਾਇਕ ਵੱਲੋਂ ਆੜ੍ਹਤੀਆਂ, ਕਿਸਾਨਾਂ, ਮਜ਼ਦੂਰਾਂ ਤੇ ਟਰੱਕਾਂ ਵਾਲਿਆਂ ਦੀਆਂ ਦੁੱਖ ਤਕਲੀਫ਼ਾਂ ਸੁਣੀਆਂ।

ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਸਾਨਾਂ ਨੂੰ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣ ਦੀ ਬਜਾਏ ਖੇਤਾਂ ਵਿੱਚ ਹੀ ਵਾਹੁਣ ਦੀ ਅਪੀਲ ਕਰਦਿਆਂ ਕਿਹਾ ਕਿ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਜਿਥੇ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ, ਉੱਥੇ ਰਹਿੰਦ-ਖੂੰਹਦ ਨੂੰ ਅੱਗ ਲਾਉਣ ਤੇ ਧੂੰਏਂ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ ਤੇ ਖੇਤਾਂ ਵਿਚ ਮਿੱਤਰ ਕੀੜੇ ਵੀ ਮਰ ਜਾਂਦੇ ਹਨ।

ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫ਼ਸਲ ਖਰੀਦਣ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ। ਝੋਨੇ ਦੇ ਸੀਜ਼ਨ ਦੌਰਾਨ ਆੜ੍ਹਤੀਆਂ, ਕਿਸਾਨਾਂ, ਮਜ਼ਦੂਰਾਂ ਤੇ ਟਰੱਕਾਂ ਵਾਲਿਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਜੇ ਝੋਨੇ ਦੀ ਖਰੀਦ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਵਿਧਾਇਕ ਨਰੇਸ਼ ਕਟਾਰੀਆ ਨੂੰ ਦੱਸ ਸਕਦੇ ਹਨ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਯੂਥ ਆਗੂ ਪਵਨ ਕਟਾਰੀਆ, ਪ੍ਰਸ਼ਾਂਤ ਕਟਾਰੀਆ, ਜਰਨੈਲ ਸਿੰਘ ਸੰਧੂ, ਆੜ੍ਹਤੀਆ ਐਸੋਸੀਏਸ਼ਨ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਪ੍ਰਧਾਨ ਰਜੀਵ ਠੁਕਰਾਲ ਲੱਕੀ, ਮਹਿਲ ਸਿੰਘ ਵੜ੍ਹਿਆਂ, ਪ੍ਰਦੀਪ ਕੱਕੜ, ਬਲਵਿੰਦਰ ਠੁਕਰਾਲ, ਰਜੇਸ਼ ਗਾਂਧੀ ਮਿੰਟਾ, ਰਜਿੰਦਰ ਖੁਰਾਣਾ ਕਾਲਾ, ਬਲਵਿੰਦਰ ਸਿੰਘ ਕਟਾਰੀਆ, ਹਰਜਿੰਦਰ ਸਿੰਘ ਸਰਪੰਚ, ਰਣਜੀਤ ਸਿੰਘ ਰਾਣਾ ਬਾਹਰਵਾਲੀ, ਕਾਬਲ ਸਿੰਘ ਬੂਟੇਵਾਲਾ, ਮਨਮੋਹਨ ਗਰੋਵਰ, ਸੁਰਿੰਦਰ ਅਹੂਜਾ, ਰਿਸੂ ਖੁਰਾਣਾ, ਬਾਜ ਸਿੰਘ ਵੜ੍ਹਿਆਂ, ਤ੍ਰਿਲੋਕ ਚੰਦ ਬਿੱਲਾ ਪ੍ਰਧਾਨ ਟਰੱਕ ਯੂਨੀਅਨ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

# ਐੱਫ ਸੀ ਆਈ ਦੇ ਗੁਦਾਮ ਤੇ ਅਧਿਕਾਰੀਆਂ ਦੀ ਜਾਂਚ ਹੋਵੇ : ਅਸ਼ੋਕ ਕੁਮਾਰ

## ਪਿਛਲੇ ਦੋ ਸਾਲ ਤੋਂ ਉਠਾਈ ਜਾ ਰਹੀ ਆਵਾਜ਼

**ਜੈਤੋ (ਸਤੀਸ਼ ਕੁਮਾਰ ਭੀਰੀ)**-ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਗਰਦਨ ਤੱਕ ਡੁੱਬੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਕਰਮਚਾਰੀ ਤੇ ਅਧਿਕਾਰੀਆਂ ਵੱਲੋਂ ਆਉਣ ਵਾਲੇ ਸੀਜ਼ਨ ਵਿੱਚ ਨੀਵੀਂ ਪੱਧਰ ਦੇ ਚੌਲ ਆਪਣੇ ਗੁਦਾਮਾਂ ਵਿੱਚ ਲਵਾਉਣ ਲਈ ਕੀਤੀ ਗਈ ਸੌਦੇਬਾਜ਼ੀ ਨੂੰ ਜਾਂਚ ਏਜੰਸੀਆਂ ਵੱਲੋਂ ਸਮਾਂ ਰਹਿੰਦੇ ਹੀ ਠੱਲ੍ਹ ਪਾ ਲਈ ਜਾਵੇ ਤਾਂ ਗਰੀਬਾਂ ਦੀ ਸਿਹਤ ਤੇ ਸਰਕਾਰ ਨੂੰ ਲੱਗਣ ਵਾਲੇ ਕਰੋੜਾਂ ਰੁਪਏ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਤਾਇਨਾਤ ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਪਿਛਲੇ 10 ਸਾਲਾਂ ਦੌਰਾਨ ਕੀਤੇ ਗਏ ਕੰਮਾਂ ਦੀ ਜਾਂਚ ਕੀਤੀ ਜਾਵੇ ਤਾਂ ਅਨੇਕਾਂ ਭ੍ਰਿਸ਼ਟ ਕਾਰਨਾਮਿਆਂ ਦਾ ਪਰਦਾਫਾਸ਼ ਕੀਤਾ ਜਾ ਸਕਦਾ ਹੈ। ਇਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਜੇਕਰ ਕਿਸੇ ਈਮਾਨਦਾਰ ਅਧਿਕਾਰੀ ਦੀ ਕਮਾਨ ਹੇਠ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਪੰਜਾਬ ਵਿਚਲੇ ਗੋਦਾਮਾਂ ਵਿੱਚ ਲੱਗੇ ਹੋਏ ਚਾਵਲਾਂ ਦੀ ਜਾਂਚ ਪੜਤਾਲ ਕੀਤੀ ਜਾਵੇ ਤਾਂ ਸਰਕਾਰ ਨੂੰ ਲੱਗਣ ਵਾਲੇ ਕਰੋੜਾਂ ਰੁਪਏ ਦੇ ਚੂਨੇ ਤੋਂ ਹੀ ਨਹੀਂ, ਬਲਕਿ ਘਟੀਆ ਕਵਾਲਿਟੀ ਦੇ ਚਾਵਲਾਂ ਨਾਲ ਕੀਤੀ ਜਾ ਰਹੀ ਗਰੀਬਾਂ ਦੀ ਸਿਹਤ ਨਾਲ ਖਿਲਵਾੜ ਕਰਨ 'ਤੇ ਵੀ ਰੋਕ ਲਗਾਈ ਜਾ ਸਕਦੀ ਹੈ। ਗੌਰਤਲਬ ਹੈ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਵਿੱਚ ਵੱਡੀ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਅਤੇ ਘਟੀਆ ਤੇ ਮਿਲਾਵਟੀ ਚਾਵਲਾਂ ਨਾਲ ਭਰੇ ਗੋਦਾਮਾਂ ਨਾਲ ਸਬੰਧਤ ਖਬਰਾਂ ਪਿਛਲੇ ਦੋ ਸਾਲਾਂ ਤੋਂ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ, ਪ੍ਰੰਤੂ ਮਜ਼ਾਲ ਹੈ ਕਿ ਰਿਸ਼ਵਤ ਦੀ ਰਾਸ਼ੀ ਨਾਲ ਅੰਨ੍ਹੇ ਹੋਏ ਸਰਕਾਰੀ ਨੁਮਾਇੰਦੇ ਕਿਸੇ ਜਾਂਚ ਏਜੰਸੀ ਜਾਂ ਕਿਸੇ ਵੀ ਹੋਰ ਉੱਚ ਅਧਿਕਾਰੀ ਦੇ ਕੰਨਾਂ ਵਿੱਚ ਜੂੰ ਵੀ ਰੇਂਗੀ ਹੋਵੇ। ਅੱਜ ਇੱਥੇ ਨਵਾਂ ਜ਼ਮਾਨਾ ਦੇ ਉਕਤ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸਮਾਜ ਸੇਵੀ ਅਸ਼ੋਕ ਕੁਮਾਰ ਨੇ ਕਿਹਾ ਕਿ ਜੇਕਰ ਇਸ ਮਾਮਲੇ ਦੀ ਕੋਈ ਜਾਂਚ ਜਾਂ ਸੁਣਵਾਈ ਨਾ ਕੀਤੀ ਗਈ ਤਾਂ ਉਹ ਇਸ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਜਨ ਸੰਪਰਕ ਅਭਿਆਨ ਚਲਾਉਣਗੇ।

# ਭੁੱਲਰ ਦੀ ਟੀਮ ਨੇ ਆਰਿਫ ਕੇ ਤੇ ਗੁਲਾਮੀਵਾਲਾ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਵੀਰ ਸਿੰਘ ਭੁੱਲਰ ਦੀ ਟੀਮ ਨੇ ਸੋਮਵਾਰ ਦਾਨਾ ਮੰਡੀ ਆਰਿਫ ਕੇ ਤੇ ਗੁਲਾਮੀ ਵਾਲਾ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਵਿਧਾਇਕ ਰਣਬੀਰ ਭੁੱਲਰ ਦੀ ਟੀਮ ਦੇ ਆਗੂ ਬਲਦੇਵ ਸਿੰਘ ਮੱਲ੍ਹੀ, ਜਸਬੀਰ ਸਿੰਘ ਬੱਗੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੂਰੇ ਸੂਬੇ ਅੰਦਰ ਝੋਨੇ ਦੀ ਨਿਰਵਿਘਨ ਖ਼ਰੀਦ, ਲਿਫ਼ਟਿੰਗ ਤੇ ਸਮੇਂ ਸਿਰ ਅਦਾਇਗੀ ਲਈ ਸਖ਼ਤ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਲੇਬਰ, ਟਰਾਂਸਪੋਰਟਰਾਂ ਆਦਿ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ, ਤਾਂ ਜੋ ਉਸ ਦੀ ਖ਼ਰੀਦ ਸਬੰਧੀ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਨਾਲ ਹੀ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨ, ਕਿਉਂਕਿ ਵਾਤਾਵਰਨ ਦੀ ਸਾਂਭ ਸੰਭਾਲ ਸਾਡਾ ਸਾਰਿਆਂ ਦਾ ਮੁੱਢਲਾ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦੇ ਹੋਏ ਝੋਨੇ ਦੀ ਲਿਫ਼ਟਿੰਗ ਨਾਲੋ-ਨਾਲ ਕੀਤੀ ਜਾਵੇਗੀ। ਇਸ ਮੌਕੇ ਜਗਤਾਰ ਸਿੰਘ ਕਮਾਲਾ ਬੋਦਲਾ, ਕੈਪਟਨ ਪਿਆਰਾ ਸਿੰਘ, ਬੋਹੜ ਸਿੰਘ ਮੁੱਠਿਆਂਵਾਲਾ, ਹਰਜੀਤ ਸਿੰਘ ਆਰਿਫ਼ ਕੇ, ਸੰਦੀਪ ਧਵਨ ਸਰਕਲ ਇੰਚਾਰਜ, ਸੁਖਦੇਵ ਸਿੰਘ ਸਰਕਲ ਇੰਚਾਰਜ, ਸੋਨਾ ਆਰਿਫ਼ ਕੇ, ਡਾ. ਬੋਹੜ ਸਿੰਘ, ਬਾਬਾ ਜੰਗ ਸਿੰਘ ਗੁਲਾਮੀ ਵਾਲਾ, ਪਰਗਟ ਸਿੰਘ ਸਰਕਲ ਇੰਚਾਰਜ, ਸ਼ੁਬੇਗ ਸਿੰਘ ਬੱਗੇਵਾਲਾ, ਚਮਕੌਰ ਸਿੰਘ ਉਸਮਾਨ ਵਾਲਾ, ਮਨਜੀਤ ਸਿੰਘ ਕਮਾਲਾ ਬੋਦਲਾ, ਬੂਟਾ ਸਿੰਘ ਸਰਕਲ ਇੰਚਾਰਜ, ਸਾਹਿਬ ਸਿੰਘ ਸਰਕਲ ਇੰਚਾਰਜ, ਸ਼ਿੰਗਾਰਾ ਸਿੰਘ ਆੜ੍ਹਤੀ ਆਦਿ ਹਾਜ਼ਰ ਸਨ।

# ਮਹਾਂਰਿਸ਼ੀ ਵਾਲਮੀਕਿ ਦੇ ਪ੍ਰਕਾਸ਼ ਪੁਰਬ ਮੌਕੇ ਸੈਮੀਨਾਰ



**ਧੂਰੀ (ਸੁਖਦੇਵ ਧੂਰੀ)** ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ:) ਵੱਲੋਂ ਸਾਹਿਤ ਸਭਾ ਦੇ ਸਹਿਯੋਗ ਦੇ ਨਾਲ ਆਦਿ ਕਵੀ ਮਹਾਂਰਿਸ਼ੀ ਬਾਲਮੀਕ ਦੇ ਪ੍ਰਕਾਸ਼ ਉਤਸਵ 'ਤੇ ਰਚਿਤ ਮਹਾਂਕਾਵਿ 'ਰਮਾਇਣ' 'ਤੇ ਇੱਕ ਸੈਮੀਨਾਰ ਕਰਾਇਆ ਗਿਆ।

ਸੈਮੀਨਾਰ ਵਿਚ ਡਾ. ਤੇਜਵੰਤ ਮਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਡਾ. ਭੀਮ ਇੰਦਰ ਸਿੰਘ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ। ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਨੇ ਕੀਤੀ, ਜਦਕਿ ਸਰਵ ਸ਼੍ਰੀ ਪ੍ਰੋ. ਸੰਧੂ ਵਰਿਆਣਵੀ, ਜੋਗਿੰਦਰ ਸਿੰਘ ਨਿਰਾਲਾ, ਭੁਪਿੰਦਰ ਜਗਰਾਉਂ, ਡਾ. ਬਲਦੇਵ ਸਿੰਘ ਬੱਦਨ, ਇਕਬਾਲ ਘਾਰੂ, ਗੁਲਜ਼ਾਰ ਸਿੰਘ ਸ਼ੌਂਕੀ, ਸੁਰਿੰਦਰ ਸ਼ਰਮਾ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ।

ਇਸ ਮੌਕੇ ਡਾ. ਨਰਵਿੰਦਰ ਕੌਸ਼ਲ ਨੇ 'ਮਹਾਂਰਿਸ਼ੀ ਬਾਲਮੀਕ ਜੀ ਦੀ ਕਾਵਿ ਰਚਨਾ, ਰਮਾਇਣ ਦੀ ਮੌਜੂਦਾ ਸੰਦਰਭ ਵਿੱਚ ਸਾਰਥਿਕਤਾ' ਵਿਸ਼ੇ 'ਤੇ ਆਪਣਾ ਵਿਸਥਾਰਤ ਪੇਪਰ ਪੜ੍ਹਿਆ। ਇਸ ਪਰਚੇ 'ਤੇ ਸਰਵਸ੍ਰੀ ਡਾ. ਭੀਮਇੰਦਰ ਸਿੰਘ, ਸੰਤ ਸਿੰਘ ਬੀਹਲਾ, ਡਾ. ਜਸਮਿੰਦਰਪਾਲ ਸਿੰਘ, ਭੂਪਿੰਦਰ ਜਗਰਾਓਂ, ਗੁਲਜ਼ਾਰ ਸਿੰਘ ਸ਼ੌਂਕੀ, ਸੁਰਿੰਦਰ ਸ਼ਰਮਾ ਨਾਗਰਾ , ਨਾਹਰ ਸਿੰਘ 'ਮੁਬਾਰਕਪੁਰੀ , ਬਲਰਾਜ ਬਾਜ਼ੀ , ਸੁਰਿੰਦਰਪਾਲ ਕੌਰ ਧਨੌਲਾ , ਕਾਮਰੇਡ ਰਮੇਸ਼ ਜੈਨ, ਡਾ. ਬਲਦੇਵ ਸਿੰਘ ਬੱਦਨ, ਸਾਬਕਾ ਡੀ.ਪੀ.ਆਰ.ਓ. ਮਨਜੀਤ ਸਿੰਘ ਬਖ਼ਸ਼ੀ ਨੇ ਵਿਚਾਰ ਪ੍ਰਗਟਾਉਂਦਿਆਂ ਬਹੁਤ ਸਾਰੇ ਸੁਆਲ ਇਸ ਪੇਪਰ 'ਤੇ ਖੜੇ ਕੀਤੇ, ਜਿਨ੍ਹਾਂ ਦਾ ਜਵਾਬ ਡਾ. ਨਰਵਿੰਦਰ ਕੌਸ਼ਲ ਵੱਲੋਂ ਦਿੱਤਾ ਗਿਆ। ਡਾਕਟਰ ਤੇਜਵੰਤ ਨੇ ਪਰਚਿਆਂ ਦੇ ਸਬੰਧ ਵਿੱਚ ਵਿਚਾਰ ਪ੍ਰਗਟਾਏ। ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਪ੍ਰਧਾਨ ਨੇ ਜਿੱਥੇ ਪੇਪਰਾਂ ਉੱਤੇ ਹੋਈ ਵਿਚਾਰ ਚਰਚਾ ਦਾ ਸਵਾਗਤ ਕੀਤਾ, ਉਥੇ ਸੈਮੀਨਾਰ ਵਿੱਚ ਸ਼ਾਮਲ ਵਿਦਵਾਨਾਂ, ਸਾਹਿਤਕਾਰਾਂ, ਸਰੋਤਿਆਂ ਦਾ ਧੰਨਵਾਦ ਵੀ ਕੀਤਾ। ਹਾਜ਼ਰ ਕਵੀਆਂ ਸਰਵਸ੍ਰੀ ਗੁਰਜਿੰਦਰ ਰਸੀਆ, ਸੁਖਵਿੰਦਰ ਮੂਲੇਵਾਲ, ਸੁਖਦੇਵ ਸਿੰਘ ਔਲਖ, ਵਤਨਵੀਰ 'ਜ਼ਖਮੀ', ਸੁਰਿੰਦਰਪਾਲ ਕੌਰ 'ਧਨੌਲਾ', ਅਮਰਜੀਤ ਸਿੰਘ ਅਮਨ, ਬਲਬੀਰ ਬੱਲੀ, ਡਾ. ਹਰਪਾਲ ਭੱਟੀ, ਪ੍ਰਿੰਸੀਪਲ ਇੰਦਰਜੀਤ ਸਿੰਘ 'ਵਾਸੂ', ਸੁਰਿੰਦਰ ਮਕਸੂਦਪੁਰੀ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆ। ਕਵੀ ਦਰਬਾਰ ਦੀ ਸਟੇਜ ਦੀ ਕਾਰਵਾਈ ਸੁਰਿੰਦਰ ਸ਼ਰਮਾ ਨਾਗਰਾ ਤੇ ਸਮੁੱਚੇ ਸਮਾਗਮ ਦੀ ਸਟੇਜ ਸਕੱਤਰ ਦੀ ਕਾਰਵਾਈ ਕੇਂਦਰੀ ਸਭਾ ਦੇ ਜਨਰਲ ਸਕੱਤਰ ਸੰਧੂ ਵਰਿਆਣਵੀ ਵੱਲੋਂ ਚਲਾਈ ਗਈ।

# ਖ਼ਾਲਸਾ ਕਾਲਜ 'ਚ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਇਸ ਮੌਕੇ ਕਰਵਾਏ ਲੈਕਚਰ ਦੌਰਾਨ ਡਾ. ਕੁਲਜਿੰਦਰ ਕੌਰ ਪ੍ਰਿੰਸੀਪਲ ਕੇ.ਸੀ. ਕਾਲਜ ਆਫ਼ ਐਜੂਕੇਸ਼ਨ ਨਵਾਂਸ਼ਹਿਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿਚ ਡਾ. ਕੁਲਜਿੰਦਰ ਕੌਰ ਨੇ ਕਿਹਾ ਕਿ ਸਾਨੂੰ ਸਰੀਰਿਕ, ਮਾਨਸਿਕ ਅਤੇ ਸਮਾਜਿਕ ਪੱਖੋਂ ਤੰਦਰੁਲਤ ਰਹਿਣਾ ਚਾਹੀਦਾ ਤੇ ਸਮਾਜ ਵਿਚ ਰਹਿੰਦੇ ਹੋਏ ਮਾਨਸਿਕ ਸਿਹਤ ਸਬੰਧੀ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਪ੍ਰਿੰਸੀਪਲ ਡਾ. ਕੁਲਜਿੰਦਰ ਕੌਰ ਦਾ ਕਾਲਜ ਪਹੁੰਚਣ 'ਤੇ ਸਵਾਗਤ ਕੀਤਾ। ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਮੁਖੀ ਡਾ. ਸੰਘਾ ਗੁਰਬਖਸ਼ ਕੌਰ 'ਤੇ ਸੰਗਠਿਤ ਕਮੇਟੀ ਮੈਂਬਰ ਪ੍ਰੋ. ਪ੍ਰੀਤਦਿੰਰ ਕੌਰ, ਪ੍ਰੋ. ਨਰੇਸ਼ ਕੁਮਾਰੀ, ਪ੍ਰੋ. ਕਿਰਨਜੀਤ ਕੌਰ ਨੇ ਲੈਕਚਰ ਦੌਰਾਨ ਵਿਚਾਰ ਪੇਸ਼ ਕੀਤੇ।

# ਸਰਹੱਦੀ ਪ੍ਰੈੱਸ ਕਲੱਬ ਅਜਨਾਲਾ ਵੱਲੋਂ ਡੀ ਐੱਸ ਪੀ ਨੂੰ ਮੰਗ ਪੱਤਰ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸਰਹੱਦੀ ਪ੍ਰੈਸ ਕਲੱਬ ਅਜਨਾਲਾ ਵੱਲੋਂ ਆਪਣੇ ਪੱਤਰਕਾਰ ਅਮਨ ਦੇਵਗਨ ਜੋ ਕਿ ਉਹਨਾ ਉੱਤੇ ਹੋਏ ਹਮਲੇ ਤੇ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਤੇ ਅੱਜ ਇਕ ਪੱਤਰਕਾਰਾਂ ਦਾ ਵਫਦ ਪੱਤਰਕਾਰ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਡੀ.ਐਸ.ਪੀ. ਅਜਨਾਲਾ ਸੰਜੀਵ ਕੁਮਾਰ ਨੂੰ ਮਿਲਿਆ। ਪੱਤਰਕਾਰਾਂ ਦੇ ਵਫਦ ਨੇ ਡੀ.ਐੱਸ.ਪੀ. ਅਜਨਾਲਾ ਨੂੰ ਅੱਜ ਤੋਂ ਤਕਰੀਬਨ ਤਿੰਨ ਸਾਲ ਪਹਿਲਾਂ ਪੱਤਰਕਾਰ ਅਮਨ ਦੇਵਗਨ ਤੇ ਹੋਏ ਹਮਲੇ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਅਤੇ ਪੱਤਰਕਾਰ ਕੁਲਬੀਰ ਸਿੰਘ ਢਿੱਲੋਂ ਦੇ ਘਰ ਹੋਏ ਹਮਲੇ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਲੈ ਵਫਦ ਨੇ ਜਾਣੂ ਕਰਵਾਇਆ। ਇਸ ਵਫਦ ਨੂੰ ਡੀ.ਐਸ.ਪੀ ਅਜਨਾਲਾ ਨੇ ਵਿਸ਼ਵਾਸ ਦੁਆਇਆ ਕਿ ਬਹੁਤ ਹੀ ਜਲਦ ਇਹਨਾ ਦੋਨਾਂ ਸ਼ਿਕਾਇਤਾ ਤੇ ਕਾਰਵਾਈ ਕੀਤੀ ਜਾਵੇਗੀ। ਇਸ ਵਫਦ ਵਿਚ ਹੋਰਨਾਂ ਤੋਂ ਇਲਾਵਾ ਪ੍ਰਦੀਪ ਕੁਮਾਰ, ਗੁਰਜੰਟ ਸਿੰਘ , ਗੁਰਪ੍ਰੀਤ ਸਿੰਘ ਛੀਨਾ, ਵਰਿੰਦਰ ਕੁਮਾਰ, ਸੁਖਤਿੰਦਰ ਸਿੰਘ ਆਦਿ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਮੁੱਖ ਮੰਤਰੀ ਵੱਲੋਂ...

ਪ੍ਰਵਾਨ ਕੀਤੀਆਂ ਕਈ ਅਹਿਮ ਮੰਗਾਂ ਮੰਨੀਆਂ ਸਨ, ਪਰ ਇਹਨਾਂ ਨੂੰ ਲਾਗੂ ਕਰਨਾ ਤਾਂ ਦੂਰ, ਅੰਦੋਲਨਾਂ ਦੌਰਾਨ ਬਣੇ ਕੇਸ ਵਾਪਸ ਲੈਣ ਦੀ ਬਜਾਏ ਉਲਟਾ ਸੰਗਰੂਰ ਦੇ ਪਿੰਡ ਬਾਲਦ ਕਲਾਂ ਦੇ ਅੰਦੋਲਨ ਸਮੇਂ ਬਣੇ ਕੇਸ 'ਚ ਅੱਜ ਹੀ ਇੱਕ ਮਜ਼ਦੂਰ ਆਗੂ ਨੂੰ ਗ੍ਰਿਫਤਾਰ ਕਰਕੇ ਸਰਕਾਰ ਨੇ ਆਪਣੇ ਮਜ਼ਦੂਰ ਦੋਖੀ ਕਿਰਦਾਰ ਤੇ ਵਿਹਾਰ ਨੂੰ ਇੱਕ ਵਾਰ ਫਿਰ ਉਜਾਗਰ ਕਰ ਦਿੱਤਾ ਹੈ।

ਉਹਨਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦੀ ਗਰੰਟੀ ਕਰਕੇ ਦਿਹਾੜੀ 700 ਰੁਪਏ ਕੀਤੀ ਜਾਵੇ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਦੇਣ ਦੀ ਜ਼ਾਮਨੀ ਕੀਤੀ ਜਾਵੇ, ਮਜ਼ਦੂਰਾਂ ਤੇ ਗਰੀਬ ਕਿਸਾਨਾਂ ਸਿਰ ਮਾਈਕਰੋਫਾਈਨਾਸ ਕੰਪਨੀਆਂ ਸਮੇਤ ਚੜ੍ਹੇ ਸਮੁੱਚੇ ਕਰਜ਼ੇ ਖਤਮ ਕੀਤੇ ਜਾਣ, ਮਜ਼ਦੂਰਾਂ ਨੂੰ ਬਿਨਾਂ ਸ਼ਰਤ ਸਹਿਕਾਰੀ ਸਭਾਵਾਂ ਦੇ ਮੈਂਬਰ ਬਣਾ ਕੇ ਸਸਤੇ ਕਰਜ਼ੇ ਦਿੱਤੇ ਜਾਣ, ਗੁਲਾਬੀ ਸੁੰਡੀ ਕਾਰਨ ਖਰਾਬ ਹੋਏ ਨਰਮੇ ਸਮੇਤ ਮੀਹਾਂ ਨਾਲ ਨੁਕਸਾਨੀਆਂ ਫਸਲਾਂ ਤੇ ਘਰਾਂ ਦਾ ਮੁਆਵਜ਼ਾ ਦਿੱਤਾ ਜਾਵੇ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦਿੱਤੇ ਜਾਣ, ਪੈਨਸ਼ਨ ਦੀ ਰਕਮ ਪੰਜ ਹਜ਼ਾਰ ਰੁਪਏ ਮਹੀਨਾ ਕਰਕੇ ਉਮਰ ਦੀ ਹੱਦ ਘਟਾਈ ਜਾਵੇ, ਅੰਦੋਲਨਾਂ ਦੌਰਾਨ ਮਜ਼ਦੂਰਾਂ, ਕਿਸਾਨਾਂ 'ਤੇ ਦਰਜ ਕੇਸ ਵਾਪਸ ਲਏ ਜਾਣ ਅਤੇ ਦਲਿਤਾਂ 'ਤੇ ਜਬਰ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

# ਰੋਡਵੇਜ਼ ਸਟਾਫ਼ ਦੀ ਮਨਮਾਨੀ ਕਾਰਨ ਚੰਡੀਗੜ੍ਹ ਦੀਆਂ ਸਵਾਰੀਆਂ ਪ੍ਰੇਸ਼ਾਨ

**ਸਮਰਾਲਾ, (ਸੁਰਜੀਤ ਸਿੰਘ)** ਸਮਰਾਲਾ ਤੋਂ ਚੰਡੀਗੜ੍ਹ ਨੂੰ ਜਾਣ ਵਾਲੀਆਂ ਸਵਾਰੀਆਂ ਨੂੰ ਰੋਡਵੇਜ਼ ਸਟਾਫ਼ ਦੀ ਮਨਮਾਨੀ ਕਾਰਨ ਰੋਜ਼ਾਨਾ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਸਵੇਰੇ ਤਿਆਰ ਹੋ ਕੇ ਆਪਣੇ ਕੰਮਾਂ-ਕਾਜਾਂ 'ਤੇ ਜਾਣ ਲਈ ਸਮੇਂ ਸਿਰ ਬਸ ਅੱਡੇ 'ਤੇ ਪਹੁੰਚਦੇ ਹਨ, ਜਿੱਥੇ ਸਮੇਂ ਸਿਰ ਬੱਸਾਂ ਨਾ ਆਉਣ ਕਾਰਨ ਉਹਨਾਂ ਨੂੰ ਘੰਟਿਆਂ ਬੱਧੀ ਅੱਡੇ ਤੇ ਖੜ ਕੇ ਇੰਤਜ਼ਾਰ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਰੋਡਵੇਜ਼ ਸਟਾਫ਼ ਚਾਹੁਣ ਤਾਂ ਬੱਸਾਂ ਨੂੰ ਸਮੇਂ ਸਿਰ ਲਿਆਉਣ, ਜੇਕਰ ਨਾ ਚਾਹੁਣ ਤਾਂ ਉਨ੍ਹਾਂ ਦੀ ਮਰਜ਼ੀ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਲੋਕਾਂ ਨੂੰ ਉਨ੍ਹਾਂ ਦੀ ਇਸ ਅਣਗਹਿਲੀ ਕਾਰਨ ਰੋਜ਼ਾਨਾ ਕਿੰਨੀ ਕੁ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਰਾਲੇ ਤੋਂ ਚੰਡੀਗੜ੍ਹ ਜਾਣ ਵਾਲੀਆਂ ਜ਼ਿਆਦਾਤਰ ਸਵਾਰੀਆਂ ਜਾਂ ਤਾਂ ਪੀ ਜੀ ਆਈ ਦੀਆਂ ਹੁੰਦੀਆਂ ਹਨ ਜਾਂ ਹਾਈਕੋਰਟ ਜਾਣ ਵਾਲੀਆਂ। ਇਸ ਤੋਂ ਇਲਾਵਾ ਚੰਡੀਗੜ੍ਹ ਤੇ ਮੁਹਾਲੀ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਮਹਿਕਮਿਆਂ ਵਿੱਚ ਨੌਕਰੀ ਕਰਨ ਵਾਲੇ ਲੋਕ ਸਵੇਰੇ ਹਰ ਰੋਜ਼ ਇਨ੍ਹਾਂ ਰੋਡਵੇਜ਼ ਵਾਲਿਆਂ ਦੀ ਮਨਮਾਨੀ ਕਾਰਨ ਖੱਜਲ-ਖੁਆਰ ਹੁੰਦੇ ਹਨ। ਦੱਸਿਆ ਜਾਂਦਾ ਹੈ ਕਿ ਲੁਧਿਆਣਾ ਤੋਂ ਚੱਲ ਕੇ ਰੋਡਵੇਜ਼ ਦੀ ਬੱਸ ਸਵੇਰੇ 5.40 ਵਜੇ ਸਮਰਾਲਾ ਪਹੁੰਚਦੀ ਹੈ। ਇਸ ਤੋਂ ਬਾਅਦ 6 ਵਜੇ ਵਾਲੀ ਬਸ ਦਾ ਟਾਈਮ ਦੱਸਿਆ ਜਾਂਦਾ ਹੈ। ਸਵੇਰੇ 5.40 ਵਜੇ ਵਾਲੀ ਬਸ ਦੀ ਉਡੀਕ ਵਿੱਚ ਸਵਾਰੀਆਂ ਦਾ ਭਾਰੀ ਇਕੱਠ ਅੱਡੇ 'ਤੇ ਰੋਜ਼ਾਨਾ ਦੇਖਿਆ ਜਾ ਸਕਦਾ ਹੈ, ਪਰ ਇਹ ਬਸ ਬਹੁਤ ਘੱਟ ਹੀ ਸਮਰਾਲਾ ਅੱਡੇ 'ਤੇ ਪਹੁੰਚਦੀ ਹੈ। ਇਸ ਤੋਂ ਬਾਅਦ ਜਦੋਂ 6 ਵਜੇ ਵਾਲੀ ਬਸ ਵੀ ਨਹੀਂ ਆਉਂਦੀ ਤਾਂ ਚੰਡੀਗੜ੍ਹ ਆਪਣੇ ਕੰਮਾਂ ਕਾਜਾਂ ਲਈ ਜਾਣ ਵਾਲੀ ਸਵਾਰੀਆਂ ਦੀ ਭੀੜ ਵਧਦੀ ਹੀ ਜਾਂਦੀ ਹੈ। ਇਸ ਤੋਂ ਬਾਅਦ ਜੋ ਵੀ ਰੋਡਵੇਜ਼ ਦੀ ਬਸ ਆਉਂਦੀ ਹੈ ਉਹ ਜਾਂ ਤਾਂ ਸਮਰਾਲੇ ਦੀਆਂ ਸਵਾਰੀਆਂ ਨੂੰ ਛੱਡ ਕੇ ਸਮਰਾਲਾ ਬਾਈਪਾਸ ਥਾਈਂ ਲੰਘ ਜਾਂਦੀ ਹੈ ਜਾਂ ਫੇਰ ਜਦੋਂ ਇਸ ਪਾਸੇ ਵੱਲ ਨੂੰ ਬਸ ਆਉਂਦੀ ਹੈ ਤਾਂ ਬਸ ਚਾਲਕ ਸਮਰਾਲੇ ਦੀਆਂ ਸਵਾਰੀਆਂ ਨੂੰ ਚੜ੍ਹਾਉਣ ਦੀ ਬਜਾਏ ਬਸ ਨੂੰ ਭਜਾ ਕੇ ਲੈ ਜਾਂਦੇ ਹਨ ਜਾਂ ਸਵਾਰੀਆਂ ਨੂੰ ਉਤਾਰਨ ਲਈ ਬਸ ਨੂੰ ਪਿੱਛੇ ਹੀ ਰੋਕ ਲਿਆ ਜਾਂਦਾ ਹੈ। ਇਸ ਸਮੇਂ ਜਿਹੜੀਆਂ ਸਵਾਰੀਆਂ ਚੜ੍ਹ ਗਈਆਂ ਤਾਂ ਠੀਕ ਹੈ ਬਾਕੀ ਦੀਆਂ ਦੇਖਦੀਆਂ ਹੀ ਰਹਿ ਜਾਂਦੀਆਂ ਹਨ। ਅਜਿਹੇ ਹਾਲਾਤ ਵਿਚ ਔਰਤਾਂ ਤੇ ਬਿਮਾਰ ਸਵਾਰੀਆਂ ਬਸ ਵਿੱਚ ਚੜ੍ਹ ਹੀ ਨਹੀਂ ਸਕਦੀਆਂ। ਉੱਤੋਂ ਬਸ ਚਾਲਕਾਂ ਦਾ ਵਤੀਰਾ ਨਾ ਮਿਲਵਰਤਨ ਵਾਲਾ ਤਾਂ ਹੁੰਦਾ ਹੀ ਹੈ, ਸਗੋਂ ਵਤੀਰਾ ਬਹੁਤ ਹੀ ਘਟੀਆ ਦਰਜੇ ਦਾ ਵੀ ਹੁੰਦਾ ਹੈ। ਕਈ ਕੰਡਕਟਰ ਤਾਂ ਸਵਾਰੀਆਂ ਨੂੰ ਖੁੱਲੇ ਪੈਸਿਆਂ ਪਿੱਛੇ ਹੀ ਟੁੱਟ ਟੁੱਟ ਪੈਂਦੇ ਹਨ ਤੇ ਬਸ ਤੋਂ ਥੱਲੇ ਲਾਹੁਣ ਦੀ ਧਮਕੀ ਵੀ ਦਿੰਦੇ ਹਨ। ਸਾਜਰੇ ਤੋਂ ਲੈ ਕੇ 7 ਵਜੇ ਤੱਕ ਜਦੋਂ ਪ੍ਰਾਈਵੇਟ ਬੱਸਾਂ ਚਲਣ ਨਹੀਂ ਲੱਗਦੀਆਂ, ਉਦੋਂ ਤੱਕ ਸਰਕਾਰੀ ਬਸਾਂ ਦੇ ਸਟਾਫ਼ ਦੀ ਹੀ ਮੌਜ ਚੱਲਦੀ ਹੈ। ਉਹ ਟਾਈਮ 'ਤੇ ਆਉਣ ਜਾਂ ਲੇਟ, ਸਵਾਰੀਆਂ ਨੂੰ ਬਠਾਉਣ ਜਾਂ ਨਾ, ਇਹ ਉਨ੍ਹਾਂ ਦੀ ਮਰਜ਼ੀ 'ਤੇ ਮੁਨੱਸਰ ਕਰਦਾ ਹੈ। ਸਰਕਾਰ ਆਮ ਤੌਰ 'ਤੇ ਰੋਡਵੇਜ਼ ਨੂੰ ਘਾਟੇ ਦਾ ਰੋਣਾ ਰੋਂਦੀ ਰਹਿੰਦੀ ਹੈ, ਪਰ ਜਦੋਂ ਉਹਨਾਂ ਦਾ ਸਟਾਫ਼ ਸਵਾਰੀਆਂ ਨੂੰ ਹੀ ਨਹੀਂ ਬਿਠਾਵੇਗਾ ਤਾਂ ਆਮਦਨ ਕਿੱਥੋਂ ਹੋਵੇਗੀ। ਅਜਿਹੇ ਵੀ ਸਮਾਚਾਰ ਹਨ ਕਿ ਸਰਕਾਰੀ ਬੱਸਾਂ ਵਾਲੇ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਨਾਲ ਸਵਾਰੀਆਂ ਲਈ ਸੰਢ-ਗੰਢ ਕਰ ਲੈਂਦੇ ਹਨ, ਜਿਸ ਦੇ ਸਿੱਟੇ ਵਜੋਂ ਪ੍ਰਾਈਵੇਟ ਬੱਸਾਂ ਸਵਾਰੀਆਂ ਨਾਲ ਖਚਾਖਚ ਭਰੀਆਂ ਹੀ ਨਹੀਂ ਜਾਂਦੀਆਂ, ਸਗੋਂ ਤੁੰਨੀਆਂ ਹੋਈਆਂ ਜਾਂਦੀਆਂ ਹਨ, ਜਦਕਿ ਸਰਕਾਰੀ ਬਸਾਂ ਸਵਾਰੀਆਂ ਤੋਂ ਸੱਖਣੀ ਖਾਲੀ ਜਾਂਦੀਆਂ ਹਨ। ਅਜਿਹੇ ਵਿਚ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਵਿੱਚ ਕਿਤੇ ਨਾ ਕਿਤੇ ਸਰਕਾਰੀ ਬਸਾਂ ਦੇ ਸਟਾਫ਼ ਦੀ ਢਿੱਲ-ਮੱਠ ਹੈ। ਰੋਜ਼ਾਨਾ ਚੰਡੀਗੜ੍ਹ ਨੂੰ ਜਾਣ ਵਾਲੀਆਂ ਸਵਾਰੀਆਂ ਦੀ ਟਰਾਂਸਪੋਰਟ ਮੰਤਰੀ ਤੋਂ ਮੰਗ ਹੈ ਕਿ ਅਜਿਹੀ ਕੁਤਾਹੀ ਲਈ ਜ਼ਿੰਮੇਵਾਰ ਸਟਾਫ਼ ਦੇ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ ਤੇ ਸਵੇਰ ਵੇਲੇ ਬਸਾਂ ਨੂੰ ਨਿਯਮਿਤ ਤੌਰ 'ਤੇ ਸਮੇਂ ਸਿਰ ਚੱਲਣਾ ਯਕੀਨੀ ਬਣਾਇਆ ਜਾਵੇ ਤਾਂ ਜੁ ਸਵਾਰੀਆਂ ਰੋਜ਼ਾਨਾ ਦੀ ਖੱਜਲ-ਖੁਆਰੀ ਤੋਂ ਬਚ ਸਕਣ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਰੇਤਾ ਦੀ ਕਾਲਾਬਾਜ਼ਾਰੀ ਖਿਲਾਫ ਆਰ ਐੱਮ ਪੀ ਆਈ ਨੇ ਕੀਤੇ ਰੋਸ ਵਿਖਾਵੇ

**ਜਲੰਧਰ (ਕੇਸਰ, ਰਾਜੇਸ਼ ਥਾਪਾ)**

ਗੈਰ ਕਾਨੂੰਨੀ ਖਨਣ ਸਖਤੀ ਨਾਲ ਰੋਕੇ ਜਾਣ ਅਤੇ ਬੋਲੀ ਰਾਹੀਂ ਕਾਨੂੰਨੀ ਤੌਰ 'ਤੇ ਅਲਾਟ ਹੋਈਆਂ ਖੱਡਾਂ ਚੋਂ ਬੰਦ ਕੀਤੀ ਖੁਦਾਈ, ਨਿਯਮਾਂ ਅਨੁਸਾਰ ਮੁੜ ਸ਼ੁਰੂ ਕਰਵਾਉਣ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵੱਲੋਂ ਅੱਜ ਜਿਲ੍ਹਾ ਅਤੇ ਤਹਿਸੀਲ ਕੇਂਦਰਾਂ 'ਤੇ ਜ਼ੋਰਦਾਰ ਰੋਸ ਮੁਜ਼ਾਹਰੇ ਕਰਕੇ ਅਧਿਕਾਰੀਆਂ ਰਾਹੀ ਮੁੱਖ ਮੰਤਰੀ ਪੰਜਾਬ ਨੂੰ ਯਾਦ ਪੱਤਰ ਭੇਜੇ ਗਏ। ਮੁਜ਼ਾਹਰਾਕਾਰੀਆਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਰੇਤ ਦੇ ਆਸਮਾਨੀਂ ਜਾ ਚੜ੍ਹੇ ਰੇਟਾਂ ਰਹੀਂ ਖਪਤਕਾਰਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਬੰਦ ਕੀਤੀ ਜਾਵੇ ਅਤੇ ਉਸਾਰੀ ਦਾ ਕੰਮ ਠੱਪ ਹੋ ਜਾਣ ਦੇ ਨਤੀਜੇ ਵਜੋਂ ਕੰਮ ਤੋਂ ਵਾਂਝੇ ਹੋਏ ਨਿਰਮਾਣ ਕਾਮਿਆਂ ਅਤੇ ਕਰੈਸ਼ਰ ਮਜ਼ਦੂਰਾਂ ਨੂੰ ਫੌਰੀ ਰੁਜ਼ਗਾਰ ਦਿੱਤਾ ਜਾਵੇ। ਉਕਤ ਮੁਜ਼ਾਹਰਿਆਂ ਸਮੇਂ ਹੋਏ ਇਕੱਠਾਂ ਨੂੰ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਸੂਬਾਈ ਪ੍ਰਧਾਨ, ਸਕੱਤਰ ਤੇ ਕੈਸ਼ੀਅਰ ਸਾਥੀ ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ ਤੇ ਪ੍ਰੋ. ਜੈਪਾਲ ਸਿੰਘ ਅਤੇ ਕੇਂਦਰੀ ਤੇ ਸੂਬਾਈ ਆਗੂਆਂ ਸਰਵ ਸਾਥੀ ਹਰਕੰਵਲ ਸਿੰਘ, ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਡਾ. ਸਤਨਾਮ ਸਿੰਘ ਅਜਨਾਲਾ, ਭੀਮ ਸਿੰਘ ਆਲਮਪੁਰ, ਵਿਜੈ ਮਿਸ਼ਰਾ, ਨੱਥਾ ਸਿੰਘ, ਵੇਦ ਪ੍ਰਕਾਸ਼ ਨੇ ਸੰਬੋਧਨ ਕੀਤਾ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਰੇਤੇ 'ਤੇ ਲਾਏ ਗਏ ਬੇਬਹਾ ਟੈਕਸ ਅਤੇ ਰੇਤ ਮਾਫੀਆ ਦੀ ਮਨਚਾਹੀ ਵਸੂਲੀ ਦੇ ਨਤੀਜੇ ਵਜੋਂ 1700 ਪ੍ਰਤੀ ਸੈਂਕੜਾ ਵਿਕਣ ਵਾਲੀ ਰੇਤਾ (ਬਰੇਤੀ) ਹੁਣ ਪ੍ਰਚੂਨ 'ਚ 7000 ਪ੍ਰਤੀ ਸੈਂਕੜਾ ਫੁੱਟ ਤੋਂ ਵਧੇਰੇ ਕੀਮਤ 'ਤੇ ਵੇਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗੂੰ ਹੀ ਮੌਜੂਦਾ ਸਰਕਾਰ ਸਮੇਂ ਵੀ ਖਨਨ ਮਾਫੀਆ ਦੀ ਗੈਰ ਕਾਨੂੰਨੀ ਮਾਈਨਿੰਗ ਦੇ ਜੋਰਾਂ-ਸ਼ੋਰਾਂ ਨਾਲ ਜਾਰੀ ਰਹਿਣ ਨੇ ਲੋਕਾਂ ਦੀਆਂ ਪਹਿਲਾਂ ਤੋਂ ਚੱਲੀਆਂ ਆ ਰਹੀਆਂ ਦੁਸ਼ਵਾਰੀਆਂ ਢੇਰਾਂ ਹੋਰ ਵਧਾ ਦਿੱਤੀਆਂ ਹਨ। ਉਨ੍ਹਾਂ ਜੋਰਦਾਰ ਢੰਗ ਨਾਲ ਇਹ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ 'ਦਿੱਲੀ ਮਾਡਲ' ਅਤੇ 'ਮੁਹੱਲਾ ਕਲੀਨਿਕਾਂ' ਆਦਿ ਦੀ ਫਜ਼ੂਲ ਅਤੇ ਭਰਮਾਊ ਬਿਆਨ ਬਾਜੀ ਰਾਹੀਂ ਕੀਤੀ ਜਾ ਰਹੀ ਡੰਗ ਟਪਾਈ ਤਿਆਗ ਕੇ ਬੇਰੁਜ਼ਗਾਰੀ ਨੂੰ ਠਲ੍ਹ ਪਾਉਣ ਲਈ ਸਰਕਾਰੀ ਸਕੂਲਾਂ, ਹਸਪਤਾਲਾਂ, ਟਰਾਂਸਪੋਰਟ ਵਿਭਾਗ, ਜਨ ਸਿਹਤ ਅਤੇ ਪਾਵਰਕਾਮ ਆਦਿ ਮਹਿਕਮਿਆਂ ਦੇ ਕੱਚੇ, ਠੇਕਾ ਆਧਾਰਿਤ ਅਤੇ ਸਕੀਮ ਤੇ ਮਾਣਭੱਤਾ ਮੁਲਾਜ਼ਮਾਂ ਨੂੰ ਪੱਕਾ ਕਰੇ ਅਤੇ ਉਕਤ ਵਿਭਾਗਾਂ 'ਚ ਖਾਲੀ ਪਈਆਂ ਹਜਾਰਾਂ ਪੋਸਟਾਂ ਲਈ ਕਰਮਚਾਰੀਆਂ ਦੀ ਪੱਕੀ ਭਰਤੀ ਕਰੇ। ਆਗੂਆਂ ਨੇ ਭਿਅੰਕਰ ਬੇਰੁਜ਼ਗਾਰੀ, ਮਹਿੰਗਾਈ ਅਤੇ ਘੋਰ ਕੰਗਾਲੀ ਨੂੰ ਜਨਮ ਦੇਣ ਵਾਲੀਆਂ ਮੋਦੀ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ, ਜੋ ਪੰਜਾਬ ਸਰਕਾਰ ਵੱਲੋਂ ਵੀ ਇੰਨ-ਬਿੰਨ ਲਾਗੂ ਕੀਤੀਆਂ ਜਾ ਰਹੀਆਂ ਹਨ, ਦੇ ਘਾਤਕ ਨਤੀਜਿਆਂ ਤੋਂ ਲੋਕਾਂ ਨੂੰ ਚੌਕਸ ਕਰਦਿਆਂ ਨਵ ਉਦਾਰੀਕਰਨ ਦੀਆਂ ਉਕਤ ਨੀਤੀਆਂ ਖਿਲਾਫ਼ ਤਿੱਖੇ ਘੋਲ ਵਿੱਢਣ ਦਾ ਸੱਦਾ ਦਿੱਤਾ। ਆਗੂਆਂ ਨੇ ਐਲਾਨ ਕੀਤਾ ਕਿ ਆਰ.ਐਮ.ਪੀ.ਆਈ. ਦੇਸ਼ ਦੀ ਸੱਤਾ 'ਤੇ ਕਾਬਜ਼ ਕਾਰਪੋਰੇਟ ਪੱਖੀ, ਫਿਰਕੂ-ਫਾਸਿਸਟ ਹੁਕਮਰਾਨਾਂ ਨੂੰ ਗੱਦਿਓਂ ਲਾਹੁਣ ਲਈ ਆਜ਼ਾਦਾਨਾ ਅਤੇ ਖੱਬੀਆਂ ਧਿਰਾਂ ਦੇ ਸਾਂਝੇ ਸੰਘਰਸ਼ ਛੇੜੇ ਜਾਣ ਲਈ ਜੀਅ-ਜਾਨ ਨਾਲ ਉਪਰਾਲੇ ਕਰੇਗੀ।



# ਜਦੋਂ ਤੱਕ ਲੋਕ ਮਸਲਿਆਂ ਦਾ ਹੱਲ ਨਹੀਂ ਹੁੰਦਾ ਮੋਰਚਾ ਜਾਰੀ ਰਹੇਗਾ: ਧਾਰੀਵਾਲ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੱਟੀ ਹਲਕੇ ਦੇ ਲੋਕਾਂ ਦੇ ਅਹਿਮ ਮਸਲਿਆਂ ਨੂੰ ਲੈ ਕੇ ਬੀਤੇ ਦੋ ਮਹੀਨਿਆਂ ਤੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਵੱਲੋ ਚੱਲ ਰਹੇ ਐੱਸਡੀਐੱਮ ਦਫਤਰ ਅੱਗੇ ਮੋਰਚੇ ਦੇ ਮਸਲਿਆ ਨੂੰ ਲੈ ਡੀਸੀ ਨਾਲ ਹੋਈ। ਮੀਟਿੰਗ 'ਚ ਕਿਸਾਨ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਰੇਸ਼ਮ ਸਿੰਘ ਘੁਰਕਵਿੰਡ, ਜ਼ਿਲ੍ਹਾ ਪ੍ਰੈੱਸ ਸਕੱਤਰ ਤਰਸੇਮ ਸਿੰਘ ਧਾਰੀਵਾਲ, ਮੀਤ ਪ੍ਰਧਾਨ ਦਿਆਲ ਸਿੰਘ ਮੀਆਵਿੰਡ, ਪੱਟੀ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ, ਪੱਟੀ ਜ਼ੋਨ ਖਜ਼ਾਨਚੀ ਹਰਿੰਦਰ ਸਿੰਘ ਆਸਲ ਮੌਜੂਦ ਰਹੇ। ਮੀਟਿੰਗ 'ਚ ਕਿਸਾਨੀ ਮਸਲਿਆਂ ਤੇ ਵਿਚਾਰ-ਵਟਾਂਦਰਾ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਲੰਮੇ ਸਮੇਂ ਤੋਂ ਐੱਸਡੀਐੱਮ ਦਫਤਰ ਅੱਗੇ ਅਣਮਿੱਥੇ ਸਮੇ ਲਈ ਮੋਰਚਾ ਚੱਲ ਰਿਹਾ ਹੈ। ਹਲਕਾ ਵਿਧਾਇਕ ਨਾਲ ਕਈ ਮੀਟਿੰਗਾਂ ਬੇਸਿੱਟਾ ਰਹੀਆਂ। ਫਿਰ ਇਹਨਾਂ ਮਸਲਿਆਂ ਨੂੰ ਲੈ ਕੇ ਤਰਨਤਾਰਨ ਮਾਣਯੋਗ ਡੀਸੀ ਨਾਲ ਮੀਟਿੰਗ ਹੋਈ। ਮੀਟਿੰਗ ਵਿੱਚ ਤਹਿਸੀਲਦਾਰ ਪੱਟੀ, ਡਰੇਨੇਜ ਵਿਭਾਗ, ਪਾਵਰਕਾਮ ਐਕਸੀਅਨ ਪੱਟੀ, ਐਸਡੀਓ, ਪੱਟੀ, ਡੀਐੱਸਪੀ ਪੱਟੀ ਤੋਂ ਇਲਾਵਾ ਕਈ ਹੋਰ ਮਹਿਕਮਿਆਂ ਦੇ ਅਫਸਰ ਮੌਜੂਦ ਰਹੇ। ਮੀਟਿੰਗ 'ਚ ਪੱਟੀ ਧਰਨੇ ਨਾਲ ਸਬੰਧਤ ਮਸਲੇ ਜਿਵੇਂ ਪਿੰਡ ਸੀਤੋ ਨੌ ਬਾਅਦ ਕੋਲੋਂ ਲੰਘਦੀ ਰੋਹੀ ਦੀ ਨਿਸ਼ਾਨਦੇਹੀ ਕਰਕੇ ਖਲਵਾਈ ਕਰਵਾਉਣ ਸਬੰਧੀ, ਖੇਮਕਰਨ ਰੋਡ ਵਿੱਚ ਟੋਏ ਰੁੱਖ ਖੰਭੇ ਆਦਿ ਹਟਾਉਣ ਸਬੰਧੀ, ਪਿੰਡ ਭੱਗੂਪੁਰ ਸੰਗਵਾਂ ਸੜਕ ਬਣਾਈ ਸਬੰਧੀ, ਦੁੱਬਲੀ ਗਾਊਸ਼ਾਲਾ ਵਿੱਚ ਪ੍ਰਬੰਧ ਕਰਨ ਸਬੰਧੀ, ਹਰੀਕੇ ਥਾਣੇ ਵਿੱਚ ਮਾਇਨਿੰਗ ਦੇ ਕਿਸਾਨ ਆਗੂਆਂ ਉਤੇ ਪਰਚੇ ਰੱਦ ਕਰਵਾਉਣ ਸਬੰਧੀ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਮਸਲਿਆਂ ਦੇ ਸਬੰਧ ਮਹਿਕਮਿਆਂ ਨੇ ਡੀਸੀ ਸਾਹਿਬ ਨੇ ਤੁਰੰਤ ਕੰਮ ਸ਼ੁਰੂ ਕਰਵਾਉਣ ਦਾ ਵਿਸ਼ਵਾਸ ਦਿਵਾਇਆ। ਲਗਭਗ ਸੀਤੋ ਨੌ ਬਾਅਦ ਰੋਹੀ ਦੀ ਨਿਸ਼ਾਨਦੇਹੀ ਕੱਲ੍ਹ ਤੋਂ ਸ਼ੁਰੂ ਹੋਵੇਗੀ, ਖੇਮਕਰਨ ਰੋਡ ਵਿੱਚ ਖੰਭੇ ਪਾਸੇ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਪਿੰਡ ਭੱਗੂਪੁਰ ਸੰਗਵਾਂ ਵਾਲੀ ਸੜਕ ਦਾ ਕੰਮ ਹਫਤੇ ਅੰਦਰ ਸ਼ੁਰੂ ਹੋਵੇਗਾ। ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਜੇਕਰ ਕੰਮ ਸ਼ੁਰੂ ਨਾ ਹੋਏ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਮਜਬੂਰਨ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਅਤੇ ਜਿੰਨਾ ਸਮਾਂ ਮਸਲਿਆਂ ਦਾ ਹੱਲ ਨਹੀਂ ਹੁੰਦਾ ਪੱਟੀ ਮੋਰਚਾ ਇਸੇ ਤਰ੍ਹਾਂ ਜਾਰੀ ਰਹੇਗਾ ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ।



# ਜ਼ਮੀਨ ਦੀ ਖਾਤਰ ਥਾਣੇਦਾਰ ਵੱਲੋਂ ਭਰਾ ਦਾ ਕਤਲ

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪਿੰਡ ਮੱਲ ਮੋਹਰੀ ਵਿਖੇ ਇਕ ਭਰਾ ਵੱਲੋਂ ਆਪਣੇ ਸਕੇ ਭਰਾ ਨੂੰ ਜ਼ਮੀਨ ਦੇ ਕਬਜ਼ੇ ਨੂੰ ਲੈ ਗੋਲੀ ਮਾਰ ਕੇ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।



ਕਤਲ ਕਰਨ ਵਾਲਾ ਵਿਅਕਤੀ ਪੰਜਾਬ ਪੁਲਸ ਦਾ ਥਾਣੇਦਾਰ ਦੱਸਿਆ ਜਾ ਰਿਹਾ ਹੈ, ਜਿਸ ਨੇ ਆਪਣੇ ਨਿੱਜੀ ਹਥਿਆਰ ਰਾਹੀਂ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਦਰ ਤਰਨਤਾਰਨ ਦੇ ਐੱਸਐੱਚਓ ਗੁਰਚਰਨ ਸਿੰਘ ਪੁਲਸ ਪਾਰਟੀ ਦੇ ਨਾਲ ਮੌਕੇ 'ਤੇ ਪੁੱਜੇ ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈਸ਼ ਮ੍ਰਿਤਕ ਦੀ ਪਹਿਚਾਣ ਦਲਜੀਤ ਸਿੰਘ ਪੁੱਤਰ ਅਰਜਨ ਸਿੰਘ ਨਿਵਾਸੀ ਪਿੰਡ ਮੱਲ ਮੋਹਰੀ ਦੇ ਰੂਪ ਵਿੱਚ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਦਲਜੀਤ ਸਿੰਘ ਪੁੱਤਰ ਅਰਜਨ ਸਿੰਘ ਨਿਵਾਸੀ ਪਿੰਡ ਮੱਲ ਮੋਹਰੀ ਨਾਲ ਉਸ ਦੇ ਸਕੇ ਭਰਾ ਬਿਕਰਮਜੀਤ ਸਿੰਘ, ਜੋ ਪੰਜਾਬ ਪੁਲਸ ਵਿੱਚ ਏਐੱਸਆਈ ਤਾਇਨਾਤ ਹੈ, ਦੇ ਨਾਲ ਕਈ ਸਾਲਾਂ ਤੋਂ ਜ਼ਮੀਨ ਦਾ ਵਿਵਾਦ ਚੱਲ ਰਿਹਾ ਸੀ, ਜਿਸ ਨੂੰ ਲੈ ਕੇ ਬਿਕਰਮਜੀਤ ਸਿੰਘ ਨੇ ਆਪਣੇ ਭਰਾ ਦਲਜੀਤ ਸਿੰਘ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਤੇ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਿਆ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਐਡਹਾਕ ਜ਼ਿਲਾ ਕਮੇਟੀ ਦਾ ਗਠਨ



**ਤਰਨਤਾਰਨ (ਪ੍ਰਿਤਪਾਲ ਸਿੰਘ)**

ਕਿਰਤੀ ਕਿਸਾਨ ਯੂਨੀਅਨ ਵਲੋਂ ਜ਼ਿਲਾ ਤਰਨਤਾਰਨ ਵਿੱਚ ਸਤਨਾਮ ਸਿੰਘ ਝੰਡੇਰ ਪ੍ਰਧਾਨ ਜ਼ਿਲਾ ਅੰਮ੍ਰਿਤਸਰ, ਰਵਿੰਦਰ ਸਿੰਘ ਛੱਜਲਵੱਡੀ ਜਰਨਲ ਸਕੱਤਰ, ਹਰਦੀਪ ਕੌਰ ਕੋਟਲਾ ਸੂਬਾਈ ਆਗੂ ਅਤੇ ਜਤਿੰਦਰ ਸਿੰਘ ਛੀਨਾ ਸੂਬਾਈ ਪ੍ਰੈੱਸ ਸਕੱਤਰ ਨੇ ਜ਼ਿਲੇ ਭਰ 'ਚੋਂ ਇਕੱਤਰ ਕਿਸਾਨ ਆਗੂਆਂ ਦੀ ਐਡਹਾਕ ਜ਼ਿਲਾ ਕਮੇਟੀ ਚੋਣ ਮੀਟਿੰਗ ਦੀ ਅਗਵਾਈ ਕੀਤੀ। ਇਸ ਮੀਟਿੰਗ ਵਿੱਚ ਜ਼ਿਲਾ ਤਰਨਤਾਰਨ ਦੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਵੱਲੋਂ ਸਥਾਨਕ ਗਾਂਧੀ ਪਾਰਕ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੀਟਿੰਗ ਵਿੱਚ ਬੋਲਦਿਆਂ ਜਤਿੰਦਰ ਸਿੰਘ ਛੀਨਾ ਨੇ ਕਿਰਤੀ ਕਿਸਾਨ ਯੂਨੀਅਨ ਦੇ ਬਾਰੇ ਬੋਲਦਿਆਂ ਦੱਸਿਆ ਕਿ ਸਾਡੀ ਜਥੇਬੰਦੀ ਨੇ ਕਿਸਾਨੀ ਮਸਲਿਆਂ ਉਪਰ ਹਮੇਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਤੋ ਬਦਲਵਾਂ ਸੁਝਾਅ ਦਿੱਤਾ ਹੈ। ਹੁਣ ਵੀ ਜਥੇਬੰਦੀ ਨੇ ਪਾਣੀ ਦੇ ਮਸਲੇ ਅਤੇ ਖੇਤੀ ਦੇ ਬਦਲਵੇਂ ਹੰਢਣਸਾਰ ਮਾਡਲ ਦੀ ਮੰਗ ਕੀਤੀ ਹੈ।ਰਵਿੰਦਰ ਸਿੰਘ ਛੱਜਲਵੱਡੀ, ਸਤਨਾਮ ਸਿੰਘ ਝੰਡੇਰ ਨੇ ਕਿਸਾਨਾਂ ਨੂੰ ਸੰਗਠਨ ਮਜ਼ਬੂਤ ਕਰਨ ਅਤੇ ਜ਼ਿਲੇ 'ਚ ਹੋਰ ਇਕਾਈਆਂ ਬਣਾਉਣ ਲਈ ਲੋਕਾ ਨਾਲ ਲਗਾਤਾਰ ਸੰਪਰਕ ਕਾਇਮ ਕਰਨ ਲਈ ਅਪੀਲ ਕੀਤੀ। ਇਸਤਰੀ ਵਿੰਗ ਦੀ ਸੂਬਾ ਕਨਵੀਨਰ ਹਰਦੀਪ ਕੌਰ ਕੋਟਲਾ ਨੇ ਕਿਸਾਨ ਸਾਥੀਆਂ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਇਸਤਰੀ ਵਿੰਗ ਕਾਇਮ ਕਰਨ ਲਈ ਬਹੁਤ ਹੀ ਤਰਕਸੰਗਤ ਅਪੀਲ ਕੀਤੀ। ਇਸ ਮੌਕੇ ਹਾਜ਼ਰ ਕਿਸਾਨ ਆਗੂਆਂ ਨੇ ਸਰਬਸੰਮਤੀ ਨਾਲ ਤਰਨਤਾਰਨ ਜਿਲਾ ਐਡਹਾਕ ਕਮੇਟੀ ਦਾ ਗਠਨ ਕਰਨ ਦਾ ਫੈਸਲਾ ਕੀਤਾ। ਸੁਖਚੈਨ ਸਿੰਘ ਸਰਹਾਲੀ ਖੁਰਦ, ਬਲਕਾਰ ਸਿੰਘ ਜੰਡੋਕੇ, ਭੁਪਿੰਦਰ ਸਿੰਘ ਤੱਖਤੂ ਚੱਕ, ਬਲਵਿੰਦਰ ਸਿੰਘ ਸਖੀਰਾ, ਕੁਲਦੀਪ ਸਿੰਘ ਜਵੰਦਾ, ਨਛੱਤਰ ਸਿੰਘ ਪੰਨੂ, ਸੂਬੇਦਾਰ ਸਤਵੰਤ ਸਿੰਘ ਮੁਗਲ ਚੱਕ ਪੰਨੂੰਆ, ਕੁਲਦੀਪ ਸਿੰਘ ਬੈਕਾਂ, ਬਲਵੰਤ ਸਿੰਘ ਖਾਰਾ, ਪਰਮਜੀਤ ਸਿੰਘ ਨੰਬਰਦਾਰ ਤੁੜ, ਗੁਰਪਿੰਦਰ ਸਿੰਘ ਸ਼ਹਾਬਪੁਰ, ਦਲਬੀਰ ਸਿੰਘ ਚੱਕ ਮਹਿਰ, ਗੁਰਬੀਰ ਸਿੰਘ ਨੰਦਪੁਰ, ਸੁਰਿੰਦਰ ਸਿੰਘ ਜੌੜਾ, ਕੁਲਦੀਪ ਸਿੰਘ ਕਲੇਰ, ਨਿਸ਼ਾਨ ਸਿੰਘ ਮਲੀਆ ਆਦਿ ਐਡਹਾਕ ਜ਼ਿਲਾ ਕਮੇਟੀ ਮੈਂਬਰ ਚੁਣੇ ਗਏ। ਇਸ ਮੌਕੇ ਕਮੇਟੀ ਨੇ ਨਛੱਤਰ ਸਿੰਘ ਪੰਨੂ ਨੂੰ ਐਡਹਾਕ ਕਨਵੀਨਰ ਅਤੇ ਸੁਖਚੈਨ ਸਿੰਘ ਸਰਹਾਲੀ ਖੁਰਦ ਨੂੰ ਕੋ-ਕਨਵੀਨਰ ਚੁਣ ਲਿਆ। ਨਛੱਤਰ ਸਿੰਘ ਪੰਨੂ ਨੇ ਇਸ ਮੌਕੇ ਬੋਲਿਆਂ ਹਾਜ਼ਰ ਕਿਸਾਨ ਆਗੂਆਂ ਨੂੰ ਭਰੋਸਾ ਦੁਆਇਆ ਕਿ ਜ਼ਿਲੇ ਅੰਦਰ ਕਿਸਾਨੀ ਮਸਲਿਆਂ ਅਤੇ ਲੋਕਾਂ ਨਾਲ ਜੁੜੇ ਸਭ ਮੁੱਦਿਆਂ 'ਤੇ ਹਰ ਪੱਧਰ 'ਤੇ ਨਿਆਂ ਲਈ ਜੱਦੋਜਹਿਦ ਵਿੱਚ ਅਗੇ ਵਧ ਕੇ ਸੰਘਰਸ਼ ਦੀ ਅਗਵਾਈ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਭਿੰਦਰ ਸਿੰਘ, ਰਾਜਦੀਪ ਸਿੰਘ, ਬੀਬੀ, ਸਰਹਾਲੀ, ਹਰਭਾਗ ਸਿੰਘ, ਕੁਲਦੀਪ ਸਿੰਘ ਸਖੀਰਾ, ਕੁਲਜੀਤ ਸਿੰਘ ਤਖੂਚੱਕ, ਖਜਾਨ ਸਿੰਘ, ਬਲਕਾਰ ਸਿੰਘ, ਕਰਮਜੀਤ ਸਿੰਘ ਕਲੇਰ, ਪੁਸ਼ਪਿੰਦਰ ਸਿੰਘ ਅਤੇ ਗੁਰਪਿੰਦਰ ਸਿੰਘ ਆਦਿ ਹਾਜ਼ਰ ਸਨ।

# ਤਿੰਨ ਚਾਲੂ ਭੱਠੀਆਂ ਸਣੇ ਲਾਹਣ ਤੇ ਨਾਜਾਇਜ਼ ਸ਼ਰਾਬ ਫੜੀ

**ਕਲਾਨੌਰ, (ਕੋਹਲੀ)**-ਜ਼ਿਲ੍ਹਾ ਗੁਰਦਾਸਪੁਰ ਦੇ ਐੱਸਐੱਸਪੀ ਦੀਪਕ ਹਿਲੋਰੀ ਕਲਾਨੌਰ ਤੇ ਡੀਐੱਸਪੀ ਗੁਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਸ ਥਾਣਾ ਕਲਾਨੌਰ ਦੇ ਐੱਸਐੱਚਓ ਮਨਜੀਤ ਸਿੰਘ ਵੱਲੋਂ ਨਸ਼ਿਆਂ ਅਤੇ ਨਾਜਾਇਜ਼ ਸ਼ਰਾਬ ਦੀ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਦੇ ਚੱਲਦੇ ਇੱਕੋ ਦਿਨ ਤਿੰਨ ਚਾਲੂ ਭੱਠੀਆਂ ਅਤੇ ਹਜ਼ਾਰਾਂ ਲਿਟਰ ਲਾਹਣ ਅਤੇ ਨਾਜਾਇਜ਼ ਸ਼ਰਾਬ ਫੜੀ ਗਈ। ਇਸ ਸਬੰਧੀ ਐੱਸਐੱਚਓ ਮਨਜੀਤ ਸਿੰਘ ਨੇ ਦੱਸਿਆ ਕਿ ਪਿੰਡ ਜੀਊ ਜੁਲਾਈ, ਸਾਹਲੇ ਚੱਕ , ਛੋਹਣ, ਸ਼ਹੂਰ ਖੁਰਦ, ਸ਼ਹੂਰ ਕਲਾਂ, ਧੀਦੋਵਾਲ, ਬਰੀਲਾ ਖੁਰਦ, ਬੋਹੜ ਵਡਾਲਾ, ਚੰਦੂ ਵਡਾਲਾ ਆਦਿ ਸਰਹੱਦੀ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਪੁਲਸ ਮੁਲਾਜ਼ਮਾਂ ਸਮੇਤ ਉਕਤ ਪਿੰਡਾਂ ਵਿੱਚ ਘਰ-ਘਰ ਜਾ ਕੇ ਤਲਾਸ਼ੀ ਅਤੇ ਸਰਚ ਅਭਿਆਨ ਸ਼ੁਰੂ ਕੀਤਾ ਹੋਇਆ ਸੀ ਜਿਸ ਦੌਰਾਨ ਪਿੰਡ ਛੋਹਣ ਵਿਖੇ ਦੋ ਘਰਾਂ ਵਿੱਚ ਕੱਢੀ ਜਾ ਰਹੀ ਨਾਜਾਇਜ਼ ਦੇਸੀ ਸ਼ਰਾਬ ਦੀਆਂ ਚਾਲੂ ਭੱਠੀਆਂ ਫੜੀਆਂ ਗਈਆਂ। ਇਸ ਦੌਰਾਨ ਐੱਸਐੱਚਓ ਮਨਜੀਤ ਸਿੰਘ ਦੱਸਿਆ ਕਿ ਪਿੰਡ ਛੋਹਣ ਦੇ ਫਿਲਪਸ ਪੁੱਤਰ ਪੁੱਤਰ ਅਜੀਤ ਮਸੀਹ ਕੋਲੋਂ 160 ਲੀਟਰ ਲਾਹਣ ਅਤੇ 26250/ ਐੱਮਐੱਲ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ ਜਦਕਿ ਪਿੰਡ ਛੋਹਣ ਦੇ ਹੀ ਪ੍ਰਿੰਸ ਪੁੱਤਰ ਸਲਮਾਨ ਕੋਲੋਂ 140 ਕਿਲੋ ਲਾਹਣ ਅਤੇ 18750/ਐੱਮਐੱਲ ਨਾਜਾਇਜ਼ ਸ਼ਰਾਬ ਫੜੀ ਜਦਕਿ ਪਿੰਡ ਬਰੀਲਾ ਖੁਰਦ ਦੇ ਗੁਰਮੀਤ ਸਿੰਘ ਪੁੱਤਰ ਹਰਭਜਨ ਸਿੰਘ ਪਾਸੋਂ ਫੜੀ ਚਾਲੂ ਭੱਠੀ ਦੌਰਾਨ ਉਸ ਕੋਲੋਂ 180 ਕਿਲੋ ਲ਼ਾਹਣ ਅਤੇ ਇਕ ਪਲਾਸਟਿਕ ਦਾ ਕੈਨ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਤਿੰਨਾਂ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਚਾਚੇ-ਭਤੀਜੇ 'ਤੇ ਜਾਨਲੇਵਾ ਹਮਲਾ, ਹਾਲਤ ਨਾਜ਼ੁਕ

**ਮਜੀਠਾ (ਸੋਇਮ ਆਨੰਦ)**-ਬੀਤੀ ਅੱਧੀ ਰਾਤ ਇਥੋਂ ਨਾਲ ਲੱਗਦੇ ਪਿੰਡ ਹਮਜਾ ਦੇ ਨਜ਼ਦੀਕ ਅਣਪਛਾਤੇ ਵਿਅਕਤੀਆਂ ਵੱਲੋਂ ਚਲਾਈ ਗੋਲੀ ਨਾਲ ਮੌਜੂਦਾ ਸਰਪੰਚ ਦੇ ਪਤੀ ਅਤੇ ਉਸ ਦੇ ਭਤੀਜੇ ਦੇ ਜ਼ਖਮੀ ਹੋਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਬਲਾਕ ਮਜੀਠਾ ਅਧੀਨ ਆਉਂਦੇ ਪਿੰਡ ਕੋਟਲਾ ਮੱਝਾ ਸਿੰਘ ਦੀ ਮੌਜੂਦਾ ਸਰਪੰਚ ਸ਼ਰਨਜੀਤ ਕੌਰ ਦੇ ਪਤੀ ਪ੍ਰਤਾਪ ਸਿੰਘ ਪੁੱਤਰ ਮਹਿੰਦਰ ਸਿੰਘ ਆਪਣੇ ਭਤੀਜੇ ਅਮਰਜੀਤ ਸਿੰਘ ਨਾਲ ਆਪਣੀ ਕਾਰ 'ਤੇ ਸਵਾਰ ਹੋ ਕੇ ਆਪਣੇ ਪਿੰਡ ਤੋਂ ਮਜੀਠਾ ਵੱਲ ਆ ਰਹੇ ਸਨ ਕਿ ਸਾਹਮਣੇ ਤੋਂ ਆ ਰਹੀਆਂ ਦੋ ਕਾਰਾਂ ਵਿੱਚ ਸਵਾਰ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਚਲਾ ਦਿੱਤੀਆਂ ਗਈਆਂ ਜਿਸ ਵਿੱਚ ਸਰਪੰਚ ਦੇ ਪਤੀ ਪ੍ਰਤਾਪ ਸਿੰਘ ਉਰਫ ਕੈਰੋਂ ਅਤੇ ਉਸ ਦਾ ਭਤੀਜਾ ਅਮਰਜੀਤ ਸਿੰਘ ਗੰਭੀਰ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਇਲਾਜ ਲਈ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਇਸ ਦੌਰਾਨ ਪਤਾ ਲੱਗਾ ਹੈ ਕਿ ਸਰਪੰਚ ਦੇ ਪਤੀ ਦੀ ਹਾਲਤ ਨਾਜ਼ੁਕ ਬਣੀ ਹੈ। ਥਾਣਾ ਮਜੀਠਾ ਦੇ ਐੱਸਐੱਚਓ ਮਨਮੀਤਪਾਲ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆਂ ਕਿ ਉਨ੍ਹਾਂ ਪਾਸ ਅਜੇ ਤੱਕ ਕਿਸੇ ਵੀ ਧਿਰ ਵੱਲੋਂ ਕੋਈ ਲਿਖਤੀ ਦਰਖਾਸਤ ਨਹੀਂ ਦਿੱਤੀ ਗਈ। ਜ਼ਖਮੀ ਵਿਅਕਤੀਆਂ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ। ਬਿਆਨਾਂ ਦੇ ਆਧਾਰ 'ਤੇ ਮਾਮਲੇ ਦੀ ਛਾਣਬੀਨ ਕਰਕੇ ਮੁਲਜ਼ਮਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

# ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ ਸਜਾਈ

**ਤਰਨਤਾਰਨ (ਪ੍ਰਿਤਪਾਲ ਸਿੰਘ)**

ਭਗਵਾਨ ਵਾਲਮੀਕਿ ਸਕਤੀ ਸੰਗਠਨ ਵੱਲੋਂ ਹਰ ਸਾਲ ਦੀ ਤਰ੍ਹਾਂ ਤਰਨਤਾਰਨ ਵਿਖੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਵਿਸਾਲ ਸ਼ੋਭਾ ਯਾਤਰਾ ਦਾ ਆਯੋਜਨ ਸੰਗਠਨ ਦੇ ਪੰਜਾਬ ਪ੍ਰਧਾਨ ਮਨਜੀਤ ਸਿੰਘ ਮਿੱਟੂ ਦੀ ਅਗਵਾਈ ਹੇਠ ਕੀਤਾ ਗਿਆ ਜੋ ਮੁਰਾਦਪੁਰ ਦੇ ਭਗਵਾਨ ਵਾਲਮੀਕਿ ਜੀ ਦੇ ਮੰਦਰ ਤੋਂ ਸ਼ੁਰੂ ਹੋ ਕੇ ਤਰਨਤਾਰਨ ਸਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚੋਂ ਦੀ ਹੁੰਦੀ ਹੋਈ ਦੁਬਾਰਾ ਰਵਾਨਗੀ ਸਥਾਨ 'ਤੇ ਹੀ ਸੰਪੰਨ ਹੋਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਲਕਾ ਤਰਨਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਅਤੇ ਸ਼ਕਤੀ ਸੰਗਠਨ ਦੇ ਸਮੂੰਹ ਅਹੁਦੇਦਾਰਾਂ ਨੇ ਹਾਜ਼ਰੀ ਭਰੀ । ਇਸ ਮੌਕੇ ਡਾ. ਕਸ਼ਮੀਰ ਸਿੰਘ ਸੋਹਲ ਨੇ ਵਾਲਮੀਕਿ ਭਾਈਚਾਰੇ ਨੂੰ ਪ੍ਰਗਟ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਸੰਬੋਧਨ ਕਰਦਿਆਂ ਸਮੂਹ ਦੇਸ਼ ਨਿਵਾਸੀਆਂ ਨੂੰ ਵਧਾਈ ਦਿੱਤੀ ਅਤੇ ਆਈਆਂ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗੁਰਸੇਵਕ ਸਿੰਘ ਔਲਖ, ਸਾਹਿਬ ਸਿੰਘ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਵਰਿੰਦਰ ਬੱਗਾ, ਮੀਤ ਪ੍ਰਧਾਨ ਬਾਬਾ ਬਲਵੰਤ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਬੰਟੀ, ਖਜਾਨਚੀ ਪੁਸ਼ਪਿੰਦਰ ਸਿੰਘ ਬੰਟੀ, ਲਲਿਤ ਕੁਮਾਰ ਲਵਲੀ, ਵਿਜੇ ਚੰਗਿਆੜਾ, ਬਨਵਾਰੀ ਲਾਲ, ਬਲਬੀਰ ਸਿੰਘ ਬੀਰਾ ਨੌਰੰਗਾਬਾਦ, ਇੰਦਰਜੀਤ, ਮਲਕੀਤ ਸਿੰਘ ਮੱਲ੍ਹੀ, ਵਿਜੇ ਭਾਰਗਵ, ਤਰਸੇਮ ਮੁਰਾਦਪੁਰ, ਜੱਬਰ ਮੁਰਾਦਪੁਰ, ਭੁੱਟੂ ਸਾਹ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਤੋਂ ਜਥਿਆਂ ਨੇ ਸ਼ਿਰਕਤ ਕੀਤੀ।. ਆਈਆਂ ਹੋਈਆਂ ਸਾਰੀਆਂ ਸੰਗਤਾਂ ਨੇ ਗੁਰੂ ਕਾ ਲੰਗਰ ਛਕਿਆ। ਅਖੀਰ ਵਿੱਚ ਪੰਜਾਬ ਪ੍ਰਧਾਨ ਮਨਜੀਤ ਸਿੰਘ ਮਿੱਟੂ ਨੇ ਭਗਵਾਨ ਵਾਲਮੀਕਿ ਸ਼ਕਤੀ ਸੰਗਠਨ ਵੱਲੋਂ ਪ੍ਰਭੂ ਜੀ ਦੇ ਚਰਨਾਂ ਵਿੱਚ ਸਮੂਹ ਸੰਗਤਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।



# ਰਾਹਤ ਕੈਂਪਾਂ ਦੌਰਾਨ 339 ਸ਼ਿਕਾਇਤਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ : ਐੱਸ ਐੱਸ ਪੀ




**ਧਾਰੀਵਾਲ, (ਮਨਦੀਪ ਵਿੱਕੀ)**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਸ ਜ਼ਿਲ੍ਹਾ ਗੁਰਦਾਸਪੁਰ ਦੇ ਐੱਸਐੱਸਪੀ ਦੀਪਕ ਹਿਲੋਰੀ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਸਮੂਹ ਥਾਣਿਆਂ, ਸਬ-ਡਵੀਜ਼ਨਾਂ ਅਤੇ ਯੂਨਿਟਾਂ ਵਿੱਚ ਆਮ ਜਨਤਾ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਖੁੱਲ੍ਹਾ ਦਰਬਾਰ ਲਗਾਇਆ ਗਿਆ ਜਿਸ ਵਿੱਚ ਪੁਲੀਸ ਅਧਿਕਾਰੀਆਂ ਨੇ ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਥਾਣਿਆਂ ਅਤੇ ਯੂਨਿਟਾਂ ਵਿੱਚ ਦਿੱਤੀਆਂ ਗਈਆਂ 339 ਸ਼ਿਕਾਇਤਾਂ ਦੀ ਸੁਣਵਾਈ ਕਰਦੇ ਹੋਏ ਉਨ੍ਹਾਂ ਦਾ ਮੌਕੇ ਨਿਪਟਾਰਾ ਕੀਤਾ ਗਿਆ। ਸ੍ਰੀ ਹਿਲੋਰੀ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਖੁੱਲ੍ਹੇ ਦਰਬਾਰ ਲਗਾ ਕੇ ਆਮ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ/ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਪਾਰਦਰਸ਼ੀ ਤਰੀਕੇ ਨਾਲ ਬਿਨ੍ਹਾ ਭੇਦ-ਭਾਵ ਦੇ ਕੀਤਾ ਜਾਵੇਗਾ। ਪੁਲਸ ਥਾਣਾ ਧਾਰੀਵਾਲ ਵਿੱਚ ਐਸਐਚਓ ਸਰਬਜੀਤ ਸਿੰਘ ਚਾਹਲ ਦੇ ਪ੍ਰਬੰਧਾਂ ਵਿੱਚ ਲਗਾਏ ਰਾਹਤ ਕੈਂਪ ਦੌਰਾਨ ਐਸ. ਪੀ. ਹੈੱਡ ਕੁਆਰਟਰ ਗੁਰਦਾਸਪੁਰ ਨਵਜੋਤ ਸਿੰਘ ਅਤੇ ਡੀ.ਐਸ.ਪੀ. ਸੁਖਵਿੰਦਰ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਪੁਲਸ ਅਧਿਕਾਰੀਆਂ ਦੱਸਿਆ ਕਿ ਥਾਣਾ ਧਾਰੀਵਾਲ ਵਿੱਚ ਲਾਏ ਕੈਂਪ ਦੌਰਾਨ ਵੱਖ-ਵੱਖ ਮਾਮਲਿਆਂ ਦੀਆਂ 50 ਸ਼ਿਕਾਇਤਾਂ ਵਿੱਚੋਂ 17 ਸ਼ਿਕਾਇਤਾਂ ਦਾ ਨਿਪਟਾਰਾ ਮੌਕੇ 'ਤੇ ਕੀਤਾ ਗਿਆ। ਇਸ ਮੌਕੇ ਸਬ ਇੰਸਪੈਕਟਰ ਰਜਿੰਦਰ ਕੌਰ, ਮੁਨਸ਼ੀ ਏਐੱਸਆਈ ਮਹਿੰਦਰ ਪਾਲ ਸਮੇਤ ਹੋਰ ਵੀ ਪੁਲਸ ਅਧਿਕਾਰੀ ਹਾਜ਼ਰ ਸਨ। ਇਸੇ ਤਰ੍ਹਾਂ ਥਾਣਾ ਕਲਾਨੌਰ ਵਿੱਚ ਐੱਸ.ਐੱਚ.ਓ. ਮਨਜੀਤ ਸਿੰਘ ਦੇ ਪ੍ਰਬੰਧਾਂ ਹੇਠ ਲਗਾਏ ਰਾਹਤ ਕੈਂਪ ਦੌਰਾਨ ਵੱਖ-ਵੱਖ ਮਾਮਲਿਆਂ ਦੀਆਂ 30 ਸ਼ਿਕਾਇਤਾਂ ਵਿੱਚੋਂ 16 ਸ਼ਿਕਾਇਤਾਂ ਦਾ ਨਿਪਟਾਰਾ ਮੌਕੇ 'ਤੇ ਕੀਤਾ ਗਿਆ।

# ਸਰਕਾਰੀ ਅਦਾਰਿਆਂ 'ਚੋਂ ਸਿਆਸੀ ਦਖਲਅੰਦਾਜ਼ੀ ਖਤਮ ਹੋਵੇ : ਅਰੋੜਾ

**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**

ਪਿਛਲੇ ਕਈਆਂ ਸਾਲਾਂ ਤੋ ਸਰਕਾਰੀ ਅਦਾਰਿਆਂ ਵਿੱਚ ਸਮੇਂ ਦੀ ਹਕੂਮਤ ਦੀ ਸਿਆਸੀ ਦਖਲਅੰਦਾਜ਼ੀ ਚਲਦੀ ਆ ਰਹੀ ਹੈ ਜਿਸ ਨਾਲ ਉਸ ਪਾਰਟੀ ਦੇ ਲੀਡਰਾਂ ਅਤੇ ਵਰਕਰਾਂ ਦੇ ਕਹਿਣ ਤੇ ਹੀ ਕੰਮ ਹੁੰਦੇ ਹਨ ਸਰਕਾਰੀ ਅਫਸਰ ਮੁਲਾਜ਼ਮ ਵੀ ਪਿੱਠੂ ਬਣ ਕੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਦੇ ਹਨ। ਜਿਸ ਤਰ੍ਹਾਂ ਉਹ ਕਹਿੰਦੇ ਹਨ ਕੰਮ ਵੀ ਉਸੇ ਤਰ੍ਹਾਂ ਹੀ ਕਰਦੇ ਹਨ, ਹੋਰਨਾਂ ਦੇ ਕੰਮ ਇਨ੍ਹਾਂ ਕੀ ਕਰਨੇ ਹਨ। ਕਿਸੇ ਹੋਰ ਪਾਰਟੀ ਦੇ ਲੀਡਰ ਜਾਂ ਵਰਕਰ ਅਤੇ ਪਬਲਿਕ ਵਿੱਚੋਂ ਕਿਸੇ ਆਮ ਆਦਮੀ ਦੀ ਵੀ ਗੱਲ ਤੱਕ ਚੰਗੀ ਤਰਾਂ ਨਹੀਂ ਸੁਣਦੇ। ਇਨ੍ਹਾਂ ਗੱਲਾਂ ਦਾ ਜ਼ਿਕਰ ਪੱਤਰਕਾਰਾਂ ਨਾਲ ਕਰਦਿਆਂ ਲੋਕ ਲਹਿਰ ਪਾਰਟੀ ਦੇ ਪ੍ਰਧਾਨ ਗੁਰਜੀਤ ਸਿੰਘ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਰਵਾਇਤੀ ਪਾਰਟੀਆਂ ਦੇ ਰਿਸ਼ਵਤਖੋਰੀ ਅਤੇ ਭ੍ਰਿਸ਼ਟ ਹੋਏ ਸਿਸਟਮ ਤੋਂ ਅੱਕ ਕੇ ਲੋਕਾਂ ਨੇ ਕੋਈ ਬਹੁਤਾ ਕਾਬਲ ਉਮੀਦਵਾਰ ਨਹੀਂ ਦੇਖਿਆ ਸਗੋਂ ਉਲਟਾ ਪਾਰਟੀ ਦੇ ਝਾੜੂ ਚੋਣ ਨਿਸ਼ਾਨ 'ਤੇ ਭਰੋਸਾ ਕਰਕੇ ਭਾਰੀ ਬਹੁਮਤ ਦੇ ਨਾਲ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ। ਜਦੋਂ ਵੀ ਲੋਕ ਸਰਕਾਰੀ ਦਫਤਰਾਂ ਵਿੱਚ ਸਰਕਾਰੀ ਅਫਸਰਾਂ ਅਤੇ ਮੁਲਾਜ਼ਮਾਂ ਪਾਸ ਆਪਣੀਆਂ ਰਿਆਦ ਲੈ ਕੇ ਜਾਂਦੇ ਹਾਂ ਤਾਂ ਕੋਈ ਸੁਣਵਾਈ ਨਹੀਂ ਹੁੰਦੀ ਕਿਉਂਕਿ ਰੂਲਿੰਗ ਪਾਰਟੀ ਦੇ ਲੀਡਰਾਂ ਨੇ ਹਦਾਇਤ ਕੀਤੀ ਹੁੰਦੀ ਹੈ ਕਿ ਕਿਸੇ ਦਾ ਕੋਈ ਵੀ ਕੰਮ ਸਾਡੇ ਕਹਿਣ ਤੋਂ ਬਿਨਾਂ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੇ ਸਰਕਾਰੀ ਦਫਤਰਾਂ ਵਿੱਚ ਆਪਣੇ ਚਹੇਤੇ ਲੀਡਰ ਬਿਠਾ ਰੱਖੇ ਹਨ। ਉਹ ਜਿਸ ਦਾ ਚਾਹੇ ਕੰਮ ਹੋਣ ਦੇਣ ਜਾਂ ਨਾ ਉਨ੍ਹਾਂ ਦੀ ਮਰਜ਼ੀ 'ਤੇ ਨਿਰਭਰ ਕਰਦਾ। ਜੇਕਰ ਵਾਕਈ ਸਰਕਾਰ ਆਪਣੇ ਚੋਣ ਵਾਅਦਾ ਪੂਰਾ ਕਰਨਾ ਚਾਹੁੰਦੀ ਹੈ ਤਾਂ ਸਰਕਾਰੀ ਦਫਤਰਾਂ ਵਿੱਚ ਹਰ ਕੰਮ ਦਾ ਸਮਾਂ ਤੈਅ ਕਰੇ ਅਤੇ ਸਿਆਸੀ ਦਖਲਅੰਦਾਜ਼ੀ ਖਤਮ ਕਰਕੇ ਆਪਣੇ ਚਹੇਤੇ ਲੀਡਰਾਂ ਦਾ ਸਰਕਾਰੀ ਦਫਤਰਾਂ ਵਿੱਚ ਬੈਠਣਾ ਬੰਦ ਕਰੇ। ਸਰਕਾਰੀ ਮੁਲਾਜ਼ਮਾਂ ਨੂੰ ਹਰ ਕਿਸੇ ਦੀ ਗੱਲ ਸੁਣ ਕੇ ਸਮੇਂ ਸਿਰ ਕੰਮ ਦੀ ਹਦਾਇਤ ਦਿੱਤੀ ਜਾਵੇ ਨਹੀਂ ਤਾ ਮਜਬੂਰਨ ਸਾਨੂੰ ਹਾਈਕੋਰਟ ਵਿੱਚ ਇਸ ਦੇ ਖਿਲਾਫ ਰਿੱਟ ਦਾਇਰ ਕਰਨੀ ਪਵੇਗੀ। ਇਸ ਮੌਕੇ ਰਣਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਜਨਰਲ ਸਕੱਤਰ, ਮਾਸਟਰ ਸ਼ਕਤੀ ਸ਼ਰਮਾ ਸਲਾਹਕਾਰ, ਬਲਦੇਵ ਸਿੰਘ ਸ਼ਹਿਰੀ ਪ੍ਰਧਾਨ, ਡਾ. ਲਾਲ ਸਿੰਘ ਪ੍ਰਧਾਨ ਕਿਸਾਨ ਵਿੰਗ, ਰਣਜੀਤ ਸਿੰਘ ਰਸੂਲਪੁਰੀ, ਰਾਮ ਮੂਰਤੀ ਰਿਟਾ. ਜੇ. ਈ., ਰੋਹਿਤ ਕੁਮਾਰ, ਬਾਊ ਸੁਰਿੰਦਰ ਪਾਲ ਅਤੇ ਬਾਊ ਜਨਕ ਰਾਜ ਹਾਜ਼ ਸਨ ।

# ਮੈਡਲ ਜੇਤੂ ਖਿਡਾਰੀਆਂ ਦਾ ਮਾਣ-ਸਨਮਾਨ



**ਅੰਮ੍ਰਿਤਸਰ (ਅਰੋੜਾ)**

ਯੂਥ ਐਂਡ ਸਪੋਰਟਸ ਪ੍ਰਮੋਸ਼ਨ ਐਸੋਸੀਏਸ਼ਨ ਇੰਡੀਅਨ ਵੱਲੋਂ ਪੰਜਾਬ ਸਟੇਟ ਅਥਲੈਟਿਕਸ ਚੈਂਪੀਅਨਸ਼ਿਪ ਬੀ ਬਲਾਕ, ਅੰਮ੍ਰਿਤਸਰ ਵਿਖੇ ਕਰਵਾਈ ਗਈ। ਇਸ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰਤੀਯੋਗਤਾ ਵਿੱਚ ਪ੍ਰਭਾਕਰ ਸਕੂਲ ਦੇ ਵਿਦਿਆਰਥੀਆਂ ਨੇ ਅੰਡਰ 8, ਅੰਡਰ 10, ਅੰਡਰ 14, ਅੰਡਰ 17, ਵਿੱਚ 100 ਮੀਟਰ, 200 ਮੀਟਰ, 400 ਮੀਟਰ ਅਤੇ 800 ਮੀਟਰ ਪ੍ਰਤੀਯੋਗਤਾ ਵਿੱਚ ਭਾਗ ਲਿਆ ਜਿਸ ਵਿੱਚ ਖਿਡਾਰੀਆਂ ਦੇ ਨਾਮ ਅਦਿੱਤਿਆ ਰਾਮਪਾਲ, ਜਸਕੀਰਤ ਸਿੰਘ, ਪ੍ਰਿਆਂਸ਼ ਸ਼ਰਮਾ, ਦੀਦਾਰ ਸਿੰਘ, ਜੋਧਬੀਰ ਸਿੰਘ, ਆਯੂਸ਼ ਖਰਵਾਲ, ਮਨਮੀਤ ਸਿੰਘ, ਵੰਸ਼ਦੀਪ ਸਿੰਘ, ਪੰਚਮ ਰਾਣਾ, ਸੰਦੀਪ ਕੌਰ, ਕਰਮਜੀਤ ਕੌਰ, ਪਰਦੀਪ ਕੌਰ ਨੇ ਕੁੱਲ 12 ਗੋਲਡ ਮੈਡਲ , ਨਮਨ ਨਵਦੀਪ ਸਿੰਘ, ਅਤੁਲ ਯਾਦਵ, ਸਹਿਬਾਜ ਸਿੰਘ, ਆਸ਼ੀਸ ਕੌਰ ਨੇ ਕੁੱਲ 5 ਸਿਲਵਰ ਮੈਡਲ ਅਤੇ ਤਨਵੀਰ ਸਿੰਘ, ਯੁਵਰਾਜ, ਪਨਜੀਤ, ਸਰਤਾਲ ਸੁਖਮਨ, ਸਾਗਰ ਨੇ ਕੁੱਲ 4 ਬ੍ਰੌਂਜ਼ ਮੈਡਲ ਪ੍ਰਾਪਤ ਕੀਤੇ। ਅੱਜ ਇਨ੍ਹਾਂ ਸਮੂਹ ਸਕੂਲਾਂ ਦੇ ਖਿਡਾਰੀਆਂ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾ ਦਿੱਤੀਆ। ਇਸ ਮੌਕੇ ਪ੍ਰਿੰ. ਰਾਜੇਸ਼ ਪ੍ਰਾਭਕਰ, ਕੋਚ ਬਲਦੇਵ ਰਾਜ ਦੇਵ, ਮਨਵਿੰਦਰ ਸਿੰਘ, ਮੈਡਮ ਰਚਨਾ ਪ੍ਰਭਾਕਰ, ਕਰਨਰ ਸ਼ਿਵ ਪਟਿਆਲ, ਮੈਡਮ ਪ੍ਰਭਸਿਮਰਨ ਕੌਰ, ਮੈਡਮ ਨੀਲਮ ਅਤੇ ਸਮੂਹ ਸਟਾਫ ਮੌਜੂਦ ਸੀ।

# ਮੋਟਰਸਾਈਕਲਾਂ ਦੇ ਪਟਾਕੇ ਪਾਉਣ ਵਾਲਿਆਂ ਦੀ ਹੁਣ ਖੈਰ ਨਹੀਂ : ਡੀ ਐੱਸ ਪੀ

**ਪੱਟੀ (ਬਲਦੇਵ ਸਿੰਘ ਸੰਧੂ/ ਸ਼ਮਸ਼ੇਰ ਸਿੰਘ ਯੋਧਾ)**

ਪੱਟੀ ਹਲਕੇ ਚ ਜਿਥੇ ਪਹਿਲਾਂ ਬਾਈਕ ਵੱਲੋਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ। ਬਾਈਕ ਗੈਂਗ ਵੱਲੋਂ ਆਏ ਦਿਨ ਲੋਕਾਂ ਨੂੰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਜਾਂਦਾ ਉਥੇ ਬੋਲਟ ਮੋਟਰਸਾਈਕਲ ਦੇ ਪਟਾਕੇ ਪਾਉਣ ਪ੍ਰੈਸ਼ਰ ਹਾਰਨ ਵਾਲੇ ਮੋਟਰਸਾਈਕਲ ਸਵਾਰਾਂ ਤੋਂ ਲੋਕ ਡਾਢੇ ਪਰੇਸ਼ਾਨ ਦਿਖਾਈ ਦੇ ਰਹੇ। ਪਦਾਰਥਵਾਦੀ ਯੁੱਗ ਵਿੱਚ ਹਰ ਮਨੁੱਖ ਚਾਹੇ ਆਦਮੀ ਜਾਂ ਔਰਤ ਹੋਵੇ ਸਮਾਜਿਕ ਘਰੇਲੂ ਜ਼ਿੰਮੇਵਾਰੀਆ ਕਾਰਨ ਪ੍ਰੇਸ਼ਾਨੀ ਦੇ ਆਲਮ ਵਿਚ ਦਵਾਈਆਂ ਦੇ ਸਹਾਰੇ ਜ਼ਿੰਦਗੀ ਗੁਜਰ ਬਸਰ ਕਰ ਰਹੇ ਹਨ। ਹਲਕੇ ਅੰਦਰ ਨੌਜਵਾਨਾਂ ਵੱਲੋਂ ਆਪਣੇ ਵਹੀਕਲਾਂ ਤੇ ਪ੍ਰੈਸ਼ਰ ਹਾਰਨ ਲਵਾ ਤੇ ਬੋਲਟ ਮੋਟਰਸਾਈਕਲ ਦੇ ਸਿਲੰਸਰ ਲਾਹ ਕੇ ਪਟਾਕੇ ਪਾ ਕੇ ਜਿਥੇ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਉਥੇ ਅਵਾਜ਼ ਦੇ ਪ੍ਰਦੂਸ਼ਣ ਕਾਰਨ ਮਾਨਸਿਕ ਬਿਮਾਰੀਆਂ ਦੇ ਰੋਗੀ, ਸਕੂਲਾਂ 'ਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਤੇ ਹਸਪਤਾਲਾਂ 'ਚ ਇਲਾਜ ਕਰਵਾਉਣ ਵਾਲੇ ਦਿਲ ਦੇ ਮਰੀਜ਼ਾਂ ਤੇ ਆਮ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ। ਆਮ ਲੋਕਾਂ ਨੇ ਸੂਬਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਬੁਲਟ ਦੇ ਪਟਾਕੇ ਪਾਉਣ ਵਾਲਿਆਂ ਤੇ ਪ੍ਰੈਸ਼ਰ ਹਾਰਨ ਵਾਲੇ ਵਹੀਕਲ ਚਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਡੀਐਸਪੀ ਪੱਟੀ ਸਤਨਾਮ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਟ੍ਰੈਫਿਕ ਪੁਲਸ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਬੁੱਲਟ ਮੋਟਰਸਾਈਕਲ ਜ਼ਬਤ ਕੀਤੇ ਜਾਣ ਅਤੇ ਕਿਸੇ ਦਾ ਕੋਈ ਲਿਹਾਜ਼ ਨਾ ਕੀਤਾ ਜਾਵੇ।



# ਬਾਬਾ ਲੰਗਾਹ ਲਿੰਕ ਰੋਡ ਤੋਂ ਠੱਠੀ ਨੂੰ ਜਾਣ ਵਾਲੇ ਪੁਲ ਦਾ ਨੀਂਹ ਪੱਥਰ ਰੱਖਿਆ

**ਸਰਾਏ ਅਮਾਨਤ ਖਾਂ/ਝਬਾਲ , (ਮੱਖਣ ਮਨੋਜ)**-ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ: ਕਸ਼ਮੀਰ ਸਿੰਘ ਸੋਹਲ ਨੇ ਸੋਮਵਾਰ ਨੂੰ ਗੁਰਦੁਆਰਾ ਬਾਬਾ ਲੰਗਾਹ ਲਿੰਕ ਰੋਡ ਤੋਂ ਠੱਠੀ ਜਾਣ ਵਾਲੇ ਪੁੱਲ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਪੁਲ ਬਣਾਉਣ ਲਈ ਚਾਲੀ ਲੱਖ ਛੱਤੀ ਹਜ਼ਾਰ ਰੁਪਏ ਖਰਚ ਹੋਣਗੇ ਅਤੇ ਇਹ ਇੱਕ ਮਹੀਨੇ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਮਹਿਕਮੇ ਦੇ ਐਸਡੀਓ ਮਨਜੀਤ ਸਿੰਘ, ਜੇਈ ਜਸਕਰਨ ਸਿੰਘ, ਅਰਵਿੰਦਰ ਸਿੰਘ ਰਾਜੂ ਐਗਜ਼ੀਕਿਊਟਿਵ ਮੈਂਬਰ ਆਮ ਆਦਮੀ ਪਾਰਟੀ, ਗੁਰਪਿੰਦਰ ਸਿੰਘ ਨਾਥੂ ਬਾਬਾ ਲੰਗਾਹ, ਹਰਜੀਤ ਸਿੰਘ ਸੋਹਲ, ਸ਼ੋਸ਼ਲ ਮੀਡੀਆ ਇੰਚਾਰਜ ਮਾਣਕ ਸਿੰਘ ਝਬਾਲ, ਮਨਜਿੰਦਰ ਸਿੰਘ ਮੰਨੀ ਭੋਜੀਆਂ, ਬਲਜੀਤ ਸਿੰਘ ਢਿੱਲੋਂ ਸਰਾਂ, ਸਰਬਰਿੰਦਰ ਸਿੰਘ ਮੰਨਣ, ਗੁਰਪ੍ਰੀਤ ਸਿੰਘ ਮੰਨਣ, ਜੋਗਿੰਦਰ ਸਿੰਘ ਝਬਾਲ ਖੁਰਦ, ਚਰਨਜੀਤ ਸਿੰਘ ਮੰਤਰੀ ਜਗਤਪੁਰਾ, ਸਰਪੰਚ ਅਵਤਾਰ ਸਿੰਘ ਬੁਰਜ, ਗੁਰਜੀਤ ਸਿੰਘ ਬਾਬਾ ਸੋਨੀ, ਬਲਾਕ ਪ੍ਰਧਾਨ ਕਸ਼ਮੀਰ ਸਿੰਘ ਕਸੇਲ, ਮਨਜੀਤ ਸਿੰਘ ਕਸੇਲ, ਦਿਲਬਾਗ ਸਿੰਘ ਫੌਜੀ, ਗੁਰਭੇਜ ਸਿੰਘ ਭੇਜਾ ਸਰਾਂ, ਚਰਨਜੀਤ ਸਿੰਘ ਮੰਤਰੀ, ਰਾਜਵਿੰਦਰ ਸਿੰਘ ਮੰਨਣ, ਹੈਪੀ ਝਬਾਲ, ਮੈਂਬਰ ਪੰਚਾਇਤ ਅਨੂਪ ਸਿੰਘ ਮੰਨਣ, ਕੁਲਵਿੰਦਰ ਸਿੰਘ ਸਾਬੂ, ਮੈਡਮ ਤਸਬੀਰ ਕੌਰ, ਸੰਤੋਖ ਸਿੰਘ ਸੋਖੀ ਝਬਾਲ ਅਤੇ ਹੋਰ ਵੀ ਇਲਾਕਾ ਵਾਸੀ ਹਾਜ਼ਰ ਸਨ।



ਸਾਂਝਾ ਕਲੱਬ ਸ਼ਿਵ ਮੰਦਿਰ ਚਨਾਲੋਂ ਵੱਲੋ ਕਰਵਾਏ 26ਵੇਂ ਜਾਗਰਣ ਵਿੱਚ ਘੋੜਿਆਂ ਦੇ ਕਿੰਗ ਵਜੋਂ ਜਾਣੇ ਜਾਂਦੇ ਗੁਰਪ੍ਰਤਾਪ ਪਡਿਆਲਾ ਨੇ ਹਾਜਰੀ ਲਵਾਈ। ਉਹਨਾਂ ਦੇ ਨਾਲ ਜੈਲਦਾਰ ਸਤਵਿੰਦਰ ਸਿੰਘ ਚੈੜਿਆਂ, ਐਮ ਸੀ ਬਹਾਦੁਰ ਓਕੇ, ਅਸ਼ਵਨੀ ਸ਼ਰਮਾ, ਐਮ ਸੀ ਖੁਸ਼ਬੀਰ ਹੈਪੀ, ਐਮ ਸੀ ਨੰਦੀ ਪਾਲ ਬਾਂਸਲ, ਐਮ ਸੀ ਭਾਰਤ ਭੂਸ਼ਣ, ਐਕਸ ਐਮ ਸੀ ਮੁਕੇਸ਼ ਰਾਣਾ ,ਸੋਨੂੰ ਰਾਠੌਰ ਐਮ ਸੀ , ਸੰਜੂ ਰਾਣਾ ਆਦਿ ਹਾਜਰ ਸਨ। (ਫੋਟੋ ਤੇ ਵੇਰਵਾ ਮੋਹਨ ਅੱਗਰਵਾਲ ਜੱਗਾ, ਕੁਰਾਲੀ)

# ਲਾਡਲੇ ਸੇਵਕ ਦਲ ਵੱਲੋਂ ਪਲੇਠਾ ਸਾਲਾਨਾ ਜਾਗਰਣ

**ਬਿਆਸ (ਡੀ. ਕੇ. ਰੈੱਡੀ)**-ਰਈਆ ਦੇ ਪ੍ਰਾਚੀਨ ਮੰਦਰ ਮਾਤਾ ਰਾਨੀ ਗਲੀ ਸ਼ਰਮੇ ਵਾਲੀ ਵਿੱਚ ਮਹਾਮਾਈ ਦਾ ਜਾਗਰਣ ਮਾਂ ਚਿੰਤਪੁਰਨੀ ਦੇ ਲਾਡਲੇ ਸੇਵਕ ਦਲ ਦੇ ਪ੍ਰਬੰਧਕ ਰੋਹਿਤ ਅਰੋੜਾ ਅਤੇ ਮੋਨੂੰ ਸਲੂਨ ਵਾਲੇ ਵਲੋਂ ਸੰਗਤਾਂ ਦੇ ਸਿਹਯੋਗ ਨਾਲ ਕਰਵਾਇਆ ਗਿਆ। ਇਸ ਦੌਰਾਨ ਸ਼੍ਰੀ ਬਾਲ ਕ੍ਰਿਸ਼ਨ ਜੋਸ਼ੀ ਅਤੇ ਕੁਸ਼ਲ ਜੋਸ਼ੀ ਦੀ ਪਾਰਟੀ ਨੇ ਮਹਾਮਾਈ ਦਾ ਗੁਣਗਾਨ ਕੀਤਾ। ਜਾਗਰਣ ਦੌਰਾਨ ਮਹਾਮਾਈ ਦਾ ਲੰਗਰ ਸਾਰੀ ਰਾਤ ਚਲਦਾ ਰਿਹਾ। ਗੱਲਬਾਤ ਕਰਦੇ ਹੋਏ ਮਹਾਮਾਈ ਦੇ ਭਗਤ ਰਾਜ ਕੁਮਾਰ ਰਾਜੂ ਐੱਸ. ਟੀ. ਡੀ. ਵਾਲਿਆਂ ਨੇ ਕਿਹਾ ਕਿ ਅੱਜ ਮਹਾਮਾਈ ਦੀ ਬੜੀ ਕਿਰਪਾ ਹੋਈ ਹੈ ਜੋ ਅੱਜ ਮੰਦਰ ਵਿੱਚ ਨੌਜਵਾਨਾਂ ਵਲੋਂ ਜਾਗਰਣ ਕਰਾਇਆ ਜਾ ਰਿਹਾ ਹੈ ਅਤੇ ਸੰਗਤਾਂ ਵਲੋਂ ਵੀ ਵੱਡੀ ਗਿਣਤੀ ਵਿੱਚ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਮਾਂ ਚਿੰਤਾਪੁਰਨੀ ਦੇ ਲਾਡਲੇ ਸੇਵਾ ਦਲ ਦੇ ਪ੍ਰਬੰਧਕ ਰੋਹਿਤ ਅਰੋੜਾ, ਮੋਨੂੰ ਸਲੂਨ ਵਾਲੇ, ਆਕਾਸ਼ ਸਲੂਨ ਵਾਲੇ, ਮੌਂਟੂ ਤ੍ਰੇਹਨ, ਰਾਜ ਕੁਮਾਰ ਰਾਜੂ, ਸ਼ੇਰਾ ਸਲੂਨ ਵਾਲਾ, ਸੰਨੀ, ਪ੍ਰਦੀਪ, ਸਾਗਰ ਅਤੇ ਪ੍ਰਿੰਸ ਆਦਿ ਮੈਂਬਰਾਂ ਨੇ ਸੰਗਤ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

# ਭੂਰੀਵਾਲਾ ਆਸ਼ਰਮ ਦੇ ਸੰਚਾਲਕ ਸੁਆਮੀ ਦਰਸ਼ਨਾ ਨੰਦ ਉੱਪਰ ਹੋਏ ਹਮਲੇ ਦੀ ਨਿਖੇਧੀ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ)**

ਸਬ ਡਵੀਜ਼ਨ ਬਲਾਚੌਰ ਦੇ ਪਿੰਡ ਆਦੋਆਣਾ ਨਿਵਾਸੀ ਚਰਨਜੀਤ ਭਾਟੀਆ ਵਲੋਂ ਸਥਾਨਕ ਸ਼ਹਿਰ ਬਲਾਚੌਰ ਦੇ ਕੰਗਣਾ ਪੁਲ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਵਰਿੰਦਾਵਨ ਸਥਿਤ ਭੂਰੀਵਾਲਾ ਆਸ਼ਰਮ ਦੇ ਮੁੱਖ ਸੰਚਾਲਕ ਸੁਆਮੀ ਦਰਸ਼ਨਾ ਨੰਦ ਉਪਰ ਹੋਏ ਕਾਤਲਾਨਾ ਹਮਲੇ ਅਤੇ ਬਾਣੀ ਨੂੰ ਅਖੰਡਤ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਪੁਰਜ਼ੋਰ ਮੰਗ ਕੀਤੀ ਗਈ ਅਤੇ ਸਮਾਜ ਨੂੰ ਇੱਕ ਮੰਚ ਉਪਰ ਇਕੱਠੇ ਹੋ ਕੇ ਇਸ ਵਧੀਕੀ ਪ੍ਰਤੀ ਅਵਾਜ਼ ਉਠਾਉਣ ਦੀ ਵੀ ਮੰਗ ਕੀਤੀ । ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਚਰਨਜੀਤ ਭਾਟੀਆ ਨਿਵਾਸੀ ਆਦੋਆਣਾ ਨੇ ਆਖਿਆ ਕਿ ਸੁਆਮੀ ਭੂਮਾ ਨੰਦ ਚੇਲਾ ਸੁਆਮੀ ਲਾਲ ਦਾਸ ਭੂਰੀਵਾਲੇ ਵਲੋਂ ਆਪਣੇ ਵਸੀਅਤਨਾਮੇ ਵਿੱਚ ਆਪਣੀ ਕੁੱਲ ਸੰਪਤੀ ਦਾ ਵਾਰਸ / ਉਤਰਾਅਧਿਕਾਰੀ ਸੁਆਮੀ ਦਰਸ਼ਨਾ ਨੰਦ ਚੇਲਾ ਸੁਆਮੀ ਬ੍ਰਹਮਾਨੰਦ ਭੂਰੀਵਾਲੇ ਚੇਲਾ ਸੁਆਮੀ ਲਾਲ ਦਾਸੀ ਭੂਰੀਵਾਲੇ ਨੂੰ ਠਹਿਰਾਇਆ ਸੀ ਅਤੇ ਉਹਨਾਂ ਦੇ ਅਕਾਲ ਚਲਾਨਾ ਕਰ ਜਾਣ ਉਪਰੰਤ ਨਿਯਮਾਂ ਅਨੁਸਾਰ ਆਸ਼ਰਮ ਅਤੇ ਡੇਰਿਆਂ ਦਾ ਮੁੱਖ ਸੰਚਾਲਕ ਸੁਆਮੀ ਦਰਸ਼ਨਾ ਨੰਦ ਨੂੰ ਸਾਧੂ ਸਮਾਜ ਦੇ ਨਿਯਮਾਂ ਅਨੁਸਾਰ ਥਾਪਿਆ ਗਿਆ ਸੀ । ਮਗਰ ਕੁੱਝ ਲੋਕਾਂ ਨੂੰ ਸੁਆਮੀ ਦਰਸ਼ਨਾ ਨੰਦ ਦਾ ਮੁੱਖ ਸੰਚਾਲਕ ਬਣਾਏ ਜਾਣਾ ਪਸੰਦ ਨਹੀ ਸੀ ਕਿਉਂਕਿ ਉਹ ਖੁਦ ਆਪ ਅੱਗੇ ਆਉਣਾ ਚਾਹੁੰਦੇ ਸਨ । ਜਿਹੜੀ ਮੁੱਖ ਵਜ੍ਹਾ ਸੀ ਦੂਜੇ ਲੋਕਾਂ ਅੰਦਰ ਪੈਦਾ ਹੋਈ ਰੰਜਿਸ਼ ਦਾ ਸੀ । ਜਿਸ ਉਪਰੰਤ ਉਹਨਾਂ ਲੋਕਾਂ ਵੱਲੋਂ ਹੌਲੀ ਹੌਲੀ ਟਰੱਸਟ ਉਪਰ ਆਪਣਾ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ। ਉਹਨਾਂ ਆਖਿਆ ਕਿ ਬੀਤੇ ਸਮੇਂ ਵੀ ਸੁਆਮੀ ਦਰਸ਼ਨਾ ਨੰਦ ਵਲੋਂ ਵਰਿੰਦਾਵਨ ਦੀ ਪੁਲਸ ਨੂੰ ਸੂਚਨਾ ਦਿੱਤੀ ਗਈ ਕਿ ਉਨ੍ਹਾਂ ਨੂੰ ਖਤਰਾ ਹੈ ਜਿਸ ਉਪਰੰਤ ਆਸ਼ਰਮ ਵਿੱਚ ਪੁਲਿਸ ਵੀ ਲਗਾ ਦਿੱਤੀ ਗਈ ਸੀ । ਉਹਨਾਂ ਆਖਿਆ ਕਿ ਆਸ਼ਰਮ ਵਿੱਚ ਹਮਲੇ ਦੇ ਸੰਭਾਵੀ ਖਤਰੇ ਨੂੰ ਮੁੱਖ ਰੱਖਦਿਆਂ ਸੁਰੱਖਿਆ ਵਧਾਉਣ ਦੀ ਵਜਾਏ ਉਥੋਂ ਦੀ ਪੁਲਸ ਵਲੋਂ ਆਸ਼ਰਮ ਨੂੰ ਦਿੱਤੀ ਹੋਈ ਸਕਿਓਰਟੀ ਵੀ ਹਟਾ ਲਈ ਗਈ ਜਿਹੜੀ ਹਮਲਾਵਰਾਂ ਦੀ ਇੱਕ ਗਿਣੀ ਮਿਥੀ ਸਾਜ਼ਿਸ਼ ਦਾ ਨਤੀਜਾ ਸੀ । ਜਿਸ ਉਪਰੰਤ ਜਦ ਸੁਆਮੀ ਦਰਸ਼ਨਾ ਨੰਦ ਆਸ਼ਰਮ ਵਿੱਚ ਮੌਜੂਦ ਸਨ ਅਤੇ ਮਹਾਰਾਜ ਗਰੀਬ ਦਾਸ ਦੀ ਬਾਣੀ ਦਾ ਪਾਠ ਵੀ ਪ੍ਰਕਾਸ਼ ਹੋਇਆ ਸੀ ਤਾਂ ਕੁੱਝ ਲੋਕਾਂ ਵਲੋਂ ਆਸ਼ਰਮ ਅੰਦਰ ਦਾਖਲ ਹੋ ਕੇ ਉਨ੍ਹਾਂ ਉਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਸਖਤ ਜ਼ਖਮੀ ਕਰ ਦਿੱਤਾ ਅਤੇ ਇਸ ਨਾਲ ਬਾਣੀ ਵੀ ਅਖੰਡਤ ਹੋਈ ਜਿਹੜਾ ਕਿ ਇਹ ਅਤੀ ਮੰਦਭਾਗਾ ਕਾਰਾ ਸੀ । ਇਸ ਮੌਕੇ ਉਨ੍ਹਾਂ ਜ਼ਿਲ੍ਹਾ ਮਥੁਰਾ ਵਿੱਚ ਪੈਂਦੇ ਥਾਣਾ ਵਰਿੰਦਾਵਨ ਦਰਜ ਮੁਕੱਦਮਾ ਨੰਬਰ 0514 / 2022 ਜਿਹੜਾ ਕਿ ਆਸ਼ਰਮ ਵਿੱਚ ਹੋਏ ਕਾਤਲਾਨਾ ਹਮਲੇ ਉਪਰੰਤ ਦਰਜ ਰਜਿਸਟਰ ਹੋਇਆ ਬਾਰੇ ਜਾਣਕਾਰੀ ਦਿੱਤੀ । ਉਨ੍ਹਾਂ ਆਖਿਆ ਕਿ ਇਸ ਹਮਲੇ ਦੇ ਵਿੱਚ ਸ਼ਾਮਲ ਲੋਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ।

☬ ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ☬

ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬਾਨੀ,
ਚੌਥੇ ਪਾਤਸ਼ਾਹ
ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਗੁਰਪੁਰਬ
ਦੀ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ
ਹਾਰਦਿਕ ਵਧਾਈ

ਇਸ ਪਾਵਨ ਦਿਹਾੜੇ 'ਤੇ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਓ, ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਜੀਵਨ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦਾ ਭਾਵ ਪੈਦਾ ਕਰੀਏ ਅਤੇ ਸਿੱਖ ਸਿਧਾਂਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦਾ ਪ੍ਰਣ ਕਰੀਏ।

-ਗੁਰੂ ਪੰਥ ਦਾ ਦਾਸ-
ਐਡਵੋਕੇਟ ਹਰਜਿੰਦਰ ਸਿੰਘ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ : ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

11-Oct-PAGE-4.qxd 10/10/2022 10:07 PM Page 1

ਨਵਾਂ ਜ਼ਮਾਨਾ
ਮੰਗਲਵਾਰ, 11 ਅਕਤੂਬਰ 2022

# ਇੱਕ ਹਲਕਾ, ਇੱਕ ਉਮੀਦਵਾਰ

*ਲੰਮੇ ਸਮੇਂ ਬਾਅਦ ਇੱਕ ਵਿਅਕਤੀ ਦੇ ਇੱਕ ਹੀ ਹਲਕੇ ਤੋਂ ਚੋਣ ਲੜ ਸਕਣ ਦੇ ਬੰਧੇਜ਼ ਦਾ ਮੁੱਦਾ ਫਿਰ ਚਰਚਾ ਵਿੱਚ ਆ ਗਿਆ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਇਕ ਹਲਕਾ ਇੱਕ ਉਮੀਦਵਾਰ ਦਾ ਪ੍ਰਸਤਾਵ ਮੋਦੀ ਸਰਕਾਰ ਕੋਲ ਭੇਜਿਆ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨਰ ਨੇ ਇਸ ਸੰਬੰਧੀ ਕੇਂਦਰੀ ਕਾਨੂੰਨ ਮੰਤਰਾਲੇ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਸੀ।*

*ਇਸ ਤੋਂ ਪਹਿਲਾਂ ਵੀ 2004 ਵਿੱਚ ਚੋਣ ਕਮਿਸ਼ਨ ਵੱਲੋਂ ਇੱਕ ਹਲਕਾ ਇੱਕ ਉਮੀਦਵਾਰ ਬਾਰੇ ਪ੍ਰਸਤਾਵ ਵੇਲੇ ਦੀ ਸਰਕਾਰ ਨੂੰ ਭੇਜਿਆ ਗਿਆ ਸੀ, ਪਰ ਨਾ ਕਾਂਗਰਸ ਦੇ 10 ਸਾਲਾ ਰਾਜ ਦੌਰਾਨ ਤੇ ਨਾ ਹੀ ਹੁਣ ਤੱਕ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਇਸ ਵੱਲ ਕੋਈ ਧਿਆਨ ਦਿੱਤਾ ਗਿਆ।*

*ਇਸ ਸਮੇਂ ਵੀ ਇਹ ਮੁੱਦਾ ਇਸ ਲਈ ਚਰਚਾ ਵਿੱਚ ਆਇਆ ਹੈ ਕਿਉਂਕਿ ਇਸ ਸੰਬੰਧੀ ਇੱਕ ਜਨਹਿੱਤ ਪਟੀਸ਼ਨ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਚੱਲ ਰਹੀ ਹੈ। ਇਸ ਰਿੱਟ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਆਪਣੀ ਰਾਇ ਦੇਣ ਲਈ ਕਿਹਾ ਸੀ।*

*ਸਾਡੇ ਦੇਸ਼ ਵਿੱਚ ਜਨ ਪ੍ਰਤੀਨਿਧੀ ਕਾਨੂੰਨ ਦੇ ਸੈਕਸ਼ਨ 33 (7) ਵਿੱਚ ਦਰਜ ਨਿਯਮਾਂ ਅਨੁਸਾਰ ਕੋਈ ਵੀ ਵਿਅਕਤੀ ਦੋ ਹਲਕਿਆਂ ਤੋਂ ਚੋਣ ਲੜ ਸਕਦਾ ਹੈ। ਦੋਹਾਂ ਹਲਕਿਆਂ ਤੋਂ ਜਿੱਤ ਜਾਣ ਦੀ ਸੂਰਤ ਵਿੱਚ ਉਸ ਨੂੰ ਇੱਕ ਹਲਕੇ ਤੋਂ ਅਸਤੀਫ਼ਾ ਦੇਣਾ ਪੈਂਦਾ ਹੈ। ਪਹਿਲੇ ਪਹਿਲ ਤਾਂ ਇੱਕ ਉਮੀਦਵਾਰ ਉੱਤੇ ਕੋਈ ਰੋਕ ਹੀ ਨਹੀਂ ਸੀ ਕਿ ਉਹ ਕਿੰਨੇ ਹਲਕਿਆਂ ਤੋਂ ਲੜੇ, ਭਾਵ ਉਹ ਚਾਹਵੇ ਤਾਂ ਵਿਧਾਨ ਸਭਾ ਦੇ ਸਾਰੇ ਹਲਕਿਆਂ ਤੋਂ ਵੀ ਨਾਮਜ਼ਦਗੀ ਭਰ ਸਕਦਾ ਸੀ, ਪਰ 1996 ਵਿੱਚ ਜਨ ਪ੍ਰਤੀਨਿਧੀ ਕਾਨੂੰਨ ਵਿੱਚ ਸੋਧ ਕਰਕੇ ਇਸ ਨੂੰ ਦੋ ਹਲਕਿਆਂ ਤੱਕ ਸੀਮਿਤ ਕਰ ਦਿੱਤਾ ਗਿਆ ਸੀ।*

*ਚੋਣ ਕਮਿਸ਼ਨ ਦੇ ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਹਲਕਿਆਂ ਤੋਂ ਜਿੱਤਣ ਬਾਅਦ ਜਦੋਂ ਵਿਅਕਤੀ ਇੱਕ ਸੀਟ ਖਾਲੀ ਕਰਦਾ ਹੈ ਤਾਂ ਉਸ ਲਈ ਉਪ ਚੋਣ ਕਰਾਉਣੀ ਪੈਂਦੀ ਹੈ। ਇਸ ਨਾਲ ਸਰਕਾਰੀ ਪੈਸੇ ਦੀ ਦੁਰਵਰਤੋਂ ਹੁੰਦੀ ਹੈ। ਜੇਕਰ ਇੱਕ ਹਲਕਾ ਇੱਕ ਉਮੀਦਵਾਰ ਦਾ ਕਾਨੂੰਨ ਬਣਾ ਦਿੱਤਾ ਜਾਵੇ ਤਾਂ ਇਸ ਦੀ ਨੌਬਤ ਹੀ ਨਹੀਂ ਆਵੇਗੀ। ਚੋਣ ਕਮਿਸ਼ਨ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਜੇਕਰ ਸਰਕਾਰ ਮੌਜੂਦਾ ਢੰਗ ਨੂੰ ਬਦਲਣਾ ਨਹੀਂ ਚਾਹੁੰਦੀ ਤਾਂ ਉਪ ਚੋਣ ਦੇ ਖਰਚੇ ਦੀ ਸਾਰੀ ਜ਼ਿੰਮੇਵਾਰੀ ਉਸ ਹਲਕੇ ਤੋਂ ਜਿੱਤ ਕੇ ਅਸਤੀਫ਼ਾ ਦੇਣ ਵਾਲੇ ਵਿਅਕਤੀ ਸਿਰ ਪਾਈ ਜਾਵੇ।*

*ਚੋਣ ਕਮਿਸ਼ਨਰ ਵੱਲੋਂ ਭੇਜੇ ਪ੍ਰਸਤਾਵ ਉੱਤੇ ਜੇਕਰ ਮੋਦੀ ਸਰਕਾਰ ਹਾਮੀ ਭਰ ਦਿੰਦੀ ਹੈ ਤਾਂ ਉਸ ਨੂੰ ਲੋਕ ਪ੍ਰਤੀਨਿਧਤਾ ਕਾਨੂੰਨ 1951 ਵਿੱਚ ਸੋਧ ਕਰਨੀ ਪਵੇਗੀ। ਇਸ ਲਈ ਵਿਰੋਧੀ ਪਾਰਟੀਆਂ ਨੂੰ ਵੀ ਭਰੋਸੇ ਵਿੱਚ ਲੈਣਾ ਪਵੇਗਾ।*

*ਇਸ ਵਿੱਚ ਦੋ ਰਾਵਾਂ ਨਹੀਂ ਕਿ ਸਾਡੀ ਚੋਣ ਪ੍ਰਕ੍ਰਿਆ ਵਿੱਚ ਕਾਫ਼ੀ ਖਾਮੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਜ਼ਰੂਰੀ ਹੈ। ਮਾਰਚ 2015 ਵਿੱਚ ਕਾਨੂੰਨ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਕਈ ਸੁਝਾਅ ਦਿੱਤੇ ਸਨ। ਇਨ੍ਹਾਂ ਵਿੱਚ ਇੱਕ ਹਲਕਾ ਇੱਕ ਉਮੀਦਵਾਰ ਦੇ ਨਾਲ ਹੀ ਅਜ਼ਾਦ ਉਮੀਦਵਾਰਾਂ ਦੀ ਗਿਣਤੀ ਨੂੰ ਘਟਾਉਣ ਬਾਰੇ ਸੁਝਾਅ ਸ਼ਾਮਲ ਸੀ। ਇਸ ਸਮੇਂ ਚੋਣਾਂ ਵਿੱਚ ਡੰਮੀ ਉਮੀਦਵਾਰ ਖੜ੍ਹੇ ਕਰਨ ਦਾ ਚਲਨ ਹੋ ਗਿਆ ਹੈ। ਵੋਟਰਾਂ ਨੂੰ ਭਰਮ ਵਿੱਚ ਪਾਉਣ ਲਈ ਇੱਕੋ ਜਿਹੇ ਨਾਂਅ ਵਾਲੇ ਦਰਜਨਾਂ ਉਮੀਦਵਾਰ ਖੜ੍ਹੇ ਕਰ ਦਿੱਤੇ ਜਾਂਦੇ ਹਨ। ਚੋਣ ਕਮਿਸ਼ਨ ਨੂੰ ਉਨ੍ਹਾਂ ਜੇਤੂ ਉਮੀਦਵਾਰਾਂ ਬਾਰੇ ਵੀ ਸੋਚਣਾ ਚਾਹੀਦਾ ਹੈ, ਜਿਹੜੇ ਜਿੱਤਣ ਤੋਂ ਬਾਅਦ ਦਲਬਦਲੀ ਕਰਨ ਲਈ ਆਪਣੀਆਂ ਸੀਟਾਂ ਤੋਂ ਅਸਤੀਫ਼ਾ ਦੇ ਕੇ ਮੁੜ ਦੂਜੀ ਪਾਰਟੀ ਦੇ ਚੋਣ ਨਿਸ਼ਾਨ ਉੱਤੇ ਉਸੇ ਸੀਟ ਤੋਂ ਹੀ ਦੁਬਾਰਾ ਚੋਣ ਲੜ ਲੈਂਦੇ ਹਨ । ਇਸ ਨਾਲ ਤਾਂ ਸਰਕਾਰੀ ਪੈਸੇ ਦੀ ਹੋਰ ਵੀ ਵੱਡੀ ਬਰਬਾਦੀ ਹੁੰਦੀ ਹੈ।*

*ਸੁਪਰੀਮ ਕੋਰਟ ਦੇ ਜਸਟਿਸ ਦੀਪਕ ਮਿਸ਼ਰਾ, ਏ ਐੱਮ ਖਾਨਵਿਲਕਰ ਤੇ ਡੀ ਵਾਈ ਚੰਦਰਚੂੜ ਦੀ ਤਿੰਨ ਮੈਂਬਰੀ ਬੈਂਚ ਨੇ ਦਾਇਰ ਰਿੱਟ ਪਟੀਸ਼ਨ ਉੱਤੇ ਭਾਰਤ ਦੇ ਅਟਾਰਨੀ ਜਨਰਲ ਨੂੰ ਵੀ ਆਪਣੀ ਰਾਇ ਦੇਣ ਦਾ ਹੁਕਮ ਦਿੱਤਾ ਹੈ। ਹੁਣ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿੱਚ ਹੈ, ਦੇਖਦੇ ਹਾਂ ਉਹ ਚੋਣ ਕਮਿਸ਼ਨ ਦੇ ਪ੍ਰਸਤਾਵ ਉੱਤੇ ਕੀ ਫੈਸਲਾ ਲੈਂਦੀ ਹੈ ਜਾਂ ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਇਸ ਨੂੰ ਠੰਢੇ ਬਸਤੇ ਵਿੱਚ ਪਾ ਕੇ ਰੱਖ ਛੱਡਦੀ ਹੈ।*

## ਪਾਠਕ-ਸੱਥ

### ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਮਿਲਾਵਟਖੋਰੀ

ਕਿਸੇ ਵੀ ਖਾਣ-ਪੀਣ ਵਾਲੀਆਂ ਵਸਤੂਆਂ ਵਿੱਚ ਮਿਲਾਵਟਖੋਰੀ ਦੋਸਤੋ ਸੱਚਮੁੱਚ ਹੀ ਮਨੁੱਖੀ ਜ਼ਿੰਦਗੀਆਂ ਨਾਲ ਖਿਲਵਾੜ ਹੋ ਰਿਹਾ ਹੈ। ਕੀ ਮਿਲਾਵਟਖੋਰੀ ਨੂੰ ਠੱਲ੍ਹ ਪੈ ਸਕਦੀ ਹੈ ? ਅੱਜ ਜੇਕਰ ਆਪਾਂ ਬਜ਼ਾਰੀ ਖਾਣ-ਪੀਣ ਦੀਆ ਵਸਤੂਆਂ ਵੱਲ ਦੇਖੀਏ ਤਾਂ ਜਿਵੇਂ ਕਹਿ ਲਵੋ ਕਿ ਹਰ ਚੀਜ਼ ਵਿੱਚ ਹੀ ਮਿਲਾਵਟ ਹੈ ਅਤੇ ਲੱਗ ਰਿਹਾ ਹੋਵੇ ਜਿਵੇ ਆਪਾਂ ਖਾਣੇ ਦੇ ਨਾਲ-ਨਾਲ ਜ਼ਹਿਰ ਪਰੋਸ ਰਹੇ ਹੋਈਏ, ਪਰ ਹਰ ਇੱਕ ਨਕਲੀ ਚੀਜ਼ ਅਸਲੀ ਨਾਲੋ ਜ਼ਿਆਦਾ ਪ੍ਰਭਾਵਤ ਕਰਦੀ ਹੈ । ਸੱਚ ਪੁੱਛੋ ਤਾਂ ਅਸੀ ਖਾਣੇ ਦੇ ਨਾਲ-ਨਾਲ ਜ਼ਹਿਰ ਖਾ ਰਹੇ ਹਾਂ, ਜੋ ਮੁਨੱਖੀ ਜ਼ਿੰਦਗੀ ਲਈ ਬਹੁਤ ਘਾਤਕ ਰੂਪ ਧਾਰ ਰਿਹਾ ਹੈ, ਇਹ ਮਿਲਾਵਟ ਰੂਪੀ ਜ਼ਹਿਰ ਸਾਡੇ ਸਰੀਰ ਉੱਤੇ ਐਸਾ ਅਸਰ ਪਾਉਦਾ ਹੈ, ਜਿਸ ਦਾ ਕਦੇ ਅਸੀ ਅੰਦਾਜ਼ਾ ਵੀ ਨਹੀ ਲਗਾਇਆ ਹੁੰਦਾ। ਸੋ ਐਸੀ ਮਿਲਾਵਟਖੋਰੀ ਅਨੇਕਾਂ ਬਿਮਾਰੀਆ ਨੂੰ ਸੱਦਾ ਦਿੰਦੀ ਹੈ। ਜਿਵੇ ਹਾਈ ਬਲੱਡ ਪ੍ਰੈਸ਼ਰ, ਸਾਹ, ਦਮਾ, ਡਿਪਰੈਸ਼ਨ, ਸਿਰ ਦਰਦ, ਪੇਟ ਦਰਦ, ਸ਼ੂਗਰ ਅਤੇ ਕੈਂਸਰ ਆਦਿ। ਇਨ੍ਹਾਂ ਜਾਨਲੇਵਾ ਬਿਮਾਰੀਆਂ ਨਾਲ ਸਾਰੀ ਦੁਨੀਆਂ ਜੂਝ ਰਹੀ ਹੈ, ਜੋ ਕਿ ਰੁਕਣ ਦਾ ਨਾਂਅ ਨਹੀ ਲੈਂਦੀਆ, ਪਰ ਇਹ ਸਭ ਸਮੱਸਿਆਵਾਂ ਮਿਲਾਵਟਖੋਰੀ ਨਾਲ ਹੀ ਆ ਰਹੀਆਂ ਹਨ ਅਤੇ ਬਜ਼ਾਰ ਵਿੱਚੋ ਕੋਈ ਵੀ ਚੀਜ਼ ਬਿਨਾਂ ਮਿਲਾਵਟ ਮਿਲਦੀ ਹੀ ਨਹੀਂ ਲੂਣ, ਤੇਲ ਤੋਂ ਲੈ ਕੇ ਹਰੀਆਂ ਸਬਜ਼ੀਆਂ, ਸੁੱਕੀਆਂ ਦਾਲਾਂ, ਫਰੂਟ, ਦੁੱਧ, ਪਨੀਰ, ਮਠਿਆਈ ਅਤੇ ਗਰਮ ਮਸਾਲੇ, ਲਾਲ ਮਿਰਚ ਆਦਿ ਵਿੱਚ ਕਈ ਤਰ੍ਹਾਂ ਦੇ ਰਸਾਇਣ ਮਿਲਾਉਦੇ ਹਨ, ਜੋ ਸਾਡੇ ਸਰੀਰ ਨੂੰ ਅੰਦਰੋ-ਅੰਦਰੀ ਖੋਖਲਾ ਕਰ ਰਹੇ ਹਨ। ਕੁਝ ਤੇ ਤਰਸ ਕਰੋ ਭਲਿਓਮਾਣਸੋ, ਮਿਲਾਵਟਖੋਰੀ ਕਰਕੇ ਕਿਉਂ ਪੈਸੇ ਦੇ ਨਾਲ-ਨਾਲ ਬਦਦੂਆਵਾਂ ਵੀ ਕਮਾ ਰਹੇ ਹੋ । ਜੇਕਰ ਥੋੜ੍ਹੀ ਜਿਹੀ ਵੀ ਦਰਿਆਦਿਲੀ ਹੈ ਤੁਹਾਡੇ ਕੋਲ ਤਾਂ ਬੰਦ ਕਰੋ ਜ਼ਹਿਰ ਪਰੋਸਣਾ, ਤਾਂ ਜੋ ਲੋਕਾਂ ਨੂੰ ਮੌਤ ਦੇ ਮੂੰਹ ਚੋਂ ਬਚਾਇਆ ਜਾ ਸਕੇ ਅਤੇ ਲੋਕ ਤੰਦਰੁਸਤ ਜੀਵਨ ਬਤੀਤ ਕਰ ਸਕਣ ।

-ਪਰਮਜੀਤ ਕੌਰ ਸੋਢੀ, 94786-58384

# ਭਾਰਤ ਜੋੜੋ ਯਾਤਰਾ : ਕਿਸ 'ਤੇ ਕੀ ਪ੍ਰਭਾਵ


ਸੁੱਚਾ ਸਿੰਘ ਖਟੜਾ

ਰਾਹੁਲ ਗਾਂਧੀ ਵੱਲੋਂ ਭਾਰਤ ਜੋੜੋ ਯਾਤਰਾ ਆਪਣੇ ਪੰਧ ਅਤੇ ਸਮੇਂ ਦਾ ਪੰਜਵਾਂ ਭਾਗ ਪਾਰ ਕਰ ਗਈ ਹੈ। ਯਾਤਰਾ ਨੇ ਕਾਂਗਰਸ ਨੂੰ ਸੰਜੀਵਨੀ ਦਿੱਤੀ ਹੈ। ਦੇਸ਼ ਦੇ ਬੁੱਧੀਜੀਵੀਆਂ ਸਾਹਮਣੇ ਚੀਰ-ਫਾੜ ਲਈ ਇੱਕ ਨਵਾਂ ਵਰਤਾਰਾ ਉੱਭਰਦਾ ਜਾ ਰਿਹਾ ਹੈ। ਪੰਜਾਬ ਵਿੱਚ ਇਹ ਹਾਲੇ ਖ਼ਬਰੀ ਬਿਰਤਾਂਤ ਤੱਕ ਸੀਮਤ ਹੈ। ਗਹਿ-ਗਚ ਵਿਚਾਰ-ਵਟਾਂਦਰਿਆ, ਆਰਟੀਕਲਾਂ ਵਿੱਚ ਹਾਲੇ ਇਸ ਵਰਤਾਰੇ ਉਤੇ ਬਹੁ-ਦਿਸ਼ਾਵੀ ਰੋਸ਼ਨੀ ਪੈਂਦੀ ਦਿਸਦੀ ਨਹੀਂ। ਪਰ ਪੰਜਾਬ ਪਹੁੰਚਦਾ-ਪਹੁੰਚਦਾ ਇਹ ਵਰਤਾਰਾ ਹੋਰ ਵੀ ਵਿਸਥਾਰ ਅਤੇ ਗਹਿਰਾਈ ਪਾ ਚੁੱਕਾ ਹੋਵੇਗਾ। ਹੁਣ ਤੱਕ ਜੋ ਦਿਸਿਆ ਹੈ, ਉਨ੍ਹਾ 4 ਮਹੀਨੇ ਤੱਕ ਹੋਣ ਵਾਲੇ ਦਾ ਬੀਜ ਰੂਪ ਹੈ। ਇਸ ਲਈ ਇਸ ਬੀਜ ਰੂਪ ਆਰੰਭ 'ਤੇ ਵਿਚਾਰ ਕਰਨੀ ਬਣਦੀ ਹੈ। ਮਜ਼ੇਦਾਰ ਗੱਲ ਇਹ ਹੈ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ 'ਚਲ ਹੋਊ' ਸਮਝ ਕੇ ਪੰਜਾਬ ਵਿੱਚ ਨਵੀਂ ਸਰਕਾਰ ਵਲ ਅਤੇ ਪੰਜਾਬ ਵਿੱਚ ਨਵੇਂ ਉਭਰ ਰਹੇ ਅਤੇ ਉਭਾਰੇ ਜਾ ਰਹੇ ਮੁੱਦਿਆਂ ਵੱਲ ਵਧੇਰੇ ਨੀਝ ਟਿਕਾ ਰੱਖੀ ਹੈ। ਪੰਜਾਬ ਦੀਆਂ ਖੱਬੀਆਂ ਧਿਰਾਂ 'ਉਡੀਕੋ-ਵੇਖੋ' ਦੀ ਨੀਤੀ ਉੱਤੇ ਅਮਲ ਕਰ ਰਹੀਆਂ ਹਨ। ਯਾਤਰਾ ਉੱਤੇ ਸਾਡੀਆਂ ਅੱਜ ਦੀਆਂ ਟਿੱਪਣੀਆਂ ਦੀ ਹੋਣੀ ਜਿੱਥੇ ਰੌਚਕ ਹੋਵੇਗੀ, ਉੱਥੇ ਇੱਕਦਮ ਜਾਗੇ ਆਗੂਆਂ ਦਾ ਬਿਆਨੀਆਂ ਵੀ ਘੱਟ ਰੌਚਕ ਨਹੀਂ ਹੋਵੇਗਾ।

ਭਾਰਤ ਜੋੜੋ ਯਾਤਰਾ ਕਾਂਗਰਸ ਦੇ ਜੋਧਪੁਰ ਸੈਸ਼ਨ ਦਾ ਫ਼ੈਸਲਾ ਹੈ, ਪਰ ਰਾਹੁਲ ਗਾਂਧੀ ਨੇ ਯਾਤਰਾ ਦੀ ਅਗਵਾਈ ਕਾਂਗਰਸ ਦੀ ਥਾਂ ਆਪਣੇ ਹੱਥਾਂ ਵਿੱਚ ਲੈ ਲਈ ਹੈ। ਉਹ ਇਸ ਦਾ ਹੱਕਦਾਰ ਵੀ, ਕਿਉਂਕਿ ਬੀ ਜੇ ਪੀ ਵੱਲੋਂ ਧਾਰਮਕ, ਸਮਾਜਕ, ਆਰਥਕ ਅਤੇ ਸਿਆਸੀ ਪੱਖ ਤੋਂ ਜਿਵੇਂ ਭਾਰਤ ਨੂੰ ਲੀਰੋ ਲੀਰ ਅਤੇ ਭੰਨਿਆ, ਤੋੜਿਆ ਜਾ ਰਿਹਾ ਹੈ, ਉਸ ਵਿਰੁੱਧ ਕਾਂਗਰਸ ਪਾਰਟੀ ਅੰਦਰ ਰਾਹੁਲ ਗਾਂਧੀ ਹੀ ਹੈ, ਜੋ ਇੱਕ ਪਾਸੇ ਮੋਦੀ ਅਤੇ ਸ਼ਾਹ ਅਤੇ ਦੂਬੇ ਪਾਸੇ ਆਰ ਐੱਸ ਐੱਸ ਦੀ ਵਿਚਾਰਧਾਰਾ ਵਿਰੁੱਧ ਨਿਧੜਕ ਅਤੇ ਬੇਖੌਫ਼ ਬੋਲਦਾ ਆ ਰਿਹਾ ਹੈ। ਭਾਜਪਾ ਵੱਲੋਂ ਦੇਸ਼ ਨੂੰ ਲੀਰੋ-ਲੀਰ ਕਰਨ ਵਿਰੁੱਧ ਯਾਤਰਾ ਨੂੰ ਦਿੱਤਾ 'ਭਾਰਤ ਜੋੜੋ' ਨਾਂਅ ਢੁਕਵਾਂ ਵਾਕਅੰਸ਼ ਹੈ ਅਤੇ ਇਸ ਮੁਹਿੰਮ ਦਾ ਰਾਹੁਲ ਗਾਂਧੀ ਹੀ ਸੂਤਰਧਾਰ ਦਿਸ ਰਿਹਾ ਹੈ।

ਇਸ ਯਾਤਰਾ ਬਾਰੇ ਕਈ ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਚਾਰ ਸਾਲ ਪਹਿਲਾਂ ਸ਼ੁਰੂ ਕਰਨੀ ਚਾਹੀਦੀ ਸੀ। ਸਮਾਂ ਸ਼ਾਇਦ ਹੁਣ ਵਾਲਾ ਹੀ ਢੁੱਕਵਾਂ ਹੈ। ਚਾਰ ਸਾਲ ਪਹਿਲਾਂ ਨਾ ਹੀ ਭਾਜਪਾ ਦੀ ਸ਼ੈਲੀ ਦੇ ਰੰਗ ਉਭਰਨੇ ਸਨ ਨਾ ਹੀ ਰਾਹੁਲ ਗਾਂਧੀ ਵਿੱਚ ਅਜੋਕੀ ਗੰਭੀਰਤਾ ਆਉਣੀ ਸੀ। ਇਸ ਲਈ ਨਤੀਜੇ ਵੇਖਦਿਆਂ ਸਮਾਂ ਇਹ ਹੀ ਢੁੱਕਵਾਂ ਹੈ।

ਭਾਰਤ ਜੋੜੋ ਯਾਤਰਾ ਨਾਲ ਪ੍ਰਭਾਵਤ ਹੋਣ ਵਾਲੀਆਂ ਧਿਰਾਂ ਹਨ, ਕਾਂਗਰਸ ਪਾਰਟੀ ਦੀ ਜਥੇਬੰਦੀ, ਵਿਚਾਰਧਾਰਾ, ਰਾਹੁਲ ਗਾਂਧੀ ਦਾ ਵਿਅਕਤੀਤਵ, ਭਾਵ ਉਸ ਦੀ ਖੁਦ ਦੀ ਸ਼ਖਸੀਅਤ, ਦੇਸ਼ ਦੀ ਸਿਆਸਤ (ਭਾਜਪਾ ਅਤੇ ਵਿਰੋਧੀ ਏਕਤਾ), ਭਾਰਤ ਦੇ ਲੋਕ।

ਕਾਂਗਰਸ ਪਾਰਟੀ ਉੱਤੇ ਜਥੇਬੰਦਕ ਪ੍ਰਭਾਵ ਤਾਂ ਯਾਤਰਾ ਦੇ ਅਰੰਭ ਤੋਂ ਉਦੋਂ ਹੀ ਦਿਸ ਗਏ ਸਨ ਜਦੋਂ ਜੀ-23 ਦੇ ਆਪਣੀਆਂ ਆਗੂ ਤਲਵਾਰਾਂ ਮਿਆਨੀ ਪਾ ਕੇ ਕਾਂਗਰਸ ਪ੍ਰਧਾਨ ਦੇ ਚੋਣ ਅਮਲ ਵਿੱਚ ਪਾਰਟੀ ਦੀ ਮੁੱਖ ਧਾਰਾ ਦੀ ਕਤਾਰ ਵਿੱਚ ਖੜ ਗਏ। ਰਾਹੁਲ ਗਾਂਧੀ ਦਾ ਗਾਂਧੀ ਪਰਵਾਰ ਤੋਂ ਬਾਹਰਲੇ ਨੂੰ ਪ੍ਰਧਾਨ ਬਣਾਉਣ ਦਾ ਹੱਠ ਪੁਗਾਉਣ ਵਿੱਚ ਰਾਹੁਲ ਦੇ ਯਾਤਰਾ ਵਿੱਚ ਹੋਣ ਨੇ ਸਹਾਇਤਾ ਕੀਤੀ ਹੈ। ਭਾਰਤ ਜੋੜੋ ਯਾਤਰਾ ਨੇ ਕਾਂਗਰਸ ਦੀ ਚੋਣ ਅਤੇ ਕਾਂਗਰਸ ਦੀ ਚੋਣ ਨੇ ਭਾਰਤ ਜੋੜੋ ਯਾਤਰਾ ਦਾ ਮਹੱਤਵ ਵਧਾਇਆ ਹੈ। ਕਾਂਗਰਸ ਉੱਤੇ ਇਸ ਦੀ ਆਪਣੀ ਏਕਤਾ ਮਜ਼ਬੂਤ ਹੋਣ ਦਾ ਪ੍ਰਭਾਵ ਪੈ ਰਿਹਾ ਹੈ, ਨਹੀਂ ਤਾਂ ਕਾਂਗਰਸ ਪ੍ਰਧਾਨ ਦੀ ਉਮੀਦਵਾਰੀ ਉਤੇ ਪਿਆ ਖਿਲਾਰਾ ਸਮੇਟਣਾ ਔਖਾ ਹੋ ਜਾਣਾ ਸੀ। ਕਾਂਗਰਸ ਅੰਦਰੋਂ ਮੌਕਾਪ੍ਰਸਤਾਂ ਦਾ ਬਾਹਰ ਜਾਣਾ ਬੰਦ ਹੋ ਰਿਹਾ ਹੈ ਤੇ ਬਾਹਰ ਜਾ ਚੁੱਕਿਆਂ ਦੀ ਆਮਦ ਸ਼ੁਰੂ ਹੋ ਸਕਦੀ ਹੈ।



ਭਾਜਪਾ ਦੀ ਆਰਥਿਕ ਨੀਤੀ ਦੇ 'ਚੋਣਵੇਂ ਕਾਰਪੋਰੇਟੀ" ਮਾਡਲ ਉੱਤੇ ਲਗਾਤਾਰ ਕਾਂਗਰਸ ਹਮਲਾ ਕਰ ਰਹੀ ਹੈ। ਇਹ ਹਾਲੇ ਸਪੱਸ਼ਟ ਨਹੀਂ ਕਿ ਕੀ ਰਾਹੁਲ "ਚੋਣਵੇਂ ਕਾਰਪੋਰੇਟਾਂ" ਦੀ ਥਾਂ ਕਾਰਪੋਰੇਟਾਂ ਨੂੰ ਬਿਠਾਉਣਾ ਚਾਹੁੰਦਾ ਹੈ ? ਜਾਂ ਕੀ ਕਾਰਪੋਰੇਟ ਨੂੰ ਲਗਾਮ ਪਾ ਕੇ ਆਰਥਿਕ ਹੱਥ ਖਿੱਚਣ ਨੂੰ ਪਹਿਲ ਦੇਣੀ ਚਾਹੁੰਦਾ ਹੈ, ਜਿਵੇਂ ਚੀਨ ਵਿੱਚ ਹੈ। ਰਾਹੁਲ ਨੇ ਸੈਂਟਰ ਲੈਫਟ ਪੈਂਤੜਾ ਲੈ ਕੇ ਲੋਕਾਂ ਦੀ ਹਮਦਰਦੀ ਬਟੋਰਨੀ ਸ਼ੁਰੂ ਕੀਤੀ ਹੈ। ਇਹ ਨਹਿਰੂਵਾਦੀ ਵਿਚਾਰਧਾਰਾ ਹੈ। ਅੱਜ ਦੀ ਕਾਂਗਰਸ ਇਸ ਨੂੰ ਰਾਹੁਲ ਤੋਂ ਹੇਠਾਂ ਆਪਣੀਆਂ ਸਫ਼ਾਂ ਦੀ ਵਿਚਾਰਧਾਰਾ ਨੂੰ ਵੀ ਇਹ ਰੰਗ ਚੜ੍ਹਾਏਗੀ ਜਾਂ ਨਹੀਂ, ਇਹ ਸਾਫ਼ ਨਹੀਂ ਪਰ ਸਪੱਸ਼ਟ ਹੋ ਗਿਆ ਹੈ ਕਿ ਕਾਰਪੋਰੇਟ ਵਿਰੁੱਧ ਖੱਬੇ ਪਾਸੇ ਤੋਂ ਹਮਲਾ ਹੀ ਬੀ ਜੇ ਪੀ ਵਿਰੁੱਧ ਕਾਰਗਰੀ ਹੈ। ਇਹ ਇੱਕ ਵਿਰੋਧਾਭਾਸ ਹੀ ਹੈ ਕਿ ਖੱਬੀਆਂ ਧਿਰਾਂ ਦੇ ਖੱਬੇ ਪੱਖ ਤੋਂ ਬੀ ਜੇ ਪੀ ਉਤੇ ਹਮਲੇ ਨੂੰ ਵਿਰੋਧ ਅਤੇ ਰਾਹੁਲ ਵੱਲੋਂ ਬੀ ਜੇ ਪੀ ਉਤੇ ਹਮਲੇ ਨੂੰ ਲੋਕ ਬਦਲ ਵਜੋਂ ਲੈਂਦੇ ਹਨ। ਇਸ ਸਥਿਤੀ ਵਿੱਚ ਕਾਂਗਰਸ ਨੂੰ ਬਹੁਤ ਖੁਸ਼ ਹੋਣ ਦੀ ਜ਼ਰੂਰਤ ਨਹੀਂ, ਵਿਚਾਰਧਾਰਕ ਮੰਥਨ ਵਿੱਚ ਕਾਂਗਰਸ ਨੂੰ ਖੱਬਿਆਂ ਦੇ ਨੇੜੇ ਆਉਣਾ ਹੀ ਪੈਣਾ ਹੈ। ਬੀਤੇ ਵਿੱਚ ਕਾਂਗਰਸ ਜਿੰਨਾ ਸੱਜੇ ਪਾਸੇ ਝੁਕੀ, ਓਨਾ ਹੀ ਉਸ ਨੇ ਬੀ ਜੇ ਪੀ ਨੂੰ ਮਜ਼ਬੂਤ ਕੀਤਾ। ਇਸ ਮੰਥਨ ਵਿੱਚ ਕਾਂਗਰਸ ਅਤੇ ਖੱਬੀਆਂ ਧਿਰਾਂ ਨੂੰ ਕੋਈ ਚਿਰਪਾਊ ਏਜੰਡਾ ਸੋਚਣਾ ਚਾਹੀਦਾ ਹੈ। ਜਿਵੇਂ-ਜਿਵੇਂ ਯਾਤਰਾ ਅੱਗੇ ਵਧੇਗੀ, ਇਹ ਟੀ ਸ਼ਰਟ ਪਹਿਨਣ, ਬਾਰਸ਼ ਵਿੱਚ ਭਾਸ਼ਣ ਕਰਨ, ਮੰਮੀ ਦੇ ਬੂਟ ਦੇ ਤਸਮੇ ਮੁੜ ਕੱਸਣ, ਰਾਹੁਲ ਵੱਲੋਂ ਬੱਚਿਆਂ ਨਾਲ ਕਲੋਲਾਂ, ਹਿਜਾਬ ਪਹਿਨੀ ਬੱਚੀਆਂ ਨੂੰ ਬਗਲ ਵਿੱਚ ਲੈਣ ਵਰਗੇ ਮੁੱਦਿਆਂ ਤੋਂ ਉਪਰ ਉੱਠ ਜਾਏਗੀ।

ਭਾਰਤ ਜੋੜੋ ਯਾਤਰਾ ਨੇ ਬੀ ਜੇ ਪੀ ਦੀ ਤਾਂ ਬੋਲਤੀ ਹੀ ਬੰਦ ਕਰ ਦਿੱਤੀ ਹੈ। ਉਸ ਦਾ ਪੱਪੂ ਪ੍ਰੋਜੈਕਟ ਢਹਿ-ਢੇਰੀ ਹੀ ਨਹੀਂ, ਵਿਰੋਧ ਦਾ ਕਿਲ੍ਹਾ ਖੜਾ ਹੋ ਰਿਹਾ ਹੈ। ਰਾਹੁਲ ਦੀ ਸ਼ਖਸੀਅਤ ਦੇ ਵਿਕਾਸ ਨੇ ਜੋ ਰਾਹ ਫੜੀ ਹੈ, ਉਹਦਾ ਅਗਲਾ ਪੜਾਅ ਜੇ ਮੌਕਾ ਬਣਨ ਉਤੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਠੁਕਰਾਉਣਾ ਹੋਇਆ ਤਾਂ ਦੇਸ਼ ਦੀ ਸਿਆਸਤ ਵਿੱਚ ਨਵਾਂ ਕਾਂਡ ਸ਼ੁਰੂ ਹੋਵੇਗਾ। ਲੋਕਾਂ ਦੇ ਆਰਥਿਕ ਵਿਕਾਸ ਦਾ ਤਾਂ ਪਤਾ ਨਹੀਂ, ਆਰ ਐੱਸ ਐੱਸ ਨੂੰ ਮੂਲੋਂ ਹੋ ਬਦਲਣਾ ਪਏਗਾ। ਮੈਨੂੰ ਲਗਦਾ ਹੈ ਕਿ ਜੇਕਰ ਰਾਹੁਲ ਨੇ ਪੰਡਤ ਜਵਾਹਰ ਲਾਲ ਨਹਿਰੂ ਦੀ ਰਚਨਾ ਡਿਸਕਵਰੀ ਆਫ਼ ਇੰਡੀਆ ਤੋਂ ਭਾਰਤ ਦੀ ਰੂਹ ਉਦਾਲੇ ਆਰ ਐੱਸ ਐੱਸ ਨੂੰ ਪਰਾਇਆ (1*95©) ਸ਼ੈਅ ਸਮਝ ਲਈ ਹੈ ਤਾਂ ਇਸ ਵਿਰੁੱਧ ਉਸ ਦਾ ਸੰਘਰਸ਼ ਅਹੁਦਿਆਂ ਤੋਂ ਉਪਰ ਰਹਿ ਕੇ ਹੀ ਸਫ਼ਲ ਹੋਣਾ ਹੈ। 'ਭਾਰਤ ਜੋੜੋ' ਯਾਤਰਾ ਤੋਂ ਨਿਤਿਸ਼ ਮਿਸ਼ਨ ਨੂੰ ਤ੍ਰਭਕਣ ਦੀ ਲੋੜ ਨਹੀਂ, ਸਗੋਂ ਇਨ੍ਹਾਂ ਸਭ ਨੂੰ ਆਪਣੇ-ਆਪਣੇ ਸੰਗਠਨ ਨੂੰ ਵਿਚਾਰਧਾਰਕ ਤੌਰ 'ਤੇ ਫੈਡਰਲਿਜ਼ਮ ਦੇ ਏਜੰਡੇ ਉਤੇ ਮਜ਼ਬੂਤ ਰਹਿੰਦਿਆਂ ਮਜ਼ਬੂਤ ਹੋ ਰਹੀ ਕਾਂਗਰਸ ਦਾ ਸਾਥ ਅਤੇ ਟਾਕਰਾ ਕਰਨਾ ਵਿਉਂਤਣਾ ਚਾਹੀਦਾ ਹੈ। ਖੱਬੀਆਂ ਧਿਰਾਂ ਨੂੰ ਚੁੱਪ ਦੀ ਥਾਂ ਇਹ ਬਦਲਦੇ ਘਟਨਾਕ੍ਰਮ ਵਿੱਚੋਂ ਆਪਣੀ ਹੋਂਦ ਦੀ ਸਲਾਮਤੀ ਅਤੇ ਹੋਰ ਮਜ਼ਬੂਤੀ ਲਈ ਰਾਜਨੀਤਕ, ਆਰਥਿਕ ਬਿਰਤਾਂਤ ਉਸਾਰਨਾ ਚਾਹੀਦਾ ਹੈ।

ਆਖਰੀ ਗੱਲ, ਜਿਹੜੀਆਂ ਭੀੜਾਂ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਹੋ ਰਹੀਆਂ ਹਨ, ਉਹ ਆਪਣੇ ਲਈ ਨਹੀਂ, ਕਾਂਗਰਸ ਲਈ ਜੁੜ ਰਹੀਆਂ ਹਨ। ਇਹ ਸੱਚ ਭੀੜਾਂ ਨੂੰ ਅਤੇ ਕਾਂਗਰਸ ਦੋਨਾਂ ਨੂੰ ਵੱਖਰਾ-ਵੱਖਰਾ ਸੁਨੇਹਾ ਦਿੰਦਾ ਹੈ। ਭੀੜਾਂ ਲਈ ਸੁਨੇਹਾ ਇਹ ਹੈ ਕਿ ਇਨ੍ਹਾਂ ਨੂੰ ਆਪਣੇ ਲਈ ਕਾਂਗਰਸ ਵੇਲੇ ਵੀ ਇਵੇਂ ਹੀ ਜੁੜਨਾ ਪਏਗਾ। ਕਾਂਗਰਸ ਲਈ ਸੁਨੇਹਾ ਇਹ ਹੈ ਕਿ ਇਨ੍ਹਾਂ ਹੀ ਭੀੜਾਂ ਦਾ ਸਾਹਮਣਾ ਉਸ ਨੂੰ ਕਿਸੇ ਹੋਰ ਤਰ੍ਹਾਂ ਖੁਦ ਨੂੰ ਕਰਨਾ ਪੈਣਾ ਹੈ।

ਕਾਂਗਰਸ ਨੂੰ ਹੀ ਨਹੀਂ, ਪੰਜਾਬ ਵਿੱਚ ਅਕਾਲੀਆਂ ਪੱਛਮੀ ਬੰਗਾਲ ਵਿੱਚ ਟੀ ਐੱਮ ਸੀ ਤੱਕ ਖੇਤਰੀ ਅਤੇ ਦੂਜੀਆਂ ਕੌਮੀ ਪਾਰਟੀਆਂ ਸਭ ਨੂੰ ਸੁਚੇਤ ਹੋਣਾ ਪਏਗਾ। ਭਾਜਪਾ ਸਿੱਖ, ਹਿੰਦੂ, ਮੁਸਲਮਾਨ ਸਭਨਾ ਅੰਦਰ ਪੜ੍ਹੇ ਅੱਧਪੜ੍ਹੇ ਅਤੇ ਵਿਦਵਾਨ ਕਹਾਉਣ ਵਾਲੇ ਮੂਰਖਾਂ ਨੂੰ ਆਪਸੀ ਨਫ਼ਰਤ ਦਾ ਭਾਂਬੜ ਬਾਲਣ ਲਈ ਖੁੱਲ੍ਹੀ ਛੁੱਟੀ ਦੇ ਸਕਦੀ ਹੈ। ਭਾਰਤ ਜੋੜੋ ਦੇ ਟਾਕਰੇ ਲਈ ਕੁਝ ਵੀ ਕੀਤਾ ਜਾ ਸਕਦਾ ਹੈ।

# ਸੰਪਰਕ: 94176-52947

# ਸਮਾਜ 'ਚ ਵਧ ਰਹੀ ਦਿਖਾਵੇ ਦੀ ਹੋੜ




ਸੰਜੀਵ ਸਿੰਘ ਸੈਣੀ

ਸਾਦਗੀ ਨਾਲ ਵਿਅਕਤੀ ਦਾ ਜੀਵਨ ਸ਼ਾਂਤਮਈ ਢੰਗ ਨਾਲ ਬਤੀਤ ਹੁੰਦਾ ਹੈ। ਹੁਣ ਤੱਕ ਭਾਰਤੀ ਸੱਭਿਅਤਾ ਵਿੱਚ ਲੋਕਪ੍ਰਿਆ ਤੇ ਸਾਦਗੀ ਰਹੀ ਹੈ। ਸੀਮਿਤ ਸਾਧਨਾਂ ਵਿੱਚ ਰਹਿ ਕੇ ਹੀ ਰਿਸ਼ੀਆਂ-ਮੁਨੀਆਂ ਨੇ ਇਸ ਨਿਰੰਕਾਰ ਪ੍ਰਭੂ ਦੀ ਬੰਦਗੀ ਕੀਤੀ ਸੀ। ਸਾਨੂੰ ਆਪਣੇ ਬਜ਼ੁਰਗਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਉਹਨਾਂ ਸਮਿਆਂ ਵਿੱਚ ਜਦੋਂ ਸੀਮਿਤ ਸਾਧਨ ਸਨ, ਕਿਸ ਤਰ੍ਹਾਂ ਉਹ ਸਾਦਗੀ ਵਿਚ ਜ਼ਿੰਦਗੀ ਬਤੀਤ ਕਰਦੇ ਸਨ। ਖਾਣ-ਪੀਣ, ਰਹਿਣ-ਸਹਿਣ, ਬੋਲ-ਬਾਣੀ ਵਿੱਚ ਕਿੰਨੀ ਹੀ ਸਾਦਗੀ ਹੁੰਦੀ ਸੀ।

ਜੇਕਰ ਖਾਣ-ਪੀਣ ਦੀ ਗੱਲ ਕਰੀਏ ਤਾਂ ਸਾਡੇ ਬਜ਼ੁਰਗ ਕਈ ਵਾਰ ਪਦੀਨੇ ਦੇ ਨਮਕ 'ਤੇ ਗੰਢੇ ਨਾਲ ਵੀ ਰੋਟੀ ਖਾ ਲੈਂਦੇ ਸਨ। ਬਹੁਤ ਹੀ ਸਾਦਾ ਜੀਵਨ ਬਤੀਤ ਕਰਦੇ ਸਨ। ਕਹਿਣ ਦਾ ਭਾਵ ਹੈ ਕਿ ਉਨ੍ਹਾਂ ਸਮਿਆਂ ਵਿਚ ਜ਼ਿਆਦਾ ਚਿਕਨਾਈ ਵਾਲੀਆਂ ਚੀਜ਼ਾਂ ਨਹੀਂ ਸਨ। ਜੇ ਕੋਈ ਤਲੀ ਹੋਈ ਚੀਜ਼ ਵੀ ਖਾਣੀ ਹੁੰਦੀ ਸੀ ਤਾਂ ਉਸ ਨੂੰ ਘਰ ਵਿੱਚ ਹੀ ਬਣਾ ਕੇ ਖਾ ਲਿਆ ਜਾਂਦਾ ਸੀ। ਮਿੱਠੇ ਦੀ ਥਾਂ ਰਸਗੁਲੇ, ਗੁਲਾਬ ਜਾਮਣ ਨਹੀਂ ਹੁੰਦੇ ਸਨ। ਵਿਆਹਾਂ ਵਿੱਚ ਹੀ ਮਿਠਾਈ ਦੇਖੀ ਜਾਂਦੀ ਸੀ। ਵਿਆਹਾਂ ਵਿਚ ਵੀ ਦੋ-ਚਾਰ ਦਿਨ ਪਹਿਲੇ ਭੱਠੀ ਚੜ੍ਹਾ ਕੇ ਘਰ ਹੀ ਬਣਾਏ ਜਾਂਦੇ ਸਨ। ਉਹ ਵੀ ਬਿਲਕੁਲ ਸ਼ੁੱਧ ਹੁੰਦੀ ਸੀ। ਜੇ ਕਿਸੇ ਦਾ ਕੁਝ ਮਿੱਠਾ ਖਾਣ ਨੂੰ ਦਿਲ ਕਰ ਜਾਂਦਾ ਸੀ ਤਾਂ ਘਰ ਹੀ ਮਿੱਠੇ ਚੌਲ ਬਣਾ ਲਏ ਜਾਂਦੇ ਸਨ । ਜ਼ਿਆਦਾ ਤੋਂ ਜ਼ਿਆਦਾ ਸ਼ੱਕਰ ਦੀ ਚੂਰੀ ਬਣਾ ਲਈ ਜਾਂਦੀ ਸੀ।

ਉਨ੍ਹਾਂ ਸਮਿਆਂ ਵਿਚ ਇਹ ਪੀਜ਼ਾ-ਬਰਗਰ ਜਾਂ ਹੋਰ ਵੀ ਕਈ ਤਰ੍ਹਾਂ ਦੇ ਫਾਸਟ ਫੂਡ ਬਿਲਕੁਲ ਵੀ ਨਹੀਂ ਹੁੰਦੇ ਸਨ। ਕਿਸੇ ਨੂੰ ਪਤਾ ਤੱਕ ਵੀ ਨਹੀਂ ਹੁੰਦਾ ਸੀ। ਸਿਹਤ ਵੀ ਬਿਲਕੁਲ ਤੰਦਰੁਸਤ ਰਹਿੰਦੀ ਸੀ। ਕਿਸੇ ਨੂੰ ਵੀ ਮੋਟਾਪਾ ਨਹੀਂ ਸੀ ਹੁੰਦਾ, ਕਿਉਂਕਿ ਖੇਤਾਂ ਵਿੱਚ ਆਪਣੇ ਹੱਥੀਂ ਕੰਮ ਕੀਤਾ ਜਾਂਦਾ ਸੀ। ਅੱਜ ਜੰਕ ਫੂਡ ਖਾਣ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਕਈ ਪਰਵਾਰ ਤਾਂ ਅਜਿਹੇ ਹਨ, ਜੋ ਘਰ ਵਿਚ ਖਾਣਾ ਬਿਲਕੁਲ ਵੀ ਨਹੀਂ ਬਣਾਉਂਦੇ। ਉਹ ਬਾਹਰ ਦੇ ਖਾਣੇ ਨੂੰ ਹੀ ਤਰਜੀਹ ਦਿੰਦੇ ਹਨ, ਜਿਸ ਕਾਰਨ ਅੱਜ ਜੋ ਬੱਚੇ ਹਨ, ਉਹ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਜੇ ਰਹਿਣ-ਸਹਿਣ ਦੀ ਗੱਲ ਕਰੀਏ ਤਾਂ ਬਹੁਤ ਹੀ ਸਾਦੇ ਢੰਗ ਨਾਲ ਜੀਵਨ ਬਤੀਤ ਕੀਤਾ ਜਾਂਦਾ ਸੀ। ਬਹੁਤ ਹੀ ਸਾਦੇ-ਸਿੱਧੇ ਕੱਪੜੇ ਪਾਏ ਜਾਂਦੇ ਸਨ। ਆਮ ਸੁਨਣ ਵਿੱਚ ਵੀ ਆਉਂਦਾ ਸੀ ਕਿ ਦੋ ਹੀ ਕੱਪੜੇ ਹੁੰਦੇ ਸਨ । ਇੱਕ ਪਾ ਲਿਆ ਤੇ ਦੂਜਾ ਧੋ ਲਿਆ। ਪਹਿਰਾਵਾ ਦੇਖ ਕੇ ਪਾਇਆ ਜਾਂਦਾ ਸੀ। ਸਿਰ ਢਕ ਕੇ ਜ਼ਨਾਨੀਆਂ ਹਮੇਸਾ ਰੱਖਦੀਆਂ ਸਨ। ਵੱਡੇ ਬੰਦੇ ਬਜ਼ੁਰਗਾਂ ਦੀ ਕਦਰ ਕੀਤੀ ਜਾਂਦੀ ਸੀ। ਉਹਨਾਂ ਦਾ ਪਰਵਾਰ ਵਿਚ ਡਰ ਹੁੰਦਾ ਸੀ। ਪਿੰਡ ਦੀ ਧੀ ਦੀ ਸਾਰਾ ਪਿੰਡ ਇੱਜ਼ਤ ਕਰਦਾ ਸੀ। ਬੱਚਿਆਂ ਨੂੰ ਵੀ ਡਰ ਹੁੰਦਾ ਸੀ ਕਿ ਜੇ ਅਸੀਂ ਕੋਈ ਗਲਤ ਕਦਮ ਚੁੱਕਾਂਗੇ ਤਾਂ ਸਾਡੇ ਪਿੰਡ ਦੀ ਬਦਨਾਮੀ ਹੋਵੇਗੀ। ਕਹਿਣ ਦਾ ਮਤਲਬ ਇਹ ਹੈ ਕਿ ਰਹਿਣ-ਸਹਿਣ ਬਿਲਕੁਲ ਹੀ ਸਾਦੇ ਢੰਗ ਦਾ ਹੁੰਦਾ ਸੀ। ਬਹੁਤ ਹੀ ਪਿਆਰ ਨਾਲ ਇੱਕ-ਦੂਜੇ ਦਾ ਸਤਿਕਾਰ ਕੀਤਾ ਜਾਂਦਾ ਸੀ। ਬੋਲਬਾਣੀ ਵਿੱਚ ਮਿਠਾਸ ਹੁੰਦੀ ਸੀ। ਕੋਈ ਉੱਚੀ ਅਵਾਜ਼ ਵਿੱਚ ਕਿਸੇ ਦੂਜੇ ਮੈਂਬਰ ਨਾਲ ਗੱਲ ਨਹੀਂ ਸੀ ਕਰਦਾ। ਇਕ-ਦੂਜੇ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਂਦਾ ਸੀ। ਥੋੜ੍ਹੇ ਪੈਸੇ ਵਿਚ ਹੀ ਸਬਰ ਕਰ ਲਿਆ ਜਾਂਦਾ ਸੀ। ਦਿਖਾਵੇ ਦੀ ਹੋੜ ਬਹੁਤ ਘੱਟ ਸੀ। ਪੈਸੇ-ਧੇਲੇ ਨਾਲ ਇਕ-ਦੂਜੇ ਦੀ ਮਦਦ ਕਰ ਦਿੱਤੀ ਜਾਂਦੀ ਸੀ।

ਸਮਾਂ ਬਦਲਿਆ ਪਰਵਾਰਾਂ ਵਿੱਚ ਆਪਸੀ ਪਿਆਰ ਖਤਮ ਹੋ ਗਿਆ । ਇੱਕ-ਦੂਜੇ ਦੀ ਇੱਜ਼ਤ ਕਰਨੀ ਘੱਟ ਹੋ ਗਈ। ਸੀਮਿਤ ਜ਼ਰੂਰਤਾਂ ਅਤੇ ਇੱਛਾਵਾਂ ਵਿੱਚ ਸੰਤੁਲਨ ਕਾਇਮ ਕਰਨਾ, ਸੀਮਤ ਸੋਮਿਆਂ ਵਿੱਚ ਪ੍ਰਸੰਨ ਰਹਿਣਾ ਸਾਦਗੀ ਦੀਆਂ ਨਿਸ਼ਾਨੀਆਂ ਹਨ। ਅੱਜ ਸਾਡੇ ਲੋਕਾਂ ਵਿੱਚ ਦਿਖਾਵੇ ਦੀ ਜ਼ਿਆਦਾ ਹੋੜ ਹੈ। ਪੱਛਮੀ ਸੱਭਿਅਤਾ ਦਾ ਬਹੁਤ ਬੋਲਬਾਲਾ ਹੈ। ਏਨਾ ਦਿਖਾਵਾ ਵਧ ਗਿਆ ਹੈ ਕਿ ਲੋਕ ਕਰਜ਼ਾ ਲੈਣ ਨੂੰ ਤਿਆਰ ਹੋ ਜਾਂਦੇ ਹਨ। ਅੱਜ ਦੇ ਇਨਸਾਨ ਨੂੰ ਇਹ ਹੁੰਦਾ ਹੈ ਕਿ ਫਲਾਣਾ ਬੰਦਾ ਮੈਨੂੰ ਇਹ ਨਾ ਆ ਕੇ ਕਹਿ ਦੇਵੇ ਕਿ ਤੇਰੇ ਘਰ ਵਿੱਚ ਇਹ ਚੀਜ਼ ਨਹੀਂ ਹੈ ਜਾਂ ਛੋਟੀ ਕਾਰ ਹੈ ਜਾਂ ਘਰ ਛੋਟਾ ਹੈ। ਇਕ-ਦੂਜੇ ਤੋਂ ਅੱਗੇ ਨਿਕਲਣ ਕਰਕੇ ਅੱਜ ਦਾ ਇਨਸਾਨ ਚਾਹੇ ਕਰਜ਼ਾ ਹੀ ਕਿਉਂ ਨਾ ਚੁੱਕਣਾ ਪਵੇ, ਬੈਂਕ ਤੋਂ ਕਰਜ਼ਾ ਚੁੱਕ ਰਿਹਾ ਹੈ, ਤਾਂ ਜੋ ਉਸ ਨੂੰ ਕੋਈ ਵੀ ਘੱਟ ਨਾ ਸਮਝੇ।

ਇਹ ਵੀ ਦੇਖਣ 'ਚ ਆਉਂਦਾ ਹੈ ਕਿ ਸਮੇਂ ਸਿਰ ਕਰਜ਼ਾ ਨਾ ਉਤਰਨ ਕਾਰਨ ਫਿਰ ਖੁਦਕੁਸ਼ੀ ਦੇ ਰਾਹ ਪੈ ਜਾਂਦੇ ਹਨ। ਅੱਜ-ਕੱਲ੍ਹ ਕੋਈ ਵੀ ਇਨਸਾਨ ਆਪਣੇ-ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦਾ। ਜਿੰਨਾ ਜ਼ਿਆਦਾ ਦਿਖਾਵਾ ਹੈ, ਇਨਸਾਨ ਓਨਾ ਹੀ ਜ਼ਿਆਦਾ ਦੁਖੀ ਹੋ ਚੁੱਕਿਆ ਹੈ। ਆਪਸੀ ਪਿਆਰ ਬਿਲਕੁਲ ਖਤਮ ਹੋ ਚੁੱਕਿਆ ਹੈ। ਇਨਸਾਨ ਦੀਆਂ ਇਛਾਵਾਂ ਬਹੁਤ ਵਧ ਚੁੱਕੀਆਂ ਹਨ। ਅਸੀਂ ਦੇਖਿਆ ਹੈ ਕਿ ਪੁਰਾਣੇ ਜ਼ਮਾਨੇ ਵਿਚ ਰਿਸ਼ੀ-ਮੁਨੀ ਕਿੰਨੀ ਸਾਦਗੀ ਵਿਚ ਰਹਿੰਦੇ ਸਨ। ਜੰਗਲਾਂ ਵਿੱਚ ਹੀ ਸਾਰੀ ਉਮਰ ਬਤੀਤ ਕਰ ਦਿੰਦੇ ਸਨ। ਸੀਮਿਤ ਸਾਧਨਾਂ ਵਿੱਚ ਹੀ ਜ਼ਿੰਦਗੀ ਬਸਰ ਕਰਦੇ ਸਨ। ਅੱਜ ਦੇ ਇਨਸਾਨ ਨੇ ਆਪਣੀ ਜਰੂਰਤਾਂ ਚ ਇੰਨਾ ਵਾਧਾ ਕਰ ਲਿਆ ਹੈ ਕਿ ਸੀਮਤ ਸਾਧਨਾਂ ਵਿੱਚ ਜ਼ਿੰਦਗੀ ਬਤੀਤ ਨਹੀਂ ਕਰ ਸਕਦਾ। ਜ਼ਿੰਦਗੀ 'ਚ ਦਿਖਾਵਾ ਬਹੁਤ ਭਾਰੀ ਹੋ ਰਿਹਾ ਹੈ। ਆਪਣੇ-ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਕਹਾਉਣਾ ਹੈ। ਈਰਖਾ ਦੀ ਭਾਵਨਾ ਬਹੁਤ ਵਧ ਚੁੱਕੀ ਹੈ। ਜਿੰਨਾ ਅਸੀਂ ਸੀਮਤ ਸਾਧਨਾਂ ਵਿੱਚ ਰਹਾਂਗੇ, ਸਾਡੀ ਜ਼ਿੰਦਗੀ ਓਨੀ ਹੀ ਖੁਸ਼ਹਾਲ ਹੋਵੇਗੀ।

*# ਸੰਪਰਕ : 78889-66168*

## ਬਰਸੀ 'ਤੇ ਵਿਸ਼ੇਸ਼

# ਖੇਤਾਂ ਦਾ ਜੁਝਾਰੂ ਪੁੱਤ : ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ

ਰਣਜੀਤ ਲਹਿਰਾ



ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਖੇਤਾਂ ਦਾ ਉਹ ਜੁਝਾਰੂ ਪੁੱਤ ਸੀ, ਜੀਹਨੇ ਦਸ ਸਾਲ ਪਹਿਲਾਂ ਜ਼ਮੀਨ ਬਚਾਓ ਮੋਰਚੇ ਵਿੱਚ ਮਿੱਟੀ ਨਾਲ ਮਿੱਟੀ ਹੋਣ ਵਾਲੇ ਇੱਕ ਗਰੀਬ ਕਿਸਾਨ ਦੀ ਕੁਰਕ ਹੁੰਦੀ ਜ਼ਮੀਨ ਬਚਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਜੀਹਨੇ ਕਰਜ਼ਿਆਂ ਨਾਲ ਖੁੰਘਲ ਹੋਈ ਪੰਜਾਬ ਦੀ ਕਿਸਾਨੀ ਦੇ ਜ਼ਮੀਨ ਬਚਾਓ ਮੋਰਚੇ ਨੂੰ ਆਪਣੇ ਖੂਨ-ਪਸੀਨੇ ਨਾਲ ਸਿੰਜਿਆ। ਜ਼ਮੀਨ ਬਚਾਓ ਮੋਰਚੇ ਦਾ ਉਹ ਪਹਿਲਾ ਸ਼ਹੀਦ ਸੀ, ਉਨ੍ਹਾ ਇੱਕ ਗਰੀਬ ਕਿਸਾਨ ਦੀ ਜ਼ਮੀਨ ਲੁਟੇਰੇ ਸ਼ਾਹੂਕਾਰ-ਗੁੰਡਾ ਗੱਠਜੋੜ ਦੇ ਜਕੜ-ਪੰਜੇ ਵਿੱਚ ਜਾਣ ਤੋਂ ਰੋਕਣ ਲਈ ਬਾਰਾਂ ਸਾਲ ਪਹਿਲਾਂ ਅੱਜ ਦੇ ਦਿਨ ਮਾਨਸਾ ਜ਼ਿਲ੍ਹੇ ਦੇ ਪਿੰਡ ਬੀਰੋਕੇ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।

11 ਅਕਤੂਬਰ, 2010 ਦੇ ਦਿਨ ਬੁਢਲਾਡਾ ਮੰਡੀ ਦੇ ਦੋ ਭੂਤਰੇ ਹੋਏ ਸ਼ਾਹੂਕਾਰ ਆਪਣੇ ਨਾਲ ਗੁੰਡਾ ਢਾਣੀ ਦੇ ਲਾਮ-ਲਸ਼ਕਰ ਸਮੇਤ ਪਿੰਡ ਬੀਰੋਕੇ ਖੁਰਦ ਦੇ ਇੱਕ ਗਰੀਬ ਕਿਸਾਨ ਭੋਲਾ ਸਿੰਘ ਦੀ ਜ਼ਮੀਨ ਕੁਰਕ ਕਰਵਾ ਕੇ ਕਾਬਜ਼ ਹੋਣ ਪਹੁੰਚੇ ਸਨ। ਉਨ੍ਹਾਂ ਦੇ ਹੱਥ 'ਚ ਕੋਰਟ ਤੋਂ ਪ੍ਰਾਪਤ ਕੁਰਕੀ ਦਾ ਹੁਕਮ ਸੀ ਅਤੇ ਹੱਕ 'ਚ ਭ੍ਰਿਸ਼ਟ ਨਾਇਬ ਤਹਿਸੀਲਦਾਰ ਸੀ। ਨਾਇਬ ਤਹਿਸੀਲਦਾਰ ਨੇ ਧੱਕੇ ਤੇ ਸਾਜ਼ਿਸ਼ ਨਾਲ ਜ਼ਮੀਨ ਦੀ ਕੁਰਕੀ ਲਈ ਬੋਲੀ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਸ ਕੁਰਕੀ ਤੇ ਬੋਲੀ ਦਾ ਵਿਰੋਧ ਕਰਨ ਲਈ ਸਵੇਰ ਤੋਂ ਹੀ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਬਲਾਕ ਇਕਾਈ ਦੀ ਅਗਵਾਈ 'ਚ ਜੁਝਾਰੂ ਕਿਸਾਨਾਂ ਦਾ ਜਥਾ ਡੰਡੇ ਤੇ ਝੰਡੇ ਲੈ ਕੇ ਪਹੁੰਚਿਆ ਹੋਇਆ ਸੀ। ਇੱਕ ਵਾਰ ਤਾਂ ਪਟਵਾਰੀ ਤੇ ਕਾਨੂੰਗੋ "ਹਾਲਤ ਵਿਗੜਣ ਦੇ ਮੱਦੇਨਜ਼ਰ ਕੁਰਕੀ ਦੀ ਕਾਰਵਾਈ ਮੁਲਤਵੀ ਕਰਨ" ਦੀ ਕਾਰਵਾਈ ਪਾ ਕੇ ਚਲੇ ਗਏ। ਜਥੇ ਦੇ ਬਹੁਤੇ ਕਿਸਾਨ ਵੀ ਵਾਪਸ ਪਰਤ ਗਏ। ਤੇ ਬਾਕੀ ਚਾਹ-ਪਾਣੀ ਪੀ ਕੇ ਜਾਣ ਦੀ ਤਿਆਰੀ 'ਚ ਸਨ। ਇਸੇ ਦੌਰਾਨ ਸ਼ਾਹੂਕਾਰਾਂ ਨਾਲ ਕੀਤੀ ਗਿੱਟ-ਮਿੱਟ ਨਾਲ ਨਾਇਬ ਤਹਿਸੀਲਦਾਰ ਦੇ ਪਿੰਡ ਦੀ ਧਰਮਸ਼ਾਲਾ 'ਚ ਪਹੁੰਚ ਗਿਆ। ਉਨ੍ਹਾਂ ਦੇ ਪਹੁੰਚਣ ਦੀ ਖਬਰ ਮਿਲਣ 'ਤੇ ਪਿੰਡ 'ਚ ਮੌਜੂਦ ਬਾਕੀ ਕਿਸਾਨ ਜਥੇ ਦੇ ਮੌਜੂਦ ਮੈਂਬਰਾਂ ਨੇ ਕੁਰਕੀ ਖਿਲਾਫ ਮੋਰਚਾ ਸੰਭਾਲ ਲਿਆ ਅਤੇ ਤਹਿਸੀਲਦਾਰ ਦਾ ਘਿਰਾਓ ਕਰਕੇ ਸ਼ਾਹੂਕਾਰਾਂ ਤੇ ਉਨ੍ਹਾਂ ਦੇ ਜਰ-ਖਰੀਦ ਗੁੰਡਿਆਂ ਨੂੰ ਧਰਮਸ਼ਾਲਾ ਅੰਦਰ ਵੜਨ ਤੋਂ ਰੋਕ ਦਿੱਤਾ। ਜਦੋਂ ਸ਼ਾਹੂਕਾਰਾਂ ਤੇ ਗੁੰਡਿਆਂ ਨੇ ਆਪਣੀ ਹੈਂਕੜਬਾਜ਼ੀ ਦਿਖਾਉਣ ਅਤੇ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਹਿੱਕ ਠੋਕ ਕੇ ਖੜ੍ਹ ਗਏ। ਗੁੰਡਿਆਂ ਨੇ ਗੁੰਡਾਗਰਦੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤਿੱਖੀ ਝੜਪ ਸ਼ੁਰੂ ਹੋ ਗਈ। ਕਿਸਾਨਾਂ ਦੇ ਘੇਸਲਿਆਂ ਨੇ ਸ਼ਾਹੂਕਾਰਾਂ ਤੇ ਗੁੰਡਿਆਂ ਨੂੰ ਮੂਹਰੇ ਲਾ ਲਿਆ। ਬੁਰੀ ਤਰ੍ਹਾਂ ਘਿਰ ਗਏ ਗੁੰਡਾ ਟੋਲੇ ਨੇ ਬਾਜ਼ੀ ਪੁੱਠੀ ਪੈਂਦੀ ਦੇਖ ਕੇ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਇੱਕ ਗੋਲੀ ਪ੍ਰਿਥੀਪਾਲ ਦੀ ਛਾਤੀ 'ਚ ਵੱਜੀ ਅਤੇ ਇੱਕ ਗੋਲੀ ਲਛਮਣ ਅਲੀਸ਼ੇਰ ਦੀ ਬਾਂਹ 'ਚ ਅਤੇ ਇੱਕ ਹੋਰ ਗੋਲੀ ਤਰਸੇਮ ਸਿੰਘ ਦੇ ਪੈਰ 'ਚ ਲੱਗੀ। ਪ੍ਰਿਥੀਪਾਲ ਚੱਕ ਅਲੀਸ਼ੇਰ ਭਾਵੇਂ ਸ਼ਹੀਦ ਹੋ ਗਿਆ, ਪਰ ਜੰਗ ਦਾ ਮੈਦਾਨ ਬਣੀਆਂ ਪਿੰਡ ਦੀਆਂ ਗਲੀਆਂ "ਗਲ ਪੈ ਜਾਣ ਜੇ ਅੱਕੇ ਲੋਕ-ਬੰਬ ਬੰਦੂਕਾਂ ਸਕਣ ਨਾ ਰੋਕ" ਦੇ ਨਾਅਰੇ ਨੂੰ ਸੱਚ ਸਾਬਤ ਹੁੰਦਾ ਦੇਖ ਰਹੀਆਂ ਸਨ।

ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਸ਼ਹਾਦਤ ਨੇ ਇਲਾਕੇ ਸਮੇਤ ਪੰਜਾਬ ਭਰ ਵਿੱਚ ਕਿਸਾਨਾਂ ਦੇ ਰੋਹ ਨੂੰ ਪ੍ਰਚੰਡ ਕਰ ਦਿੱਤਾ। ਸ਼ਾਹੂਕਾਰਾਂ ਤੇ ਗੁੰਡਿਆਂ ਨੂੰ ਹਾਕਮ ਜਮਾਤੀ ਸਿਆਸੀ ਸ਼ਹਿ ਦੇ ਬਾਵਜੂਦ ਪੁਲਸ ਬਚ ਨਾ ਸਕੀ। ਪ੍ਰਿਥੀ ਦੇ ਕਤਲ ਦੇ ਲੰਮੇ ਤੇ ਗੁੰਝਲਦਾਰ ਮੁਕੱਦਮੇ ਵਿੱਚ ਪੈਸੇ ਤੇ ਪਹੁੰਚ ਦੇ ਬਾਵਜੂਦ ਨਾ ਸ਼ਾਹੂਕਾਰ ਬਚ ਸਕੇ, ਨਾ ਮਖਮਲੀ ਗਦੈਲਿਆਂ 'ਤੇ ਸੌਣ ਵਾਲੇ ਉਨ੍ਹਾਂ ਦੇ ਸਾਹਿਬਜ਼ਾਦੇ ਬਚ ਸਕੇ, ਨਾ ਗੁੰਡੇ ਬਚ ਸਕੇ ਅਤੇ ਨਾ ਹੀ ਭ੍ਰਿਸ਼ਟ ਨਾਇਬ ਤਹਿਸੀਲਦਾਰ ਬਚ ਸਕਿਆ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਬਲਾਕ ਤੇ ਜ਼ਿਲ੍ਹਾ ਇਕਾਈ ਵੱਲੋਂ ਸੂਬਾ ਕਮੇਟੀ ਦੇ ਸਹਿਯੋਗ ਨਾਲ ਜਿਸ ਤਰ੍ਹਾਂ ਕੇਸ ਦੀ ਸੁਯੋਗ ਪੈਰਵਾਈ ਕੀਤੀ ਅਤੇ ਬੇਖੌਫ ਹੋ ਕੇ ਗਵਾਹੀਆਂ ਦਿੱਤੀਆਂ ਉਸ ਨੇ ਦੋਵਾਂ ਸ਼ਾਹੂਕਾਰਾਂ ਸਮੇਤ ਉਨ੍ਹਾਂ ਦੇ ਦੋਵੇਂ ਪੁੱਤਰਾਂ ਨੂੰ ਅਤੇ ਦੋ ਗੁੰਡਿਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਕਰਵਾ ਕੇ ਜੇਲ੍ਹਾਂ 'ਚ ਤੜਨ ਲਈ ਮਜਬੂਰ ਕਰ ਦਿੱਤਾ। ਭ੍ਰਿਸ਼ਟ ਨਾਇਬ ਤਹਿਸੀਲਦਾਰ ਵੀ ਸਜ਼ਾ ਤੋਂ ਨਾ ਬਚ ਸਕਿਆ ਤੇ ਜੇਲ੍ਹ ਜਾਣ ਦੀ ਸਿਰ ਲਟਕਦੀ ਤਲਵਾਰ ਸਦਕਾ ਸੁਪਰੀਮ ਕੋਰਟ ਤੱਕ ਦੇ ਰਾਹਾਂ ਦੀ ਧੂੜ ਫੱਕਦਾ ਰਿਹਾ। ਕਿਸਾਨ ਲਹਿਰ ਵਿੱਚ ਇਹ ਸ਼ਾਇਦ ਪਹਿਲਾ ਮਿਸਾਲੀ ਕੇਸ ਹੈ, ਜਿਸ ਵਿੱਚ ਜਥੇਬੰਦਕ ਤਾਕਤ ਅਤੇ ਕਾਨੂੰਨੀ ਪੈਰਵਾਈ ਦੇ ਜ਼ੋਰ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਭਾਗੀ ਬਣਾਇਆ ਗਿਆ ਅਤੇ ਆਪਣੇ ਸਾਰੇ ਆਗੂਆਂ ਨੂੰ ਇਸਤਗਾਸੇ ਵਿੱਚੋਂ ਬਾਇੱਜ਼ਤ ਬਰੀ ਕਰਵਾਇਆ ਗਿਆ। ਹਾਈਕੋਰਟ ਤੋਂ ਵੀ ਸ਼ਾਹੂਕਾਰਾਂ, ਗੁੰਡਿਆਂ ਤੇ ਨਾਇਬ ਤਹਿਸੀਲਦਾਰ ਨੂੰ ਕੋਈ ਖੈਰ ਨਾ ਪਈ। ਇਨ੍ਹਾਂ ਦੋਸ਼ੀਆਂ ਦੀ ਬੁਢਲਾਡਾ ਅਦਾਲਤ ਵਿੱਚ ਪੇਸ਼ੀ ਮੌਕੇ ਜਿਹੜੀ ਲੜੋ-ਲੜਾਈ ਹੋਈ ਸੀ, ਉਸ ਕੇਸ ਵਿੱਚ ਫਤਿਆਬਾਦ ਸੈਸ਼ਨ ਕੋਰਟ ਵੱਲੋਂ ਜਥੇਬੰਦੀਆਂ ਦੇ 13 ਸਾਥੀਆਂ ਨੂੰ ਜਿਹੜੀ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ, ਉਹ ਹਾਲੇ ਵੀ ਹਾਈਕੋਰਟ ਵਿੱਚ ਪੈਂਡਿੰਗ ਹੈ। ਜਿਨ੍ਹਾਂ ਵਿੱਚੋਂ ਅੱਠ ਸਾਥੀ ਬੀ ਕੇ ਯੂ (ਡਕੌਂਦਾ) ਅਤੇ ਪੰਜ ਸਾਥੀ ਪੰਜਾਬ ਕਿਸਾਨ ਯੂਨੀਅਨ ਦੇ ਹਨ।

ਜ਼ਮੀਨ ਬਚਾਓ ਮੋਰਚੇ ਵਿੱਚ ਸ਼ਹਾਦਤ ਦੇਣ ਵਾਲਾ ਪ੍ਰਿਥੀ ਕੋਈ ਸਾਧਾਰਨ ਕਿਸਾਨ ਵਰਕਰ ਨਹੀਂ ਸੀ। ਉਹ ਜਮਾਤੀ ਤੌਰ 'ਤੇ ਸੁਚੇਤ ਇੱਕ ਸੁਲਝਿਆ ਕਿਸਾਨ ਕਾਰਕੁੰਨ ਸੀ। ਜਿੱਥੇ ਉਹ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦਾ ਇਲਾਕਾਈ ਆਗੂ ਸੀ, ਉੱਥੇ ਉਹ ਇਨਕਲਾਬੀ ਕੇਂਦਰ, ਪੰਜਾਬ ਨਾਲ ਜੁੜਿਆ ਹੋਣ ਕਰਕੇ ਇਨਕਲਾਬੀ ਲਹਿਰ ਨਾਲ ਬਾਵਾਸਤਾ ਕਾਰਕੁੰਨ ਸੀ। ਉਹ ਜੁਝਾਰੂ ਵੀ ਸੀ ਅਤੇ ਸੂਝਵਾਨ ਵੀ ਸੀ। ਇਸੇ ਲਈ ਉਹ ਇੱਕ ਅਜਿਹੀ ਸਮਾਜਿਕ ਤਬਦੀਲੀ ਦਾ ਚਾਹਵਾਨ ਸੀ, ਜਿਹੜੀ ਭਗਤ-ਸਰਾਭੇ ਵਾਲੀ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਵਾਲੇ ਸਮਾਜ ਵੱਲ ਸੇਧਤ ਹੋਵੇ ਅਤੇ ਉਹ ਖੁਦ ਅਜਿਹੀ ਸਮਾਜਿਕ ਤਬਦੀਲੀ ਦੇ ਸੰਘਰਸ਼ ਨੂੰ ਸਮਰਪਿਤ ਸੀ।

ਅੱਜ ਜਦੋਂ ਅਸੀਂ ਸ਼ਹਾਦਤ ਦੇ ਬਾਰਾਂ ਸਾਲਾਂ ਬਾਅਦ ਪ੍ਰਿਥੀ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਲੁੱਟੇ-ਪੁੱਟੇ ਜਾਂਦੇ ਕਿਸਾਨਾਂ ਸਮੇਤ ਮਿਹਨਤਕਸ਼ ਲੋਕਾਂ ਸਾਹਮਣੇ ਦਰਪੇਸ਼ ਚੁਣੌਤੀਆਂ ਦੀ ਚਰਚਾ ਕਰਨੀ ਚਾਹੀਦੀ ਹੈ। ਸਾਨੂੰ ਕੇਂਦਰ ਦੀ ਫਾਸ਼ੀਵਾਦੀ ਮੋਦੀ ਸਰਕਾਰ ਵੱਲੋਂ ਲੋਕਾਂ ਦੇ ਹੱਕਾਂ-ਹਿੱਤਾਂ ਅਤੇ ਜਮਹੂਰੀ ਅਧਿਕਾਰਾਂ 'ਤੇ ਬੋਲੇ ਭਿਆਨਕ ਹਮਲਿਆਂ ਦੀ ਬਹੁਤ ਹੀ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਹੜੇ ਜ਼ਮੀਨ ਬਚਾਓ ਮੋਰਚੇ 'ਚ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਂਦਾ ਪ੍ਰਿਥੀ ਸ਼ਹੀਦ ਹੋਇਆ ਸੀ, ਉਨ੍ਹਾਂ ਜ਼ਮੀਨਾਂ ਨੂੰ ਹਥਿਆਉਣ ਲਈ ਅਤੇ ਕਾਰਪੋਰੇਟ ਸਰਮਾਏਦਾਰਾਂ ਦੇ ਹਵਾਲੇ ਕਰਨ ਲਈ ਮੋਦੀ ਸਰਕਾਰ ਬੁਰੇ ਦੇ ਬਾਰ ਤੱਕ ਗਈ। ਭਲੇ ਹੀ ਕਿਸਾਨਾਂ ਦੇ ਇਤਿਹਾਸਕ ਘੋਲ ਸਦਕਾ ਮੋਦੀ ਸਰਕਾਰ ਖੇਤੀ ਸਬੰਧੀ ਤਿੰਨ ਕਾਲ਼ੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਈ, ਪਰ ਉਹ ਅੱਜ ਵੀ ਪੁੱਠੇ ਪਾਸਿਓਂ ਦੀ ਕੰਨ ਫੜ ਕੇ ਕਾਰਪੋਰੇਟ ਘਰਾਣਿਆਂ ਨੂੰ ਜ਼ਮੀਨਾਂ ਸੌਂਪਣ ਦੀਆਂ ਕੋਸ਼ਿਸ਼ਾਂ ਜਾਰੀ ਰੱਖ ਰਹੀ ਹੈ। ਸੂਬਿਆਂ ਦੀ ਖੁਦਮੁਖਤਿਆਰੀ ਅਤੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲ ਕੇ ਸੱਤ੍ਹਾ ਦੇ ਕੇਂਦਰੀਕਰਨ ਦੀ ਮੋਦੀ ਸਰਕਾਰ ਦੀ ਅੰਨ੍ਹੀਂ ਧੁੱਸ ਖੇਤੀ ਖੇਤਰ ਨੂੰ ਸੂਬਿਆਂ ਦੇ ਹੱਥੋਂ ਖੋਹ ਕੇ ਆਪਣੇ ਹੱਥ ਲੈਣ ਦੀ ਕਿਸਾਨ ਮਾਰੂ ਨੀਤੀ ਦਾ ਹੀ ਇਜ਼ਹਾਰ ਹੈ।

ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਬਾਰ੍ਹਵੀਂ ਬਰਸੀ ਦੇ ਮੌਕੇ 'ਤੇ ਸਾਨੂੰ ਮੋਦੀ ਸਰਕਾਰ ਦੀਆਂ ਲੋਕ-ਮਾਰੂ ਅਤੇ ਸੂਬਿਆਂ ਦੀ ਸੰਘੀ ਨੱਪਣ ਵਾਲੀਆਂ ਨੀਤੀਆਂ ਅਤੇ ਸੂਬਾ ਸਰਕਾਰ ਦੀਆਂ ਟਰਕਾਊ ਨੀਤੀਆਂ ਖਿਲਾਫ ਜੱਦੋਜਹਿਦ ਨੂੰ ਤਿੱਖੀ ਕਰਨ ਅਤੇ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਨੂੰ ਇੱਕਜੁਟ ਕਰਨ ਦਾ ਅਹਿਦ ਕਰਨਾ ਚਾਹੀਦਾ ਹੈ।

# ਸੰਪਰਕ : 94175-88616

# ਰੇਤਾ ਦੀ ਕਾਲਾਬਾਜ਼ਾਰੀ ਖਿਲਾਫ ਆਰ ਐੱਮ ਪੀ ਆਈ ਵੱਲੋਂ ਰੋਸ ਮੁਜ਼ਾਹਰਾ

**☛ ਰੇਤ ਦੀਆਂ ਵਧੀਆਂ ਕੀਮਤਾਂ ਘਟਾ ਕੇ ਖਪਤਕਾਰਾਂ ਦੀ ਅੰਨ੍ਹੀਂ ਲੁੱਟ ਬੰਦ ਕਰਨ ਦੀ ਮੰਗ ☛ ਸਰਕਾਰੀ ਨੀਤੀ ਕਾਰਨ ਵਿਹਲੇ ਹੋਏ ਨਿਰਮਾਣ ਕਾਮਿਆਂ ਤੇ ਕਰਸ਼ਰ ਮਜ਼ਦੂਰਾਂ ਲਈ ਮੰਗਿਆ ਕੰਮ**



**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰਜੀਤ ਸਿੰਘ)** : ਗੈਰ ਕਾਨੂੰਨੀ ਖਨਣ ਸਖਤੀ ਨਾਲ ਰੋਕੇ ਜਾਣ ਤੇ ਬੋਲੀ ਰਾਹੀਂ ਕਾਨੂੰਨੀ ਤੌਰ 'ਤੇ ਅਲਾਟ ਹੋਈਆਂ ਖੱਡਾਂ 'ਚੋਂ ਬੰਦ ਕੀਤੀ ਖੁਦਾਈ, ਨਿਯਮਾਂ ਅਨੁਸਾਰ ਮੁੜ ਸ਼ੁਰੂ ਕਰਾਉਣ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵੱਲੋਂ ਅੱਜ ਜ਼ਿਲ੍ਹਾ ਕੇਂਦਰ 'ਤੇ ਜ਼ੋਰਦਾਰ ਰੋਸ ਮੁਜ਼ਾਹਰਾ ਕਰਕੇ ਅਧਿਕਾਰੀਆਂ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਯਾਦ ਪੱਤਰ ਭੇਜਿਆ ਗਿਆ।

ਮੁਜ਼ਾਹਰਾਕਾਰੀਆਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਰੇਤ ਦੇ ਆਸਮਾਨੀਂ ਜਾ ਚੜ੍ਹੇ ਰੇਟਾਂ ਰਹੀ ਖਪਤਕਾਰਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁਟ ਬੰਦ ਕੀਤੀ ਜਾਵੇ ਅਤੇ ਉਸਾਰੀ ਦਾ ਕੰਮ ਠੱਪ ਹੋ ਜਾਣ ਦੇ ਨਤੀਜੇ ਵਜੋਂ ਕੰਮ ਤੋਂ ਵਾਂਝੇ ਹੋਏ ਨਿਰਮਾਣ ਕਾਮਿਆਂ ਅਤੇ ਕਰਸ਼ਰ ਮਜ਼ਦੂਰਾਂ ਨੂੰ ਫੌਰੀ ਰੁਜ਼ਗਾਰ ਦਿੱਤਾ ਜਾਵੇ। ਮੁਜਾਹਰੇ ਸਮੇਂ ਹੋਏ ਇਕੱਠ ਨੂੰ ਪਾਰਟੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਜ਼ਿਲ੍ਹਾ ਪ੍ਰਧਾਨ ਮਿੱਠੂ ਸਿੰਘ ਘੁੱਦਾ, ਕੈਸ਼ੀਅਰ ਪ੍ਰਕਾਸ਼ ਸਿੰਘ ਨੰਦਗੜ੍ਹ ਤੇ ਜ਼ਿਲ੍ਹਾ ਆਗੂਆਂ ਸਰਵ ਸਾਥੀ ਸੰਪੂਰਨ ਸਿੰਘ, ਦਰਸ਼ਨ ਸਿੰਘ ਫੁੱਲੋ ਮਿੱਠੀ, ਮਲਕੀਤ ਸਿੰਘ ਮਹਿਮਾ ਸਰਜਾ, ਮੇਜਰ ਸਿੰਘ ਦਾਦੂ, ਤੇਜਾ ਸਿੰਘ ਭੁਪਾਲ, ਤਾਰਾ ਸਿੰਘ ਨੰਦਗੜ੍ਹ ਨੇ ਸੰਬੋਧਨ ਕੀਤਾ।

ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਰੇਤੇ 'ਤੇ ਲਾਏ ਗਏ ਟੈਕਸ ਤੇ ਰੇਤ ਮਾਫੀਆ ਦੀ ਮਨਚਾਹੀ ਵਸੂਲੀ ਦੇ ਨਤੀਜੇ ਵਜੋਂ 1700 ਪ੍ਰਤੀ ਸੈਂਕੜਾ ਵਿਕਣ ਵਾਲੀ ਰੇਤਾ (ਬਰੇਤੀ) ਹੁਣ ਪ੍ਰਚੂਨ 'ਚ 7000 ਪ੍ਰਤੀ ਸੈਂਕੜਾ ਫੁੱਟ ਤੋਂ ਵਧੇਰੇ ਕੀਮਤ 'ਤੇ ਵੇਚੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਹੀ ਮੌਜੂਦਾ ਸਰਕਾਰ ਸਮੇਂ ਵੀ ਖਨਨ ਮਾਫੀਆ ਦੀ ਗੈਰ ਕਾਨੂੰਨੀ ਮਾਈਨਿੰਗ ਦੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਰਹਿਣ ਨੇ ਲੋਕਾਂ ਦੀਆਂ ਦੁਸ਼ਵਾਰੀਆਂ 'ਚ ਢੇਰਾਂ ਵਾਧਾ ਕੀਤਾ ਹੈ । ਉਨ੍ਹਾਂ ਜ਼ੋਰਦਾਰ ਢੰਗ ਨਾਲ ਇਹ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ 'ਦਿੱਲੀ ਮਾਡਲ' ਅਤੇ 'ਮੁਹੱਲਾ ਕਲੀਨਿਕਾਂ' ਆਦਿ ਦੀ ਫਜ਼ੂਲ ਤੇ ਭਰਮਾਊ ਬਿਆਨਬਾਜ਼ੀ ਰਾਹੀਂ ਕੀਤੀ ਜਾ ਰਹੀ ਡੰਗ ਟਪਾਈ ਤਿਆਗ ਕੇ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਸਰਕਾਰੀ ਸਕੂਲਾਂ, ਹਸਪਤਾਲਾਂ, ਟਰਾਂਸਪੋਰਟ ਵਿਭਾਗ, ਜਨ ਸਿਹਤ ਤੇ ਪਾਵਰਕਾੱਮ ਆਦਿ ਮਹਿਕਮਿਆਂ ਦੇ ਕੱਚੇ, ਠੇਕਾ ਆਧਾਰਤ ਅਤੇ ਸਕੀਮ ਤੇ ਮਾਣਭੱਤਾ ਮੁਲਾਜ਼ਮਾਂ ਨੂੰ ਪੱਕਾ ਕਰੇ ਅਤੇ ਉਕਤ ਵਿਭਾਗਾਂ 'ਚ ਖਾਲੀ ਪਈਆਂ ਹਜ਼ਾਰਾਂ ਪੋਸਟਾਂ ਲਈ ਕ੍ਰਮਚਾਰੀਆਂ ਦੀ ਪੱਕੀ ਭਰਤੀ ਕਰੇ।

ਆਗੂਆਂ ਨੇ ਭਿਅੰਕਰ ਬੇਰੁਜ਼ਗਾਰੀ, ਮਹਿੰਗਾਈ ਤੇ ਘੋਰ ਕੰਗਾਲੀ ਨੂੰ ਜਨਮ ਦੇਣ ਵਾਲੀਆਂ ਮੋਦੀ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ, ਜੋ ਪੰਜਾਬ ਸਰਕਾਰ ਵੱਲੋਂ ਵੀ ਇੰਨ-ਬਿਨ ਲਾਗੂ ਕੀਤੀਆਂ ਜਾ ਰਹੀਆਂ ਹਨ, ਦੇ ਘਾਤਕ ਨਤੀਜਿਆਂ ਤੋਂ ਲੋਕਾਂ ਨੂੰ ਚੌਕਸ ਕਰਦਿਆਂ ਨਵ ਉਦਾਰੀਕਰਨ ਦੀਆਂ ਉਕਤ ਨੀਤੀਆਂ ਖਿਲਾਫ਼ ਤਿੱਖੇ ਘੋਲ ਵਿੱਢਣ ਦਾ ਸੱਦਾ ਦਿੱਤਾ।

ਆਗੂਆਂ ਨੇ ਐਲਾਨ ਕੀਤਾ ਕਿ ਆਰ.ਐਮ.ਪੀ.ਆਈ. ਦੇਸ਼ ਦੀ ਸੱਤਾ 'ਤੇ ਕਾਬਜ਼ ਕਾਰਪੋਰੇਟ ਪੱਖੀ, ਫਿਰਕੂ-ਫਾਸਿਸਟ ਹੁਕਮਰਾਨਾਂ ਨੂੰ ਗੱਦਿਓਂ ਲਾਹੁਣ ਲਈ ਅਜ਼ਾਦਾਨਾ ਅਤੇ ਖੱਬੀਆਂ ਧਿਰਾਂ ਦੇ ਸਾਂਝੇ ਸੰਘਰਸ਼ ਛੇੜੇ ਜਾਣ ਲਈ ਜੀਅ-ਜਾਨ ਨਾਲ ਉਪਰਾਲੇ ਕਰੇਗੀ।

**ਸੰਗਰੂਰ (ਫਤਿਹ ਪ੍ਰਭਾਕਰ)**-ਭਾਰਤੀ ਇਨਕਲਾਬੀ ਮਾਕਸਵਾਦੀ ਪਾਰਟੀ ਪੰਜਾਬ ਦੇ ਆਗੂ ਸਕੱਤਰ ਊਧਮ ਸਿੰਘ ਸੰਤੋਖਪੁਰਾ, ਸਰਬਜੀਤ ਸਿੰਘ ਵੜੈਚ, ਮੱਖਣ ਸਿੰਘ, ਜਖੇਪਲ ਸਿੰਘ, ਭੂਰਾ ਸਿੰਘ ਦੁੱਗਾਂ, ਲਾਭ ਸਿੰਘ ਨਮੋਲ ਦੀ ਅਗਵਾਈ ਹੇਠ ਰੇਤਾ-ਬੱਜਰੀ ਦੇ ਵਧੇ ਰੇਟਾਂ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ। ਇਨ੍ਹਾਂ ਆਗੂਆਂ ਨੇ ਸ਼ਹਿਰ ਸੰਗਰੂਰ ਅੰਦਰ ਰੋਸ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਪਹੁੰਚ ਕੇ ਰੇਤਾ, ਬੱਜਰੀ ਦੇ ਵਧੇ ਰੇਟਾਂ ਦੇ ਰੋਸ ਵਜੋਂ ਰੋਸ ਮੁਜ਼ਾਹਰਾ ਕੀਤਾ। ਇਹ ਰੋਸ ਮਾਰਚ ਧੂਰੀ ਗੇਟ ਤੋਂ ਸ਼ੁਰੂ ਹੋ ਕੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਪਹੁੰਚਿਆ। ਇਸ ਸਮੇਂ ਬੁਲਾਰਿਆ ਨੇ ਮੰਗ ਕੀਤੀ ਕਿ ਰੇਤਾ-ਬੱਜਰੀ ਦੀ ਕਾਲਾ ਬਜ਼ਾਰੀ ਨੂੰ ਰੋਕਿਆ ਜਾਵੇ, ਬਜ਼ਾਰ ਵਿੱਚ 100 ਫੁੱਟ ਰੇਤੇ ਦੀ ਕੀਮਤ 3600 ਰੁਪਏ ਤੋਂ ਉਪਰ ਵਸੂਲੀ ਜਾ ਰਹੀ ਹੈ। ਮਾਈਨਿੰਗ 'ਤੇ ਰੋਕ ਲੱਗਣ ਕਰਕੇ ਉਸਾਰੀ ਦੇ ਕੰਮ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਏ ਹਨ। ਇਸ ਨਾਲ ਹਜ਼ਾਰਾਂ ਕਿਰਤੀ ਮਜ਼ਦੂਰ ਤੇ ਮਿਸਤਰੀ ਕਿਰਤ ਤੋਂ ਵਿਹਲੇ ਹੋ ਗਏ ਹਨ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਗੈਰ-ਕਾਨੂੰਨੀ ਮਾਇਨਿੰਗ ਨੂੰ ਪੰਜਾਬ ਸਰਕਾਰ ਗੱਲੀ ਬਾਤੀਂ ਰੋਕਣ ਦੀ ਥਾਂ ਅਮਲੀ ਰੂਪ ਵਿੱਚ ਰੋਕੇ ਤਾਂ ਜੋ ਰੇਤੇ-ਬੱਜਰੀ ਦੇ ਭਾਅ ਨਾ ਵਧਣ ਤੇ ਉਸਾਰੀ ਕਾਮਿਆਂ ਨੂੰ ਕੰਮ ਮਿਲ ਸਕੇ। ਇਨ੍ਹਾਂ ਆਗੂਆਂ ਨੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਜਾ ਕੇ ਜ਼ਿਲ੍ਹਾ ਅਧਿਕਾਰੀਆਂ ਨੂੰ ਆਪਣਾ ਮੰਗ ਪੱਤਰ ਦਿੱਤਾ।

# ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ



**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰੱਖੀ ਮੀਟਿੰਗ ਬਦਲਵੀਂ ਤਰੀਕ ਦਿੱਤੇ ਬਿਨਾਂ ਰੱਦ ਕਰਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਸੋਮਵਾਰ, ਮੰਗਲਵਾਰ ਤੇ ਬੁੱਧਵਾਰ ਨੂੰ ਪੰਜਾਬ ਭਰ 'ਚ ਮੁੱਖ ਮੰਤਰੀ ਦੇ ਪੁਤਲੇ ਫੂਕਣ ਦੇ ਸੱਦੇ ਤਹਿਤ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਖੁੰਡੇ ਹਲਾਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਇਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਕਾਕਾ ਸਿੰਘ ਖੁੰਡੇ ਹਲਾਲ ਨੇ ਮੁੱਖ ਮੰਤਰੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ ਤਹਿ ਕੀਤੀ ਮੀਟਿੰਗ ਰੱਦ ਕਰਨ ਨੂੰ ਉਹਨਾਂ ਦੀ ਮਜ਼ਦੂਰਾਂ ਪ੍ਰਤੀ ਵਿਤਕਰੇ ਭਰਪੂਰ ਨੀਤੀ ਦਾ ਸਿੱਟਾ ਕਰਾਰ ਦਿੰਦਿਆਂ ਕਿਹਾ ਕਿ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਿਹਾੜੀ ਰੇਟਾਂ 'ਚ ਵਾਧਾ ਕਰਨ, ਰੁਜ਼ਗਾਰ ਦੀ ਗਰੰਟੀ ਕਰਨ, ਕਰਜ਼ਾ ਮੁਆਫੀ, ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਕੇ ਵਾਧੂ ਜ਼ਮੀਨਾਂ ਦੀ ਵੰਡ ਮਜ਼ਦੂਰਾਂ ਤੇ ਗਰੀਬ ਕਿਸਾਨਾਂ 'ਚ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਦੇਣ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦੇਣ, ਗੁਲਾਬੀ ਸੁੰਡੀ ਕਾਰਨ ਖਰਾਬ ਨਰਮੇ ਦਾ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਪੈਨਸ਼ਨ ਪੰਜ ਹਜ਼ਾਰ ਰੁਪਏ ਮਹੀਨਾ ਕਰਨ ਤੇ ਦਲਿਤਾਂ 'ਤੇ ਜਬਰ ਬੰਦ ਕਰਨ ਆਦਿ ਮੰਗਾਂ ਨੂੰ ਲੈ ਕੇ 12 ਤੋਂ 14 ਸਤੰਬਰ ਤੱਕ ਮੁੱਖ ਮੰਤਰੀ ਦੀ ਸੰਗਰੂਰ ਕੋਠੀ ਅੱਗੇ ਦਿੱਤੇ ਤਿੰਨ ਰੋਜ਼ਾ ਧਰਨੇ ਸਮੇਂ ਮਜ਼ਦੂਰ ਜਥੇਬੰਦੀਆਂ ਨਾਲ 3 ਅਕਤੂਬਰ ਦੀ ਮੀਟਿੰਗ ਰੱਖੀ ਗਈ ਸੀ, ਜੋ ਬਦਲਵੀਂ ਤਰੀਕ ਦਿੱਤੇ ਬਿਨਾਂ ਹੀ ਰੱਦ ਕਰ ਦਿੱਤੀ ਗਈ ਹੈ।

ਮਜ਼ਦੂਰ ਆਗੂ ਨੇ ਕਿਹਾ ਕਿ ਮਜ਼ਦੂਰਾਂ ਵੱਲੋਂ ਬਦਲਾਅ ਦੀਆਂ ਆਸ ਨੂੰ ਲੈ ਕੇ ਵੋਟਾਂ ਪਾਈਆਂ ਗਈਆਂ ਸਨ, ਪਰ ਹੁਣ ਉਨ੍ਹਾਂ ਦੀ ਜ਼ਿੰਦਗੀ ਵਿੱਚ ਕੋਈ ਬਦਲਾਅ ਦੀ ਥਾਂ ਮਜ਼ਦੂਰ ਵਿਰੋਧੀ ਫੈਸਲੇ ਕੀਤੇ ਜਾ ਰਹੇ ਹਨ, ਜਿਸ ਕਾਰਨ ਮਜ਼ਦੂਰਾਂ ਵਿੱਚ ਸਖਤ ਰੋਸ ਹੈ। ਉਨ੍ਹਾਂ ਕਿਹਾ ਕਿ ਪੁਤਲੇ ਸਾੜਨ ਤੋਂ ਇਲਾਵਾ 18 ਅਕਤੂਬਰ ਨੂੰ ਸਗਰੂਰ ਦੇ ਪਿੰਡ ਕਾਲਵਣਜਾਰਾ 'ਚ ਮੁੱਖ ਮੰਤਰੀ ਦੀ ਆਮਦ ਮੌਕੇ ਸਖਤ ਵਿਰੋਧ ਕੀਤਾ ਜਾਵੇਗਾ।

ਆਗੂਆਂ ਨੇ ਫਿਰਕੂ ਸਿਆਸਤਦਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਵੀ ਜੋਗਿੰਦਰ ਸਿੰਘ ਉਗਰਾਹਾਂ ਸਮੇਤ ਧਰਮ ਨਿਰਪੱਖ ਕਿਸਾਨ ਮਜ਼ਦੂਰ ਤੇ ਜਮਹੂਰੀ ਕਿਸਮ ਦੇ ਆਗੂਆਂ ਨੂੰ ਦੇਖ ਲੈਣ ਦੀ ਧਮਕੀ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਮਾਨ ਵਰਗੇ ਫਿਰਕਾਪ੍ਰਸਤ ਤੇ ਉਨ੍ਹਾਂ ਦੇ ਪੈਰੋਕਾਰ ਦੇ ਪੰਜਾਬ 'ਚ ਮੁੜ ਤੋਂ ਫਿਰਕੂ ਵੰਡੀਆਂ ਪਾਉਣ ਦੀਆਂ ਚਾਲਾਂ ਤੋਂ ਸੁਚੇਤ ਰਹਿੰਦਿਆਂ ਭਾਈਚਾਰਕ ਸਾਂਝ ਮਜ਼ਬੂਤ ਕਰਕੇ ਜਮਾਤੀ ਸੰਘਰਸਾਂ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ।

ਮਜ਼ਦੂਰ ਆਗੂਆਂ ਨੇ ਆਖਿਆ ਕਿ ਪੰਜਾਬ ਖੇਤ ਮਜ਼ਦੂਰ ਯੂਨੀਅਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਅੱਗੇ ਲੱਗੇ ਧਰਨੇ ਦੀ ਵੀ ਹਦਾਇਤ ਕਰਦੀ ਹੈ। ਇਸ ਸਮੇਂ ਸੁਖਵੰਤ ਸਿੰਘ, ਕ੍ਰਿਸ਼ਨ ਸਿੰਘ, ਕਾਕਾ ਸਿੰਘ, ਸੱਤਪਾਲ ਸਿੰਘ, ਸਿਮਰਜੀਤ ਕੌਰ, ਭਜਨ ਕੌਰ, ਪਰਮਿੰਦਰ ਕੌਰ ਆਦਿ ਸ਼ਾਮਲ ਸਨ।

## ਕਾਤਰਾਂ

### ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ

**ਬਰੇਟਾ (ਗੀਤਵਾਲ)**-ਇੱਥੋਂ ਨਜ਼ਦੀਕ ਪਿੰਡ ਕੁਲਰੀਆਂ ਵਿਖੇ ਇੱਕ ਵਿਅਕਤੀ ਦੀ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਇੱਕਤਰ ਕੀਤੀ ਜਾਣਕਾਰੀ ਅਨੁਸਾਰ ਕੁਲਰੀਆਂ ਦੇ ਸਾਬਕਾ ਮੈਂਬਰ ਜੁਗਰਾਜ ਸਿੰਘ ਨੇ ਦੱਸਿਆ ਕਿ ਕਿਸਾਨ ਸੰਸਾਰ ਸਿੰਘ (33) ਸਵੇਰੇ ਅੱਜ ਆਪਣੇ ਖੇਤਾਂ 'ਚ ਮੋਟਰ ਨਾਲ ਪਾਣੀ ਲਗਾ ਰਿਹਾ ਸੀ, ਜਦੋਂ ਉਹ ਮੋਟਰ ਬੰਦ ਕਰਨ ਲੱਗਾ ਤਾਂ ਉਸ ਨੂੰ ਤੇਜ਼ ਬਿਜਲੀ ਦਾ ਕਰੰਟ ਲੱਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿਛੇ ਮਾਂ, ਪਤਨੀ ਤੋਂ ਇਲਾਵਾ ਇੱਕ ਪੁੱਤਰ ਤੇ ਇੱਕ ਪੁੱਤਰੀ ਛੱਡ ਗਿਆ ਹੈ। ਨੌਜਵਾਨ ਦੀ ਮੌਤ ਨੂੰ ਲੈ ਕੇ ਪਿੰਡ ਵਿੱਚ ਭਾਰੀ ਸ਼ੋਕ ਦੀ ਲਹਿਰ ਪਾਈ ਜਾ ਰਹੀ ਹੈ।

### ਐੱਸ ਆਈ ਜਗਸੀਰ ਸਿੰਘ ਇੰਸਪੈਕਟਰ ਬਣੇ



**ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੰਜਾਬ ਪੁਲਸ ਵਿੱਚ ਥਾਣਾ ਮੁਖੀ ਸਦਰ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਐੱਸ ਆਈ ਜਗਸੀਰ ਸਿੰਘ ਨੂੰ ਵਧੀਆ ਡਿਊਟੀ ਤੇ ਵਧੀਆ ਕਾਰਜਸ਼ੈਲੀ ਦੇ ਲਈ ਇੰਸਪੈਕਟਰ ਪਦਉਨਤ ਕੀਤਾ ਗਿਆ ਹੈ। ਇਸ ਮੌਕੇ ਡਾ. ਸਚਿਨ ਗੁਪਤਾ ਆਈ.ਪੀ.ਐੱਸ., ਐੱਸ.ਐੱਸ.ਪੀ.ਜੀ. ਤੇ ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਵੱਲੋਂ ਤਰੱਕੀ ਦੇ ਸਟਾਰ ਲਗਾਏ ਗਏ ਅਤੇ ਚੰਗੇ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਇੰਸਪੈਕਟਰ ਜਗਸੀਰ ਸਿੰਘ ਨੇ ਕਿਹਾ ਕਿ ਉਹ ਹਮੇਸ਼ਾ ਆਪਣੀ ਡਿਊਟੀ ਤੇ ਆਪਣੇ ਫ਼ਰਜ਼ਾਂ ਨੂੰ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ।

### ਸੁਨੀਤਾ ਦੁੱਗਲ ਨੇ ਕਾਂਗਰਸ ਵੱਲ ਚਲਾਏ ਸਿਆਸੀ ਤੀਰ

**ਸਿਰਸਾ (ਸੁਰਿੰਦਰ ਪਾਲ ਸਿੰਘ)** ਲੋਕ ਸਭਾ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ ਭਾਜਪਾ ਆਦਮਪੁਰ ਉਪ ਚੋਣ ਤੇ ਪੰਚਾਇਤੀ ਚੋਣਾਂ ਜ਼ੋਰਦਾਰ ਅਤੇ ਸੰਗਠਤ ਤਰੀਕੇ ਨਾਲ ਲੜੇਗੀ। ਉਨ੍ਹਾਂ ਕਿਹਾ ਕਿ ਆਦਮਪੁਰ ਉਪ ਚੋਣ ਵਿੱਚ ਭਾਜਪਾ ਉਮੀਦਵਾਰ ਭਵਿਆ ਬਿਸ਼ਨੋਈ ਦੀ ਜਿੱਤ ਹੋਵੇਗੀ।

ਉਨ੍ਹਾਂ ਕਿਹਾ ਕਿ ਬਿਸ਼ਨੋਈ ਪਰਵਾਰ ਦਾ ਆਦਮਪੁਰ ਇਲਾਕੇ ਵਿੱਚ ਵਿਸ਼ੇਸ਼ ਰੁਤਬਾ ਹੈ। ਇਸ ਦੇ ਨਾਲ ਹੀ ਭਾਜਪਾ ਤੇ ਕੁਲਦੀਪ ਬਿਸ਼ਨੋਈ ਦੇ ਨਾਲ ਹੋਣ ਨਾਲ ਭਵਿਆ ਬਿਸ਼ਨੋਈ ਨੂੰ ਹੋਰ ਤਾਕਤ ਮਿਲੇਗੀ। ਉਨ੍ਹਾਂ ਕਿਹਾ ਸੀ.ਐਮ ਮਨੋਹਰ ਲਾਲ ਨੇ ਸੂਬੇ ਵਿੱਚ ਹਰ ਥਾਂ 'ਤੇ ਇੱਕੋ ਜਿਹੇ ਵਿਕਾਸ ਕਾਰਜ ਕਰਾਏ ਹਨ। ਆਦਮਪੁਰ ਅਤੇ ਪੰਚਾਇਤੀ ਚੋਣਾਂ ਵਿਕਾਸ ਦੇ ਆਧਾਰ 'ਤੇ ਲੜੀਆਂ ਜਾਣਗੀਆਂ। ਇਸ ਮੌਕੇ ਵਿਰੋਧੀ ਧਿਰ ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਸੁਨੀਤਾ ਦੁੱਗਲ ਨੇ ਕਿਹਾ ਕਿ ਹੁੱਡਾ ਦੇ ਸਾਸ਼ਨ ਦੌਰਾਨ ਸੂਬੇ 'ਚ ਭ੍ਰਿਸ਼ਟਾਚਾਰ ਸੀ।

ਉਨ੍ਹਾਂ ਕਿਹਾ ਕਿ ਭਾਜਪਾ ਵਿਕਾਸ ਕਰਾਉਂਦੀ ਹੈ ਤੇ ਕਾਂਗਰਸ ਭ੍ਰਿਸ਼ਟਾਚਾਰ ਫੈਲਾਉਂਦੀ ਹੈ। ਉਨ੍ਹਾਂ ਕਿਹਾ ਕਿ ਹੁੱਡਾ ਨੇ ਸੂਬੇ ਵਿੱਚ ਪਰਵਾਰਵਾਦ ਨੂੰ ਬੜ੍ਹਾਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਸਮੁੱਚੀ ਜਥੇਬੰਦੀ ਇੱਕ ਹੱਥ ਵਿੱਚ ਹੈ, ਪਰ ਭਾਜਪਾ ਵਿੱਚ ਅਜਿਹਾ ਨਹੀਂ ਹੈ।

# ਪੀ.ਏ.ਯੂ.ਪੈਨਸ਼ਨਰਜ਼ ਤੇ ਰਿਟਾਇਰੀਜ਼ ਐਸੋਸੀਏਸ਼ਨ ਵੱਲੋਂ ਨਵੰਬਰ 'ਚ ਪੈਨਸ਼ਨਰਜ਼ ਮੇਲਾ ਲਾਉਣ ਦਾ ਫੈਸਲਾ

**ਪੰਜਾਬ ਸਰਕਾਰ ਤੋਂ ਛੇਵੇਂ ਤਨਖਾਹ ਕਮਿਸ਼ਨ ਨੂੰ ਸਹੀ ਤਰੀਕੇ ਲਾਗੂ ਕਰਨ ਦੀ ਮੰਗ**



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)** : ਪੀ. ਏ. ਯੂ. ਪੈਨਸ਼ਨਰਜ਼ ਤੇ ਰਿਟਾਇਰੀਜ਼ ਐਸੋਸੀਏਸ਼ਨ ਨੇ ਪੀ.ਏ.ਯੂ. ਦੇ ਵਿਦਿਆਰਥੀ ਭਵਨ ਵਿਖੇ ਜਨਰਲ ਬਾਡੀ ਮੀਟਿੰਗ ਕੀਤੀ, ਜਿਸ ਦੀ ਪ੍ਰਧਾਨਗੀ ਡਾ. ਗੁਲਜਾਰ ਸਿੰਘ ਪੰਧੇਰ ਨੇ ਕੀਤੀ। ਉਨ੍ਹਾ ਜਿੱਥੇ ਲੋਕਲ ਤੇ ਪੀ.ਏ.ਯੂ. ਨਾਲ ਸੰਬੰਧਤ ਤੇ ਪੰਜਾਬ ਸਰਕਾਰ ਨਾਲ ਸੰਬੰਧਤ ਮਸਲਿਆਂ ਬਾਰੇ ਗੱਲ ਕੀਤੀ, ਉੱਥੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆਂ ਵਿੱਚ ਪੰਜਾਬੀ ਪਰਿਵਾਰ ਦੇ ਨਸਲੀ ਵਿਤਕਰੇ ਕਾਰਨ ਹੋਏ ਕਤਲ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਜਨਰਲ ਬਾਡੀ ਵਿੱਚ ਵੱਡੀ ਗਿਣਤੀ 'ਚ ਰਿਟਾਇਰੀ ਸਾਥੀਆਂ ਨੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਜੇ ਐੱਲ ਨਾਰੰਗ ਨੇ ਇਸ ਜਥੇਬੰਦੀ ਦੀ ਸਿਆਣਪ ਤੇ ਸਮਝ ਦਾ ਵਾਰ ਵਾਰ ਜ਼ਿਕਰ ਕੀਤਾ। ਇਸ ਦੀ ਅਗਵਾਈ ਕਾਰਨ ਲੰਮੇ ਸਮੇਂ ਤੋਂ ਮਸਲੇ ਹੱਲ ਹੁੰਦੇ ਆਏ ਹਨ। ਇਹੀ ਜਥੇਬੰਦੀ ਹੈ, ਜੋ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਮੁਲਾਜ਼ਮ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕਰਦੀ ਹੈ ਤੇ ਚੰਗੇ ਨਤੀਜੇ ਕੱਢਦੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਪੀ.ਏ.ਯੂ. ਇੰਪਲਾਈਜ਼ ਯੂਨੀਅਨ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਜਦੋਂ ਵੀ ਸਰਕਾਰਾਂ ਤੋਂ ਕੁਝ ਪ੍ਰਾਪਤ ਹੋਇਆ ਹੈ, ਉਹ ਸੰਘਰਸ਼ ਕਰਨ ਨਾਲ ਹੀ ਪ੍ਰਾਪਤ ਹੋਇਆ ਹੈ। ਛੇਵੇਂ ਤਨਖਾਹ ਕਮਿਸ਼ਨ ਨੂੰ ਸਿਧਾਂਤ ਰਹਿਤ ਤੇ ਤਰੋੜ ਮਰੋੜ ਕੇ ਲੰਗੜਾ ਲਾਗੂ ਕੀਤਾ ਜਾ ਰਿਹਾ ਹੈ। ਇਸ ਸਮੇਂ ਪ੍ਰੀਤਮ ਸਿੰਘ ਨੇ ਕੁਝ ਨਵੇਂ ਤੇ ਵਿਸ਼ੇਸ਼ ਮਸਲਿਆਂ ਨਾਲ ਮੁਲਾਜ਼ਮਾਂ ਦੀ ਸਾਂਝ ਪੁਆਈ ਤੇ ਉਨ੍ਹਾ ਦੇ ਹੱਲ ਸੁਝਾਏ। ਹੋਰਨਾਂ ਤੋਂ ਇਲਾਵਾ ਇਸ ਸਮੇਂ ਐਗਜ਼ੈਕਟਿਵ ਮੈਂਬਰਾਂ ਜੈਪਾਲ ਸਿੰਘ, ਕੁਲਦੀਪ ਸਿੰਘ ਤੁੰਗ ਨੇ ਵੀ ਆਪਣੇ ਵਿਚਾਰ ਰੱਖੇ। ਅੰਤ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਡੀ. ਪੀ. ਮੌੜ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਨਵੰਬਰ ਮਹੀਨੇ ਲਗਾਏ ਜਾ ਰਹੇ ਪੈਨਸ਼ਨਰਜ਼ ਮੇਲੇ 'ਤੇ ਵੱਧ ਤੋਂ ਵੱਧ ਗਿਣਤੀ ਵਿੱਚ ਪਰਵਾਰਾਂ ਸਮੇਤ ਹਾਜ਼ਰ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਐੱਨ ਆਰ ਆਈ ਪੈਨਸ਼ਨਰ ਰੂਪ ਸਿੰਘ ਰੂਪਾ ਤੇ ਚਰਨ ਸਿੰਘ ਗੁਰਮ ਸਮੇਤ ਹੋਰ ਵੀ ਮਹਿਮਾਨ ਹਿੱਸਾ ਲੈਣਗੇ। ਇਹ ਮੇਲਾ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ 'ਤੇ ਫੈਲੇ ਨਸਲੀ ਵਿਤਕਰੇ ਤੇ ਫਿਰਕਾਪ੍ਰਸਤੀ ਦੇ ਖਿਲਾਫ ਤੇ ਆਪਸੀ ਭਾਈਚਾਰੇ ਨੂੰ ਸਮਰਪਤ ਹੋਵੇਗਾ। ਉੱਚ ਪੱਧਰ ਦੇ ਨਾਟਕ ਤੇ ਭੰਡਾਂ ਦੇ ਪ੍ਰੋਗਰਾਮ ਸਮੇਤ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

# ਦਿਨ-ਦਿਹਾੜੇ ਕਰਿਆਨਾ ਵਪਾਰੀ ਦੇ ਗੋਦਾਮ 'ਚੋਂ ਚਾਹ ਦੇ 5 ਗੱਟੇ ਚੋਰੀ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਸਲ)**-ਬੀਤੀ ਕੱਲ੍ਹ ਦਿਨ ਦਿਹਾੜੇ ਦੁਪਹਿਰ ਸਥਾਨਕ ਸਕੂਲ ਰੋਡ ਸਥਿਤ ਗਲੀ ਨੰਬਰ 7 'ਚੋਂ ਇੱਕ ਕਰਿਆਨਾ ਵਪਾਰੀ ਦੇ ਗੋਦਾਮ 'ਚੋਂ 8 ਔਰਤਾਂ ਚਾਹ ਦੇ 5 ਗੱਟੇ ਚੋਰੀ ਕਰ ਲਏ ਗਈਆਂ, ਜਿਸ ਦੀ ਅੰਦਾਜ਼ਨ ਕੀਮਤ ਲਗਭਗ 45 ਹਜ਼ਾਰ ਰੁਪਏ ਦੇ ਕਰੀਬ ਬਣਦੀ ਹੈ। ਇਸ ਸੰਬੰਧੀ ਵਪਾਰੀ ਰਾਜ ਕੁਮਾਰ ਤਾਜੋ ਵਾਲਾ ਨੇ ਦੱਸਿਆ ਕਿ ਉਸ ਦੀ ਗਲੀ ਨੰਬਰ 7 ਦੇ ਨੁੱਕਰ 'ਤੇ ਦੁਕਾਨ ਹੈ ਤੇ 50 ਫੁੱਟ ਦੇ ਕਰੀਬ ਗਲੀ 'ਚ ਗੋਦਾਮ ਹੈ, ਜਿੱਥੇ ਉਸ ਦਾ ਸਾਰਾ ਸਾਮਾਨ ਜਿਵੇਂ ਖਲ, ਘਿਉ, ਗੁੜ, ਚਾਹ ਆਦਿ ਪਿਆ ਹੈ। ਦੁਪਹਿਰ 2.30 ਵਜੇ ਦੇ ਕਰੀਬ ਅੱਧੀ ਦਰਜਨ ਤੋਂ ਵੱਧ ਔਰਤਾਂ ਨੇ ਗੋਦਾਮ ਦਾ ਸ਼ਟਰ ਚੁੱਕ ਕੇ 2 ਔਰਤਾਂ ਅੰਦਰ ਦਾਖਲ ਹੋ ਗਈਆਂ ਤੇ ਬਾਕੀ ਸ਼ਟਰ ਅੱਗੇ ਬੈਠੀਆਂ ਰਹੀਆਂ। ਅੰਦਰ ਗਈਆਂ ਔਰਤਾਂ ਨੇ 5 ਗੱਟੇ ਚਾਹ, ਜਿਸ ਦੀ ਅੰਦਾਜ਼ਨ ਕੀਮਤ 45 ਹਜ਼ਾਰ ਰੁਪੈ ਬਣਦੀ ਹੈ, ਚੁੱਕ ਕੇ ਸ਼ਟਰ ਕੋਲ ਲਿਆ ਕੇ ਰੱਖਦੀਆਂ ਰਹੀਆਂ ਤੇ ਬਾਹਰ ਬੈਠੀਆਂ ਔਰਤਾਂ ਉਨ੍ਹਾਂ ਨੂੰ ਸੰਭਾਲਦੀਆਂ ਰਹੀਆਂ। ਇਸ ਤਰ੍ਹਾਂ ਉਨ੍ਹਾਂ 5 ਗੱਟਿਆਂ ਨੂੰ ਚੋਰੀ ਕਰਕੇ ਸ਼ਟਰ ਨੂੰ ਹੇਠਾਂ ਸੁੱਟ ਕੇ ਝੁੰਡ ਬਣਾ ਕੇ ਸਦਰ ਬਾਜ਼ਾਰ ਵੱਲ ਚੱਲਦੀਆਂ ਬਣੀਆਂ। ਇਸ ਚੋਰੀ ਦਾ ਵਪਾਰੀ ਨੂੰ ਲਗਭਗ 2 ਘੰਟਿਆਂ ਬਾਅਦ ਜਦ ਪਤਾ ਲੱਗਾ ਤਾਂ ਉਸ ਨੇ ਲੱਗੇ ਸੀਸੀਟੀਵੀ ਕੈਮਰੇ ਖੰਘਾਲੇ ਤਾਂ ਉਕਤ ਵਾਰਦਾਤ ਤੇ ਸਮੇਂ ਬਾਰੇ ਪਤਾ ਲੱਗਾ। ਜਦ ਸਾਡੇ ਪ੍ਰਤੀਨਿਧ ਨੇ ਗੋਦਾਮ ਦਾ ਦੋਰਾ ਕਰਕੇ ਦੇਖਿਆ ਤਾਂ ਫਰਸ਼ ਤੋਂ 8 ਫੁੱਟ ਉੱਚੀ ਜਗ੍ਹਾ 'ਤੇ ਪਏ ਇਨ੍ਹਾਂ ਚਾਹ ਦੇ ਗੱਟਿਆਂ ਨੂੰ ਚੁੱਕਣ ਲਈ ਕੁਰਸੀ ਦਾ ਸਹਾਰਾ ਲਿਆ, ਪਰ ਉਹ ਟੁੱਟਣ ਕਾਰਨ ਗੋਦਾਮ 'ਚ ਪਏ ਪੌੜਸਾਂਗ 'ਤੇ ਚੜ੍ਹ ਕੇ ਚੋਰੀ ਨੂੰ ਅੰਜਾਮ ਦਿੱਤਾ। ਦਿਨ-ਦਿਹਾੜੇ ਹੋਈ ਇਸ ਚੋਰੀ ਨਾਲ ਵਪਾਰੀਆਂ 'ਚ ਦਹਿਸ਼ਤ ਦਾ ਮਾਹੌਲ ਹੈ। ਵਪਾਰੀਆਂ ਦਾ ਕਹਿਣਾ ਹੈ ਕਿ ਇਹ ਚੋਰੀ ਕਰਨ ਵਾਲੀਆਂ ਸੈਸਨ ਔਰਤਾਂ ਲੱਗਦੀਆਂ ਹਨ। ਵਪਾਰੀ ਨੇ ਚੋਰੀ ਸੰਬੰਧੀ ਪੁਲਸ ਨੂੰ ਜਾਣੂ ਕਰਵਾ ਦਿੱਤਾ ਹੈ, ਜਿਨ੍ਹਾਂ ਕਿਹਾ ਕਿ ਔਰਤ ਚੋਰਾਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਮੁਲਾਜ਼ਮਾਂ ਨੇ ਮੰਗਾਂ ਨੂੰ ਅਣਗੌਲਿਆ ਕਰਨ ਖਿਲਾਫ ਦਿੱਤਾ ਧਰਨਾ



**ਤਪਾ ਮੰਡੀ (ਅਰੁਣ ਗੋਇਲ, ਮੁਨੀਸ ਬਾਂਸਲ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਚੋਣਾਂ ਸਮੇਂ ਮੁਲਾਜ਼ਮ ਵਰਗ ਨਾਲ ਵਾਅਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੇ ਕਮਿਸ਼ਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਤੁਰੰਤ ਲਾਗੂ ਕਰ ਦਿੱਤਾ ਜਾਵੇਗਾ, ਪਰ ਪੇ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਬਜਾਏ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਮੁਲਾਜ਼ਮਾਂ ਵੱਲੋਂ ਤਹਿਸੀਲ ਕੰਪਲੈਕਸ ਤਪਾ 'ਚ ਧਰਨਾ ਦੇ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਪ੍ਰਧਾਨ ਅਵਤਾਰ ਸਿੰਘ ਬਾਹੀਆ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪੇ ਕਮਿਸ਼ਨ ਦੀ ਰਿਪੋਰਟ ਨੂੰ 2021 ਤੋਂ ਲਾਗੂ ਕੀਤਾ ਗਿਆ ਹੈ, ਜਿਸ ਦਾ ਸਰਕਾਰ ਨੋਟੀਫਿਕੇਸ਼ਨ ਜਾਰੀ ਨਹੀਂ ਕਰ ਰਹੀ ਅਤੇ ਉਹ 1-1-2016 ਤੋਂ ਲਾਗੂ ਕਰੇ। ਉਨ੍ਹਾਂ ਕਿਹਾ ਕਿ ਸਰਕਾਰੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰੇ, ਡੀ ਏ ਦੀਆਂ ਦੀਆਂ ਬਕਾਇਆ ਕਿਸ਼ਤਾਂ ਲਾਗੂ ਕਰਨ ਦੇ ਨਾਲ-ਨਾਲ ਆਊਟਸੋਰਸਿੰਗ ਮੁਲਾਜ਼ਮਾਂ ਨੂੰ ਪੱਕਾ ਕਰਨ ਸੰਬੰਧੀ ਤੇ ਹੋਰ ਵਿਭਾਗੀ ਮੰਗਾਂ ਨੂੰ ਤੁਰੰਤ ਲਾਗੂ ਕਰੇ। ਜਦ ਤੱਕ ਸਰਕਾਰ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ, ਮੁਲਾਜ਼ਮਾਂ ਦਾ ਸੰਘਰਸ਼ ਜਾਰੀ ਰਹੇਗਾ।

ਇਹ ਹੜਤਾਲ 10 ਅਕਤੂਬਰ ਤੋਂ 15 ਅਕਤੂਬਰ ਤੱਕ ਚੱਲੇਗੀ। ਤਹਿਸੀਲ ਕੰਪਲੈਕਸ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ ਦੂਰ-ਦੁਰਾਡੇ ਤੋਂ ਕੰਮ ਕਰਵਾਉਣ ਆਏ ਆਮ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪਿਆ। ਇਸ ਮੌਕੇ ਕਿਰਪਾਲ ਸਿੰਘ, ਕਮਲਜੀਤ ਕੌਰ, ਗੁਰਵਿੰਦਰ ਸਿੰਘ, ਮਨਜੀਤ ਕੌਰ, ਨਨਪਾਲ ਸਿੰਘ, ਮਨਜੀਤ ਕੌਰ, ਗੁਰਲਾਲ ਸਿੰਘ, ਆਸ਼ੀਤੋਸ਼ ਬਾਵਾ, ਲਖਵਿੰਦਰ ਸਿੰਘ, ਸਿਮਰਤ ਸਿੰਘ, ਭਗਵਾਨ ਦਾਸ, ਹਰਜਿੰਦਰ ਸਿੰਘ, ਸ਼ਿਵ ਕੁਮਾਰ, ਸੁਖਜਿੰਦਰ ਸਿੰਘ ਆਦਿ ਮੁਲਾਜ਼ਮਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।

# ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਬੀ ਕੇ ਯੂ ਉਗਰਾਹਾਂ ਦੀ ਹਮਾਇਤ ਦਾ ਐਲਾਨ




**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਥਰਮਲ ਪਲਾਂਟ ਲਹਿਰਾ ਮੁਹੱਬਤ ਨੇ ਸਰਕਾਰਾਂ, ਫਿਰਕਾਪ੍ਰਸਤ ਲੀਡਰਾਂ ਤੇ ਫਿਰਕੂ ਅਨਸਰਾਂ ਵੱਲੋਂ ਭਾਕਿਯੂ ਏਕਤਾ (ਉਗਰਾਹਾਂ) ਨੂੰ ਬਦਨਾਮ ਕਰਨ ਦੀਆਂ ਨਾਪਾਕ ਸਾਜ਼ਿਸ਼ਾਂ ਦੀ ਸਖਤ ਨਿਖੇਧੀ ਕਰਦਿਆਂ ਕਿਸਾਨ ਜਥੇਬੰਦੀ ਉਗਰਾਹਾਂ ਦੀ ਹਮਾਇਤ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ, ਜਨਰਲ ਸਕੱਤਰ ਜਗਸੀਰ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ ਤੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਨੇ ਕਿਸਾਨ ਜਥੇਬੰਦੀ ਉਗਰਾਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜਨ ਦੀ ਗੱਲ ਕਰਦਿਆਂ ਕਿਹਾ ਕਿ ਇਸ ਜਥੇਬੰਦੀ ਖਿਲਾਫ ਪਿਛਲੇ ਲੰਬੇ ਸਮੇਂ ਤੋਂ ਕੁੱਝ ਫਿਰਕੂ ਤੇ ਪਾਟਕਪਾਊ ਅਨਸਰਾਂ ਵੱਲੋਂ ਕੂੜ-ਪ੍ਰਚਾਰ ਵਿੱਢਿਆ ਹੋਇਆ ਹੈ, ਜਦਕਿ ਇਹ ਜਥੇਬੰਦੀ ਆਪਣੇ ਪਿਛਲੇ ਵੀਹ ਸਾਲਾਂ ਦੇ ਸ਼ਾਨਾ-ਮੱਤੇ ਇਤਿਹਾਸ ਵਿੱਚ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਠੇਕਾ ਮੁਲਾਜ਼ਮਾਂ, ਵਿਦਿਆਰਥੀਆਂ ਤੇ ਨੌਜਵਾਨਾਂ ਸਮੇਤ ਹੋਰ ਸਮੂਹ ਮਿਹਨਤਕਸ਼ ਕਿਰਤੀ ਲੋਕਾਂ ਦੇ ਸੰਘਰਸ਼ਾਂ ਨੂੰ ਆਪਣਾ ਸੰਘਰਸ਼ ਸਮਝ ਕੇ ਲੜੇ ਗਏ ਘੋਲਾਂ ਵਿੱਚ ਆਪਣੀ ਤਾਕਤ ਝੋਕਦੀ ਰਹੀ ਹੈ। ਪੰਜਾਬ ਦੇ ਸਾਰੇ ਵੱਡੇ ਲੋਕ ਸੰਘਰਸ਼ਾਂ ਦਾ ਇਤਿਹਾਸ ਇਸ ਜਥੇਬੰਦੀ ਤੋਂ ਬਿਨਾਂ ਅਧੂਰਾ ਹੈ। ਇਸ ਕਰਕੇ ਇਹ ਜਥੇਬੰਦੀ ਸਰਕਾਰਾਂ ਤੇ ਉਨ੍ਹਾਂ ਦੇ ਝੋਲੀ-ਚੁੱਕਾਂ ਦੀਆਂ ਅੱਖਾਂ ਵਿੱਚ ਰੋੜ ਬਣ ਕੇ ਰੜਕ ਰਹੀ ਹੈ, ਵੱਖ-ਵੱਖ ਸਮਿਆਂ 'ਤੇ ਫਿਰਕੂ-ਪਾਟਕ ਪਾਉਣ ਦੀਆਂ ਕੋਸ਼ਿਸ਼ਾਂ ਸਮੇਂ ਵੀ ਇਹ ਜਥੇਬੰਦੀ ਹਰ ਵਾਰ ਭਾਈਚਾਰਕ ਏਕਤਾ ਤੇ ਅਮਨ ਦੀ ਰਾਖੀ ਲਈ ਢਾਲ ਬਣ ਕੇ ਨਿੱਤਰਦੀ ਰਹੀ ਹੈ। ਇਸ ਜਥੇਬੰਦੀ ਨੇ ਲੋਕ ਸੰਘਰਸ਼ਾਂ ਨੂੰ ਧਾਰਮਿਕ ਪਾਟਕਾਂ ਵਿੱਚ ਉਲਝ ਕੇ ਰੁਲਣ ਨਹੀਂ ਦਿੱਤਾ ਤੇ ਫ਼ਿਰਕਾਪ੍ਰਸਤ ਤਾਕਤਾਂ ਖ਼ਿਲਾਫ਼ ਹਮੇਸ਼ਾ ਡੱਟ ਕੇ ਸਟੈਂਡ ਲਿਆ ਹੈ। ਕਿਸਾਨਾਂ ਸਮੇਤ ਹੋਰ ਸਮੂਹ ਮਿਹਨਤਕਸ਼ ਕਿਰਤੀ ਲੋਕਾਂ ਦੇ ਸੰਘਰਸ਼ਾਂ 'ਚ ਰੜੀ, ਤਪੀ ਤੇ ਪ੍ਰਵਾਨ ਚੜ੍ਹੀ ਇਸ ਜਥੇਬੰਦੀ ਖਿਲਾਫ਼ ਫਿਰਕੂ ਤਾਕਤਾਂ ਦੀਆਂ ਪ੍ਰਚਾਰ ਮੁਹਿੰਮਾਂ ਅਸਲ ਵਿੱਚ ਲੋਕਾਂ ਨੂੰ ਉਨ੍ਹਾਂ ਦੀ ਆਪਣੀ ਜਥੇਬੰਦ ਸ਼ਕਤੀ ਤੋਂ ਵਾਂਝਾ ਕਰਨ ਤੇ ਧਰਮਾਂ ਦੇ ਨਾਮ 'ਤੇ ਪਾਟਕ ਪਾ ਕੇ ਲੋਕਾਂ ਨੂੰ ਆਪਸ ਵਿੱਚ ਲੜਾਉਣ, ਲੋਕ ਸੰਘਰਸ਼ ਦੀ ਲਹਿਰ ਨੂੰ ਕਮਜ਼ੋਰ ਕਰਨ ਤੇ ਲੁਟੇਰੇ ਹਾਕਮਾਂ ਦੀ ਸੇਵਾ ਕਰਨ ਦੀਆਂ ਨਾਪਾਕ ਸਾਜ਼ਿਸ਼ਾਂ ਹਨ, ਜੋ ਕਦੇ ਵੀ ਸਫਲ ਨਹੀਂ ਹੋਣਗੀਆਂ।

# ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਕਲਮ ਛੋੜ ਹੜਤਾਲ

**15 ਅਕਤੂਬਰ ਤੱਕ ਸਾਰੇ ਸਰਕਾਰੀ ਕੰਮ-ਕਾਜ ਰਹਿਣਗੇ ਠੱਪ**



**ਲੁਧਿਆਣਾ, (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)** : ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ 10 ਤੋਂ 15 ਅਕਤੂਬਰ 2022 ਤੱਕ ਦਿੱਤੇ ਗਏ ਕਲਮ ਛੋੜ/ਕੰਪਿਊਟਰ ਬੰਦ ਤੇ ਮੁਕੰਮਲ ਹੜਤਾਲ ਦੇ ਐਕਸ਼ਨ ਅਨੁਸਾਰ ਜ਼ਿਲ੍ਹਾ ਲੁਧਿਆਣਾ ਸਥਿਤ ਵੱਖ-ਵੱਖ ਵਿਭਾਗਾਂ ਦੇ ਦਫ਼ਤਰੀ ਕਾਮਿਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼੍ਰੀ ਸੰਜੀਵ ਭਾਰਗਵ, ਜਨਰਲ ਸਕੱਤਰ ਸ਼੍ਰੀ ਲਖਵੀਰ ਸਿੰਘ ਗਰੇਵਾਲ ਤੇ ਵਿੱਤ ਸਕੱਤਰ ਸ਼੍ਰੀ ਸੁਨੀਲ ਕੁਮਾਰ ਦੀ ਅਗਵਾਈ ਹੇਠ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪੋ-ਆਪਣੇ ਦਫਤਰਾਂ ਵਿਖੇ ਮੁਕੰਮਲ ਤੌਰ 'ਤੇ ਕਲਮ ਛੋੜ/ਕੰਪਿਊਟਰ ਬੰਦ ਕਰਦੇ ਹੋਏ ਹੜਤਾਲ ਕੀਤੀ ਗਈ ਅਤੇ ਸਰਕਾਰ ਖਿਲਾਫ ਰੋਸ ਮੁਜ਼ਾਹਰਾ ਕਰਦੇ ਹੋਏ ਸਰਕਾਰ ਦਾ ਪਿੱਟ-ਸਿਆਪਾ ਕੀਤਾ।

ਇਸ ਦੌਰਾਨ ਸ਼੍ਰੀ ਸੰਜੀਵ ਕੁਮਾਰ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਇਹ ਸਰਕਾਰ ਵੀ ਮੁਲਾਜ਼ਮ ਵਿਰੋਧੀ ਨਜ਼ਰ ਆ ਰਹੀ ਹੈ। ਉਨ੍ਹਾ ਦੱਸਿਆ ਕਿ ਮੁਲਾਜ਼ਮਾਂ ਵੱਲੋਂ ਰਿਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਬਦਲਾਅ ਲਿਆਉਂਦਿਆਂ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਗਿਆ, ਪਰ ਇਹ ਸਰਕਾਰ ਵੀ ਪੂਰੀ ਤਰ੍ਹਾਂ ਫੇਲ ਸਾਬਿਤ ਹੁੰਦੀ ਨਜ਼ਰ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮੁਲਾਜ਼ਮਾਂ ਦੀਆਂ ਮੰਗਾਂ, ਜਿਸ ਵਿੱਚ ਪੇ ਕਮਿਸ਼ਨ ਨੂੰ ਸਹੀ ਢੰਗ ਨਾਲ ਲਾਗੂ ਕਰਨਾ, ਡੀ. ਏ. ਦੀਆਂ ਬਕਾਇਆ ਕਿਸ਼ਤਾਂ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ ਤੇ ਮੁਲਾਜ਼ਮਾਂ ਦੀ ਸਭ ਤੋਂ ਵੱਡੀ ਮੰਗ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨਾ ਆਦਿ ਜਾਇਜ਼ ਮੰਗਾਂ ਨੂੰ ਜਲਦ ਬਹਾਲ ਕੀਤਾ ਜਾਵੇਗਾ, ਪਰ ਇਸ ਦੇ ਉਲਟ ਮੌਜੂਦਾ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਟਾਲ-ਮਟੋਲ ਕਰਦਿਆਂ ਡੰਗ ਟਪਾਊ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਹਾਲੇ ਤੱਕ ਸਰਕਾਰ ਵੱਲੋਂ ਮੁਲਾਜ਼ਮਾਂ ਪੱਖੀ ਕੋਈ ਐਲਾਨ ਨਹੀਂ ਕੀਤਾ ਗਿਆ। ਇਸ ਸਬੰਧੀ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਅੰਮ੍ਰਿਤਸਰ, ਲੁਧਿਆਣਾ, ਫਿਰੋਜ਼ਪੁਰ ਤੇ ਸੰਗਰੂਰ ਵਿਖੇ ਲੜੀ ਵਾਰ 4 ਜ਼ੋਨਲ ਰੈਲੀਆਂ ਕਰਕੇ ਸਰਕਾਰ ਨੂੰ ਆਪਣੇ ਕੀਤੇ ਵਾਅਦੇ ਯਾਦ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਪੂਰੀ ਤਰ੍ਹਾਂ ਹੀ ਅਣਗੌਲਿਆ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਤਰ੍ਹਾਂ ਦੀ ਕੋਈ ਮੀਟਿੰਗ ਦਾ ਸੱਦਾ ਨਹੀਂ ਦਿੱਤਾ ਗਿਆ। ਇਸ ਲਈ ਸੰਗਰੂਰ ਵਿਖੇ ਕੀਤੀ ਗਈ ਰੈਲੀ ਦੌਰਾਨ ਸੂਬਾਈ ਜਥੇਬੰਦੀ ਵੱਲੋਂ 5 ਦਿਨ ਦੀ ਮੁਕੰਮਲ ਕੰਮ ਬੰਦ ਕਰਨ ਸਬੰਧੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।

ਸ਼੍ਰੀ ਅਮਿਤ ਅਰੋੜਾ ਸੂਬਾ ਪ੍ਰਧਾਨ ਤੇ ਸੂਬਾ ਵਧੀਕ ਜਨਰਲ ਸਕੱਤਰ ਪੀ.ਐੱਸ.ਐੱਮ.ਐੱਸ.ਯੂ. ਪੰਜਾਬ ਨੇ ਦੱਸਿਆ ਕਿ ਜੇਕਰ ਹਾਲੇ ਵੀ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨਾ ਮੰਨੀਆਂ ਗਈਆਂ ਤਾਂ ਮੁਲਾਜ਼ਮਾਂ ਵੱਲੋਂ ਹਿਮਾਚਲ ਪ੍ਰਦੇਸ਼ ਵਿਖੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਿਰੁੱਧ ਡੱਟ ਕੇ ਪ੍ਰਚਾਰ ਕੀਤਾ ਜਾਵੇਗਾ। ਸੀ.ਪੀ.ਐੱਫ. ਜ਼ਿਲ੍ਹਾ ਪ੍ਰਧਾਨ ਸੰਦੀਪ ਭੰਬਕ ਤੇ ਪੀ.ਐਸ.ਐਮ.ਐਸ.ਯੂ. ਜ਼ਿਲ੍ਹਾ ਵਿੱਤ ਸਕੱਤਰ ਸੁਨੀਲ ਕੁਮਾਰ ਨੇ ਕਿਹਾ ਕਿ 01.01.2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਸਰਕਾਰ ਉਨ੍ਹਾਂ ਦੇ ਪੈਨਸ਼ਨ ਦੇ ਬੁਨਿਆਦੀ ਹੱਕ ਤੋਂ ਵਾਂਝਾ ਰੱਖ ਰਹੀ ਹੈ।

ਇਸ ਦੌਰਾਨ ਰਾਕੇਸ਼ ਕੁਮਾਰ ਸਿਹਤ ਵਿਭਾਗ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਤਾਂ ਸਮੁੱਚੇ ਮੁਲਾਜ਼ਮ ਵਰਗ ਵੱਲੋਂ ਸਰਕਾਰ ਖਿਲਾਫ ਤਕੜੇ ਰੋਸ ਐਕਸ਼ਨ ਕੀਤੇ ਜਾਣਗੇ ਤੇ ਸਰਕਾਰ ਦੀ ਝੂਠਪ੍ਰਸਤੀ ਲੋਕਾਂ ਸਾਹਮਣੇ ਲਿਆਂਦੀ ਜਾਵੇਗੀ।

# ਥੈਲਾਸੀਮੀਆ ਤੋਂ ਪੀੜਤ ਬੱਚਿਆਂ ਦੇ ਲਈ 50 ਲੋਕਾਂ ਨੇ ਕੀਤਾ ਖ਼ੂਨ ਦਾਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਟਿਆਲਾ ਥੈਲੇਸੈਮਿਕ ਚਿਲਡਰਨ ਵੈੱਲਫੇਅਰ ਐਸੋਸੀਏਸਨ ਵੱਲੋਂ 148ਵਾਂ ਖੂਨਦਾਨ ਕੈਂਪ ਬਲੱਡ ਬੈਂਕ ਰਾਜਿੰਦਰ ਹਸਪਤਾਲ ਪਟਿਆਲਾ ਵਿਖੇ ਲਗਾਇਆ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਦੱਸਿਆ ਕਿ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਲਗਾਏ ਗਏ ਇਸ ਕੈਂਪ ਵਿੱਚ ਪੰਜਾਹ ਵਿਅਕਤੀਆਂ ਨੇ ਖੂਨ ਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਇਹ ਕੈਂਪ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ। ਉਨ੍ਹਾਂ ਸਮੂਹ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਇਸ ਪੀਕ ਸੀਜ਼ਨ ਵਿੱਚ ਵੱਧ ਤੋਂ ਵੱਧ ਖੂਨਦਾਨ ਕੈਂਪ ਲਗਾ ਕੇ ਖੂਨ ਦਾਨ ਕਰਨ ਕਿਉਂਕਿ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਦਾ ਜੀਵਨ ਖੂਨ ਦਾਨ 'ਤੇ ਹੀ ਨਿਰਭਰ ਹੈ। ਉਨ੍ਹਾਂ ਸਮੂਹ ਖੂਨਦਾਨੀਆਂ ਦਾ ਇੱਥੇ ਪੁੱਜਣ 'ਤੇ ਧੰਨਵਾਦ ਕਰਦਿਆਂ ਸਾਰਿਆਂ ਨੂੰ ਅਪੀਲ ਕੀਤੀ ਕਿ 16 ਅਕਤੂਬਰ ਨੂੰ ਗੋਪਾਲ ਭਵਨ ਸਮਾਣਾ ਵਿਖੇ ਚੀਮਾ ਪਰਿਵਾਰ ਵੱਲੋਂ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਖੂਨਦਾਨ ਕੈਂਪ ਲਾਇਆ ਜਾ ਰਿਹਾ ਹੈ, ਜਿਸ ਵਿੱਚ ਸਾਰਿਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਅਤੇ ਖੂਨ ਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਮੈਡਮ ਸੁਨੀਤਾ ਅਰੋੜਾ, ਮੈਡਮ ਜਸਪ੍ਰੀਤ ਕੌਰ ਹਾਜ਼ਰ ਸਨ।

# ਯੁਵਕ ਤੇ ਵਿਰਾਸਤ ਮੇਲੇ 'ਚ ਖਿੱਚ ਦਾ ਕੇਂਦਰ ਰਹੀਆਂ ਵਿਰਾਸਤੀ ਆਈਟਮਾਂ




**ਫਤਿਹਗੜ੍ਹ ਪੰਜਤੂਰ, (ਪਰਗਟ ਭੁੱਲਰ)**-ਬੀ ਕੇ ਐੱਸ ਕਾਲਜ ਮੁਹਾਰ ਦੇ ਵਿਹੜੇ 63ਵਾਂ ਪੰਜਾਬੀ ਯੂਨੀਵਰਸਿਟੀ ਦਾ ਜ਼ੋਨਲ ਯੁਵਕ ਤੇ ਵਿਰਾਸਤ ਮੇਲਾ ਮੋਗਾ ਫਿਰੋਜ਼ਪੁਰ ਜ਼ੋਨ (ਏ) ਦੇ ਵਿੱਚ ਵੱਖ ਵੱਖ ਕਾਲਜਾਂ ਦੀਆਂ ਵਿਦਿਆਰਥਣਾਂ ਤੇ ਵਿਦਿਆਰਥੀਆਂ ਵੱਲੋਂ ਪੰਜਾਬੀ ਵਿਰਾਸਤ ਨੂੰ ਦਿਖਾਉਂਦਿਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਅੱਜ ਦੇ ਮੁੱਖ ਮਹਿਮਾਨਾਂ ਵਿੱਚ ਜਗਦੀਪ ਸਿੰਘ ਗੋਲਡੀ ਐੱਮ ਐੱਲ ਏ ਜਲਾਲਾਬਾਦ, ਐੱਸ ਐੱਸ ਸੰਘਾ, ਐੱਚ ਐੱਸ ਤੂਰ ਡੀਈਓ ਬਰਨਾਲਾ, ਡਾ. ਕੁਲਦੀਪ ਕੌਰ ਪ੍ਰਿੰਸੀਪਲ ਕੋਟਾ, ਅਸ਼ਵਨੀ ਭੁੱਲਰ ਡਿਪਟੀ ਡੀ ਪੀ ਆਈ ਪੰਜਾਬ, ਉਦੈ ਪ੍ਰਤਾਪ ਸਿੰਘ ਫ਼ਿਲਮੀ ਡਾਇਰੈਕਟਰ, ਦੇਵਰਾਜ ਸ਼ਰਮਾ, ਸੁਖਪਾਲ ਸਿੰਘ ਕੌਂਸਲਰ, ਅੰਕੁਸ਼ ਮੁਟਨੇਜਾ ਪ੍ਰਧਾਨ, ਦੀਪਕ ਗਰਗ, ਪ੍ਰਦੀਪ ਚੁੱਗ, ਹਿੰਦ ਧਾਲੀਵਾਲ, ਬਿਕਰਮ ਬਿੱਲਾ, ਖੜਕ ਸਿੰਘ ਪੀ ਏ, ਡਾ. ਕੁਲਦੀਪ ਸਿੰਘ ਪ੍ਰਿੰਸੀਪਲ, ਇੰਦਰਜੀਤ ਕੌਰ ਪ੍ਰਿੰਸੀਪਲ, ਜਗਦੀਪ ਸਿੰਘ ਸੰਧੂ ਜ਼ਿਲ੍ਹਾ ਭਾਸ਼ਾ ਅਫਸਰ, ਸਕੱਤਰ ਸਿੰਘ ਬਾਠ, ਹਰਿੰਦਰ ਸਿੰਘ ਭੁੱਲਰ, ਹਰਦੀਪ ਸਿੰਘ ਚਾਹਲ, ਦਰਸ਼ਨ ਸਿੰਘ ਭਾਲਾ ਫਰਾਇਆ ਮੱਲ ਵਿਸ਼ੇਸ਼ ਮਹਿਮਾਨ ਤੌਰ 'ਤੇ ਹਾਜ਼ਰ ਹੋਏ ਜਿਨ੍ਹਾਂ ਦਾ ਕਾਲਜ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਤੇ ਕੈਪਟਨ ਗੁਰਮੁੱਖ ਸਿੰਘ ਭੁੱਲਰ ਨੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਸ਼ੇਸ਼ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਿੰਸੀਪਲ ਬਲਦੇਵ ਕੁਮਾਰ, ਅਰਵਿੰਦਰਪਾਲ ਸਿੰਘ ਸਿੱਧੂ, ਕੌਂਸਲਰ ਬਿੱਲਾ ਸ਼ਰਮਾ ਕੋਟ ਈਸੇ ਖਾਂ, ਨਰਿੰਦਰਪਾਲ ਸਿੰਘ ਸਿੱਧੂ, ਅਮਰਜੀਤ ਕੌਰ ਸਿੱਧੂ, ਪਰਮਿੰਦਰ ਕੌਰ ਸਿੱਧੂ, ਰੁਪਿੰਦਰਜੀਤ ਕੌਰ, ਸ਼ਰਨਜੀਤ ਕੌਰ ਸਿੱਧੂ, ਸੁਪਰਡੈਂਟ ਲਵਜੀਤ ਸਿੰਘ ਗਿੱਲ, ਪ੍ਰੋ. ਰਸ਼ਪਾਲ ਸਿੰਘ, ਬਲਵੀਰ ਸਿੰਘ ਮਸੀਤਾਂ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

ਨਾਟਕ ਮੁਕਾਬਲਿਆਂ ਵਿੱਚ ਸ੍ਰੀ ਰਾਮ ਕਾਲਜ ਡੱਲਾ ਫਸਟ, ਬੀ ਕੇ ਐੱਸ ਕਾਲਜ ਮੁਹਾਰ ਸੈਕਿੰਡ ਤੇ ਨੈਸ਼ਨਲ ਕਾਲਜ ਨਾਰੰਗਵਾਲ ਤੇ ਆਰ ਐੱਸ ਡੀ ਕਾਲਜ ਦੇ ਬੈਸਟ ਐਕਟਰ ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ ਚੁਣੇ ਗਏ। ਫਿਰੋਜ਼ਪੁਰ ਤੀਸਰੇ ਸਥਾਨ 'ਤੇ ਰਹੇ, ਜਦੋਂਕਿ ਬੈਸਟ ਐਕਟਰ ਗੁਰਪ੍ਰੀਤ ਸਿੰਘ ਨੂੰ ਚੁਣਿਆ ਗਿਆ। ਮਹਿਲਾਵਾਂ ਵਿੱਚ ਕਮਲਜੀਤ ਕੌਰ ਬੈਸਟ ਐਕਰ ਐਕਟਰ ਚੁਣੀ ਗਈ। ਇਸਟਰੌਨਿਕਸ 'ਚ ਜਗਰਾਉਂ ਕਾਲਜ ਪਹਿਲੇ, ਗੁਰੂ ਨਾਨਕ ਕਾਲਜ ਮੋਗਾ ਦੂਸਰੇ, ਸਾਇੰਸ ਕਾਲਜ ਜਗਰਾਉਂ ਤੀਸਰੇ ਸਥਾਨ 'ਤੇ ਰਹੇ। ਭੰਡਾਂ ਦੇ ਮੁਕਾਬਲਿਆਂ 'ਚ ਗੁਰੂ ਨਾਨਕ ਕਾਲਜ ਮੋਗਾ ਪਹਿਲੇ, ਆਰ ਐੱਸ ਡੀ ਕਾਲਜ ਫ਼ਿਰੋਜ਼ਪੁਰ ਦੂਸਰੇ, ਬੀ ਕੇ ਐੱਸ ਕਾਲਜ ਮੁਹਾਰ ਤੀਸਰੇ ਸਥਾਨ 'ਤੇ ਰਹੇ, ਜਦੋਂਕਿ ਸੁਖਬੀਰ ਸਿੰਘ, ਅਨਮੋਲਦੀਪ ਸਿੰਘ, ਅਜੇ ਕੁਮਾਰ ਵਿਅਕਤੀਗਤ ਤੌਰ 'ਤੇ ਪਹਿਲੇ ਸਥਾਨ 'ਤੇ ਰਹੇ। ਮਮਿੱਕਰੀ ਵਿੱਚ ਮੁਹਾਰ ਕਾਲਜ ਪਹਿਲੇ, ਲਾਜਪਤ ਰਾਏ ਕਾਲਜ ਜਗਰਾਉਂ ਦੂਸਰੇ, ਜੀ ਟੀ ਬੀ ਨੈਸ਼ਨਲ ਕਾਲਜ ਦਾਖਾ ਤੀਸਰੇ ਸਥਾਨ 'ਤੇ ਰਹੇ। ਸਕਿੱਟ ਵਿੱਚ ਬੀ ਕੇ ਐੱਸ ਕਾਲਜ ਮੁਹਾਰ ਪਹਿਲੇ, ਫਿਰੋਜ਼ਪੁਰ ਕਾਲਜ ਦੂਸਰੇ, ਸ੍ਰੀ ਰਾਮ ਕਾਲਜ ਡੱਲਾ ਤੀਸਰੇ ਸਥਾਨ 'ਤੇ ਰਹੇ। ਪ੍ਰੋਕਸ਼ਨ 'ਚ ਗੋਬਿੰਦ ਨੈਸ਼ਨਲ ਕਾਲਜ ਨਾਰੰਗਵਾਲ ਪਹਿਲੇ, ਡੀ ਐੱਮ ਕਾਲਜ ਮੋਗਾ ਦੂਸਰੇ, ਬਾਬਾ ਕੁੰਦਨ ਸਿੰਘ ਕਾਲਜ ਮੁਹਾਰ ਤੀਸਰੇ ਸਥਾਨ 'ਤੇ ਰਹੇ। ਨੋਨ ਪ੍ਰੋਕਸ਼ਨ ਵਿੱਚ ਮਾਹਰ ਕਾਲਜ ਪਹਿਲੇ ਤੇ ਦਾਖਾ ਕਾਲਜ ਦੂਸਰੇ ਸਥਾਨ 'ਤੇ ਰਹੇ। ਇੰਡੀਅਨ ਆਰਕੈਸਟਰਾ ਵਿੱਚ ਬੀ ਕੇ ਐੱਸ ਕਾਲਜ ਮੁਹਾਰ ਪਹਿਲੇ ਸਥਾਨ 'ਤੇ ਰਿਹਾ। ਵਿਅਕਤੀਗਤ ਤੌਰ 'ਤੇ ਸ਼ਮਸ਼ੇਰ ਸਿੰਘ, ਗਗਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਪਹਿਲੇ ਸਥਾਨਾਂ 'ਤੇ ਰਹੇ। ਕੋਲਾਜ ਮੇਕਿੰਗ 'ਚ ਗੁਰੂ ਨਾਨਕ ਕਾਲਜ ਮੋਗਾ ਪਹਿਲੇ, ਜੀ ਐੱਚ ਜੀ ਕਾਲਜ ਦੂਸਰੇ, ਬੀ ਕੇ ਐੱਸ ਕਾਲਜ ਮੁਹਾਰ ਤੀਸਰੇ ਸਥਾਨ 'ਤੇ ਰਿਹਾ।

# ਇੰਡੀਅਨ ਥੀਏਟਰ ਐਸੋਸੀਏਸ਼ਨ ਵੱਲੋਂ ਦੋ ਦਿਨਾ ਨਾਟਕ ਮੇਲਾ



**ਖੰਨਾ, (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਦੀ ਸ਼ਾਖਾ ਖੰਨਾ ਵੱਲੋਂ ਪ੍ਰਧਾਨ ਐਡਵੋਕੇਟ ਪਰਮਜੀਤ ਸਿੰਘ ਦੀ ਅਗਵਾਈ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਸਹਿਯੋਗ ਨਾਲ ਜੇਠੀ ਨਗਰ ਗਲੀ ਨੰ. ਦੋ ਗਰਾਊਂਡ ਦੇ ਖੁੱਲ੍ਹੇ ਥੀਏਟਰ ਵਿੱਚ ਦੋ ਦਿਨਾ ਨਾਟਕ ਮੇਲਾ ਕਰਵਾਇਆ ਗਿਆ। ਪਹਿਲੇ ਦਿਨ ਲੇਖਕ ਤੇ ਨਿਰਦੇਸ਼ਕ ਜਗਦੀਸ਼ ਸਿੰਘ ਖੰਨਾ ਦਾ ਲਿਖਿਆ ਨਾਟਕ 'ਅੰਤਹੀਣ' ਸਫ਼ਲ ਅਦਾਕਾਰ ਰਾਜਵਿੰਦਰ ਸਮਰਾਲਾ ਡਾ. ਬਿਕਰਮ ਸ਼ਰਮਾ ਸੁੱਖੀ ਖੰਨਾ ਆਦਿ ਦੀ ਟੀਮ ਵੱਲੋਂ ਖੇਡੇ ਗਏ। ਨੌਜਵਾਨ ਕ੍ਰਾਂਤੀਕਾਰੀ ਕਵੀ ਅੰਬਰ ਪਾਸ ਔਜਲਾ ਨੇ ਆਪਣੀ ਕਵਿਤਾ ਜ਼ਿੰਦਗੀ ਦਾ ਸਫ਼ਰ ਪੇਸ਼ ਕੀਤੀ। ਪਹਿਲੇ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਵੱਲੋਂ ਸ਼ਿਰਕਤ ਕੀਤੀ ਗਈ। ਦੂਜੇ ਦਿਨ ਰਾਜਵਿੰਦਰ ਸਮਰਾਲਾ ਦੀ ਨਾਟਕ ਮੰਡਲੀ ਵੱਲੋਂ ਜਗਦੀਸ਼ ਸਿੰਘ ਖੰਨਾ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਤਾਲਾਬੰਦੀ' ਖੇਡਿਆ ਗਿਆ। ਇਸ ਨਾਟਕ ਦੇ ਪਾਤਰ ਪ੍ਰੋ. ਬਿਕਰਮ ਸ਼ਰਮਾ, ਸੁੱਖੀ ਖੰਨਾ, ਕਮਲਜੀਤ ਕੌਰ, ਜਸਪ੍ਰੀਤ ਕੌਰ, ਛੋਟੇ ਬੱਚੇ ਕਿਰਨ ਚੌਹਾਨ ਬੋਧਨੀ ਦੀ ਅਦਾਕਾਰੀ ਦੀ ਲੋਕਾਂ ਵੱਲੋਂ ਤਾੜੀਆਂ ਮਾਰ ਕੇ ਸ਼ਲਾਘਾ ਕੀਤੀ ਗਈ। ਦੂਜੇ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਹਲਕਾ ਖੰਨਾ ਤੋਂ ਵਿਧਾਇਕ ਤਰਨਪ੍ਰੀਤ ਸਿੰਘ ਸੋਂਦ ਵੱਲੋਂ ਸ਼ਿਰਕਤ ਕੀਤੀ ਗਈ। ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ ਖੰਨਾ ਵੱਲੋਂ ਨਾਟਕਕਾਰ ਕੇਵਲ ਸਿੰਘ ਧਾਲੀਵਾਲ ਦਾ ਅਤੇ ਹਲਕਾ ਖੰਨਾ ਦੇ ਵਿਧਾਇਕ ਤਰਨਪ੍ਰੀਤ ਸਿੰਘ ਸੌਂਦ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਲਕਾ ਖੰਨਾ ਦੇ ਵਿਧਾਇਕ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਿਛਲੇ ਛੇ ਮਹੀਨਿਆਂ ਵੱਲੋਂ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿੱਚ ਕੀਤੇ ਕੰਮਾਂ ਦੇ ਵੇਰਵੇ ਲੋਕਾਂ ਸਾਹਮਣੇ ਰੱਖੇ ਗਏ। ਨਾਟਕਕਾਰ ਕੇਵਲ ਧਾਲੀਵਾਲ ਬਾਰੇ ਸਨਮਾਨ ਪਰਚਾ ਅੰਬਰ ਪਾਸ ਔਜਲਾ ਵੱਲੋਂ ਪੜ੍ਹਿਆ ਗਿਆ। ਉਰਦੂ ਦੇ ਮਹਾਨ ਸ਼ਾਇਰ ਸਰਦਾਰ ਪੰਛੀ ਤੇ ਸੰਸਥਾ ਵੱਲੋਂ ਨਾਟਕ ਵਿੱਚ ਅਦਾਕਾਰੀ ਕਰ ਰਹੇ ਸਾਰੇ ਪਾਤਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮਨਰੀਤ ਸਿੰਘ ਨਾਗਰਾ ਐਡਵੋਕੇਟ, ਮਹੇਸ਼ ਕੁਮਾਰ ਪੀ ਏ, ਗੁਰਜੀਤ ਸਿੰਘ ਗਿੱਲ, ਸ਼ਿਵ ਕੁਮਾਰ ਠੇਕੇਦਾਰ, ਮਲਕੀਤ ਸਿੰਘ ਮੰਡੇਰ, ਹਰਜੀਤ ਸਿੰਘ ਸੋਹਲ, ਰਾਜਿੰਦਰ ਸਿੰਘ ਸੋਹਲ, ਜਸਵਿੰਦਰ ਸਿੰਘ ਬਲਿੰਗ, ਮਨਜੋਤ ਸਿੰਘ ਭੱਟੀ, ਬਲਕਾਰ ਸਿੰਘ ਔਜਲਾ, ਹਰਦੀਪ ਸਿੰਘ, ਕਰਮ ਚੰਦ ਆਦਿ ਹਾਜ਼ਰ ਸਨ।

# ਨਰੇਗਾ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਨੂੰ ਅਲਟੀਮੇਟਮ

## 5 ਨਵੰਬਰ ਨੂੰ ਧੂਰੀ 'ਚ ਵਿਸ਼ਾਲ ਕਨਵੈਨਸ਼ਨ ਕਰਕੇ ਸੰਘਰਸ਼ ਦਾ ਬਿਗਲ ਵਜਾਇਆ ਜਾਵੇਗਾ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)** : ਆਪਣੀਆਂ ਸੇਵਾਵਾਂ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਪੱਕੀਆਂ ਕਰਵਾਉਣ ਲਈ ਸੰਘਰਸ਼ ਕਰ ਰਹੇ ਨਰੇਗਾ ਮੁਲਾਜ਼ਮਾਂ ਦੀ ਜਥੇਬੰਦੀ ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਮਨਸੇ ਖਾਂ ਦੀ ਅਗਵਾਈ ਹੇਠ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦਫਤਰ ਦੇ ਮੀਟਿੰਗ ਹਾਲ ਵਿਖੇ ਹੋਈ। ਮੀਟਿੰਗ ਵਿੱਚ 15 ਤੋਂ ਵੱਧ ਜ਼ਿਲ੍ਹਿਆਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਨਰੇਗਾ ਮੁਲਾਜ਼ਮਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ 'ਤੇ ਵਿਸਥਾਰ ਨਾਲ ਚਰਚਾ ਹੋਈ। ਸਮੁੱਚੇ ਹਾਜ਼ਰੀਨ ਵੱਲੋਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ 'ਤੇ ਜ਼ੋਰ ਦਿੱਤਾ ਗਿਆ, ਜਿਸ ਸੰਬੰਧੀ ਤਿੱਖਾ ਸੰਘਰਸ਼ ਵਿੱਢਣ ਦੇ ਵੱਡੇ ਫੈਸਲੇ ਲਏ ਗਏ। ਇਸ ਤੋਂ ਇਲਾਵਾ ਪਿਛਲੇ ਸਮੇਂ ਦੌਰਾਨ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ, 02/01/2016 ਦਾ ਨੋਟੀਫਿਕੇਸ਼ਨ ਤੋੜ ਕੇ ਇੰਕਰੀਮੈਂਟ ਦੇਣ, ਗੈਰ-ਕਾਨੂੰਨੀ ਢੰਗ ਨਾਲ ਆਡਿਟ ਕਰਵਾ ਕੇ ਮੁਲਾਜ਼ਮਾਂ ਨੂੰ ਜੁਰਮਾਨਾ ਕਰਨ, ਬਿਨਾਂ ਵਜ੍ਹਾ ਤੋਂ ਰੋਕੀਆਂ ਜਾ ਰਹੀਆਂ ਤਨਖਾਹਾਂ ਆਦਿ ਮੁੱਦੇ ਗੰਭੀਰਤਾ ਨਾਲ ਵਿਚਾਰੇ ਗਏ। ਸਰਬਸੰਮਤੀ ਨਾਲ ਫੈਸਲਾ ਲਿਆ ਕਿ 10 ਅਕਤੂਬਰ ਤੋਂ 31 ਅਕਤੂਬਰ ਤੱਕ ਸਾਰੇ ਜ਼ਿਲ੍ਹਿਆਂ ਦੀਆਂ ਸੂਬਾ ਕਮੇਟੀ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਮੁਲਾਜ਼ਮਾਂ ਨੂੰ ਮੁੜ ਤੋਂ ਲਾਮਬੰਦ ਕੀਤਾ ਜਾਵੇਗਾ। ਮੰਤਰੀਆਂ ਤੇ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ, 5 ਨਵੰਬਰ ਨੂੰ ਧੂਰੀ ਵਿਖੇ ਸੂਬਾ ਪੱਧਰੀ ਵਿਸ਼ਾਲ ਕਨਵੈਨਸ਼ਨ ਕਰਕੇ ਮਾਰਚ ਕੀਤਾ ਜਾਵੇਗਾ ਤੇ ਮੁੱਖ ਮਾਰਗ ਜਾਮ ਕਰਕੇ ਅਗਲੇ ਤਿੱਖੇ ਸੰਘਰਸ਼ਾਂ ਦੇ ਐਲਾਨ ਕੀਤੇ ਜਾਣਗੇ। ਇਸ ਮੌਕੇ ਅੰਮ੍ਰਿਤਪਾਲ ਸਿੰਘ ਜਨਰਲ ਸਕੱਤਰ, ਅਮਰੀਕ ਸਿੰਘ ਮਹਿਰਾਜ ਪ੍ਰੈੱਸ ਸਕੱਤਰ, ਸੰਜੀਵ ਕਾਕੜਾ ਵਿੱਤ ਸਕੱਤਰ, ਗੁਰਕਾਬਲ ਰਾਠੀ ਸਲਾਹਕਾਰ, ਈਸ਼ਵਰਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਸੰਦੀਪ ਸਿੰਘ ਬਾਜਵਾ, ਰਮਨਦੀਪ ਸਿੰਘ ਸਹਾਇਕ ਸਕੱਤਰ, ਜ਼ਿਲ੍ਹਾ ਪ੍ਰਧਾਨ ਜਸਦੇਵ ਸਿੰਘ, ਹਰਪਿੰਦਰ ਸਿੰਘ ਹੈਪੀ, ਅਮਨਦੀਪ ਸਿੰਘ ਏ.ਪੀ.ਓ. ਗੁਰਵਿੰਦਰ ਸਿੰਘ, ਵਿਕਰਮ ਸਿੰਘ, ਜਗਦੀਸ਼ ਸਿੰਘ, ਹਰਜਿੰਦਰ ਸਿੰਘ, ਸ਼ਿਵਜੀ ਕੁਮਾਰ, ਸਤਵੀਰ ਸਿੰਘ, ਆਸਿਫ ਮੁਹੰਮਦ, ਸੁਖਦੇਵ ਸਿੰਘ, ਜੀਵਨ ਮੌੜ, ਗੁਰਮੀਤ ਸਿੰਘ, ਵਿਨੋਦ ਕੁਮਾਰ ਤੇ ਹੋਰ ਵੀ ਸ਼ਾਮਲ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਪਾਣੀਆਂ ਦੇ ਮਸਲੇ 'ਤੇ ਕਾਨਫਰੰਸ

**ਜਲਾਲਾਬਾਦ, (ਜੀਤ ਕੁਮਾਰ, ਸਤਨਾਮ ਸਿੰਘ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਚੱਕ ਪੰਜ ਕੋਹੀ (ਕੱਚਾ ਕਾਲੇ ਵਾਲਾ) ਵਿਖੇ ਪਾਣੀਆਂ ਦੇ ਗਹਿਰੇ ਹੋ ਰਹੇ ਸੰਕਟ ਸਬੰਧੀ ਪਿੰਡ ਚੱਕ ਪੰਜ ਕੋਹੀ ਵਿੱਚ ਇਲਾਕੇ ਦੀ ਕਾਨਫਰੰਸ ਕੀਤੀ ਗਈ ਤੇ ਇਸ ਖਿਲਾਫ ਸੰਘਰਸ਼ ਕਰਨ ਲਈ ਵੱਡੀ ਲਹਿਰ ਉਸਾਰਨ ਦਾ ਅਹਿਦ ਲਿਆ ਗਿਆ।



ਇਸ ਮੌਕੇ ਮੁੱਖ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਪਾਣੀ ਦਾ ਸੰਕਟ ਬਹੁਤ ਗਹਿਰਾ ਹੋ ਚੁੱਕਿਆ ਹੈ। ਪੰਜਾਬ ਦੀ ਧਰਤੀ 'ਤੇ 15 ਲੱਖ ਦੇ ਕਰੀਬ ਟਿਊਬਵੈੱਲ ਚੱਲ ਰਹੇ ਹਨ। ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡੂੰਘਾ ਹੋ ਰਿਹਾ ਹੈ। ਮਾਹਰਾਂ ਮੁਤਾਬਕ ਧਰਤੀ ਹੇਠਲਾ 86 ਫੀਸਦੀ ਪਾਣੀ ਹੁਣ ਤੱਕ ਖਤਮ ਹੋ ਚੁੱਕਾ ਹੈ। ਆਉਣ ਵਾਲੇ 15 ਸਾਲਾਂ ਤੱਕ ਪੰਜਾਬ ਦੀ ਧਰਤੀ ਹੇਠੋਂ ਇੱਕ ਤਿੱਪ ਵੀ ਪਾਣੀ ਦੀ ਨਹੀਂ ਕੱਢੀ ਜਾ ਸਕੇਗੀ, ਜਿਸ ਨਾਲ ਪੰਜਾਬ ਇਕ ਜ਼ਹਿਰੀਲਾ ਰੇਗਿਸਤਾਨ ਬਣ ਜਾਵੇਗਾ। ਹੁਣ ਤੱਕ ਜਿੰਨੀਆਂ ਵੀ ਸੱਭਿਅਤਾਵਾਂ ਹੋਂਦ 'ਚ ਆਈਆਂ ਹਨ, ਉਹ ਦਰਿਆਵਾਂ ਦੇ ਕੰਢਿਆਂ 'ਤੇ ਜਾਂ ਜਿੱਥੇ ਪਾਣੀ ਦੇ ਅਥਾਹ ਸੋਮੇ ਹਨ, ਉਥੇ ਹੀ ਹੋਂਦ 'ਚ ਆਈਆਂ ਹਨ। ਜਿਵੇਂ ਜਲੰਧਰ ਲੁਧਿਆਣੇ ਵਰਗੇ ਵੱਡੇ ਸ਼ਹਿਰਾਂ 'ਚ ਕੱਪੜਾ ਉਦਯੋਗ ਆਪਣਾ ਜ਼ਹਿਰੀਲਾ ਕੈਮੀਕਲ ਵਾਲਾ ਪਾਣੀ ਸਤਲੁਜ 'ਚ ਲਗਾਤਾਰ ਸੁੱਟ ਕੇ ਸਾਡੇ ਪਾਣੀ ਦੇ ਸੋਮਿਆਂ ਨੂੰ ਪਲੀਤ ਕਰ ਰਿਹਾ ਹੈ, ਜਿਸ ਨਾਲ ਸਾਡੇ ਮਾਲਵੇ ਖਿੱਤੇ 'ਚ ਕੈਂਸਰ, ਹੈਪੇਟਾਇਟਸ, ਸੀ, ਬੀ ਵਰਗੀਆਂ ਭਿਆਨਕ ਬਿਮਾਰੀਆਂ ਨੇ ਪੈਰ ਪਸਾਰੇ ਹੋਏ ਹਨ। ਇੱਥੋਂ ਦੀਆਂ ਹਕੂਮਤਾਂ ਨੇ ਕਾਰਪੋਰੇਟਾਂ ਨਾਲ ਮਿਲ ਕੇ ਸਾਜ਼ਿਸ਼ ਤਹਿਤ ਲੋਕਾਂ ਸਿਰ ਜੋ ਹਰੇ ਇਨਕਲਾਬ ਦਾ ਖੇਤੀ ਮਾਡਲ ਮੜ੍ਹਿਆ ਗਿਆ ਹੈ, ਉਸ ਨੇ ਸਾਡੇ ਹਵਾ, ਪਾਣੀ, ਮਿੱਟੀ ਨੂੰ ਪਲੀਤ ਕਰਕੇ ਰੱਖ ਦਿੱਤਾ ਹੈ, ਜਿਸ ਨਾਲ ਅੱਜ ਸਾਡੇ ਮਨੁੱਖ, ਸਾਡੇ ਪਸ਼ੂ ਤੇ ਸਾਡੇ ਖੇਤ ਵੀ ਅੱਜ ਦਵਾਈਆਂ 'ਤੇ ਹਨ। ਇਹ ਸਾਰਾ ਜਾਲ ਜੋ ਇਥੋਂ ਦੀਆਂ ਹਕੂਮਤਾਂ ਤੇ ਕਾਰਪੋਰੇਟ ਦੁਆਰਾ ਆਪਣੇ ਮੁਨਾਫੇ ਦੀ ਹਵਸ ਨੂੰ ਪੂਰਾ ਕਰਨ ਲਈ ਬੁਣਿਆ ਗਿਆ ਹੈ, ਇਸ ਨਾਲ ਪੰਜਾਬੀ ਸੱਭਿਅਤਾ ਹੀ ਖਤਮ ਹੋ ਜਾਵੇਗੀ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਡਾ. ਸੁਖਚੈਨ ਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦਾ ਦਰਿਆਈ ਪਾਣੀ ਦੂਸਰੇ ਸੂਬਿਆਂ ਨੂੰ ਫਰੀ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਵਿੱਚ ਰਾਜ ਕਰਕੇ ਗਈਆਂ ਪਾਰਟੀਆਂ ਨੇ ਰਿਪੇਰੀਅਨ ਸਿਧਾਂਤ ਮੁਤਾਬਿਕ ਪਾਣੀਆਂ ਦੀ ਵੰਡ ਸਬੰਧੀ ਨਿਆਂ ਨਹੀਂ ਕੀਤਾ। ਆਗੂਆਂ ਨੇ ਐਲਾਨ ਕੀਤਾ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਇਲਾਕੇ 'ਚ ਵੱਡੀ ਲਹਿਰ ਉਸਾਰ ਕੇ ਇਸ ਖਿਲਾਫ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧੀਰਜ ਕੁਮਾਰ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮਨਦੀਪ ਸਿੰਘ ਚੱਕ ਸੈਦੋਕੇ ਨੇ ਨਿਭਾਈ ਤੇ ਆਏ ਹੋਏ ਲੋਕਾਂ ਦਾ ਪ੍ਰਚਾਰ ਸਕੱਤਰ ਨਰਿੰਦਰ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਜਗਦੀਸ਼ ਰਾਏ, ਮੀਤ ਪ੍ਰਧਾਨ ਬਲਵਿੰਦਰ ਸਿੰਘ, ਅੰਗਰੇਜ ਸਿੰਘ, ਮਲਕੀਤ ਸਿੰਘ, ਅਮਨਦੀਪ ਸਿੰਘ, ਹਸਮਤ ਰਾਏ, ਤੁਲਸੀ ਰਾਮ, ਮੁਖਤਿਆਰ ਸਿੰਘ, ਹਰੀਸ਼ ਚੰਦਰ ਆਦਿ ਹਾਜ਼ਰ ਸਨ।

ਨੋਟ ਫੋਟੋ ਫਾਇਲ-09ਐਫਜੇਡਆਰ ਬਜਾਜ06

## ਕਾਤਰਾਂ

### ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਮਨਾਇਆ



**ਮੱਖੂ, (ਰਛਪਾਲ ਸਿੰਘ ਸੰਧੂ)** : ਵਾਲਮੀਕਿ ਮੰਦਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਜਗਸੀਰ ਦੀ ਅਗਵਾਈ ਹੇਠ ਸ਼ਰਧਾਲੂਆਂ ਵੱਲੋਂ ਭਗਵਾਨ ਵਾਲਮੀਕਿ ਜੀ ਦਾ ਪਾਵਨ ਪ੍ਰਗਟ ਦਿਵਸ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਸਰਵਨ ਮਸੀਹ ਸੰਮਾ, ਐਮ ਸੀ ਨਵੀਨ ਗਰੋਵਰ ਬੱਬੂ, ਸ੍ਰੀ ਸਨਾਤਨ ਧਰਮ ਸਭਾ ਮੱਖੂ ਦੇ ਸਰਪ੍ਰਸਤ ਸੰਜੀਵ ਅਹੂਜਾ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ ਤੇ ਕਿਹਾ ਕਿ ਸਾਨੂੰ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਰੱਖਦਿਆਂ ਸਮਾਜ 'ਚ ਅਮਨ ਸ਼ਾਂਤੀ ਨਾਲ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਇਸ ਮੌਕੇ ਤਰਸੇਮ, ਸੁਭਮ, ਅਮਨ ਅਟਵਾਲ, ਜੌਹਨ ਆਦਿ ਹਾਜ਼ਰ ਸਨ।

### ਲਵੀਂ ਬੁਆਣੀ ਦਾ ਗੀਤ 'ਸੋ ਆਫ਼' ਚਰਚਾ 'ਚ

**ਦੋਰਾਹਾ, (ਹਰਮਿੰਦਰ ਸੇਠ)** ਗਾਇਕ ਜੱਸ ਮਾਂਗਟ ਤੇ ਮੁਸਕਾਨ ਆਪਣੇ ਵੱਲੋਂ ਗਾਏ ਪੰਜਾਬੀ ਗਾਣੇ 'ਸੋ ਆਫ਼' ਨਾਲ ਚਰਚਾ ਵਿੱਚ ਹਨ, ਜਿਸ ਨੂੰ ਲੋਕਾਂ ਵੱਲੋਂ ਬਹੁਤ ਜ਼ਿਆਦਾ ਪਸੰਦ ਕੀਤਾ ਜਾ ਰਿਹਾ ਹੈ। ਵੈਜ ਬੁਆਏ ਦੇ ਮਿਊਜ਼ਿਕ ਤੇ ਗੀਤਕਾਰ ਲਵੀਂ ਬੁਆਣੀ ਵੱਲੋਂ ਗੀਤ ਲਿਖਿਆ ਗਿਆ ਹੈ। ਗਾਇਕ ਚਮਕੌਰ ਖੱਟੜਾ (ਅਸੀਂ ਸ਼ੌਂਕ ਨੂੰ ਕਰਾਈਆਂ ਮੁੱਛਾਂ ਕੁੰਢੀਆਂ) ਵੀ ਗੀਤਕਾਰ ਲਵੀ ਬੁਆਣੀ ਦੇ ਦੋ ਗੀਤ ਗਾਏ ਹਨ।

### 45 ਲੀਟਰ ਲਾਹਣ ਸਮੇਤ ਕਾਬੂ

**ਮਹਿਲ ਕਲਾਂ, (ਗੁਰਪ੍ਰੀਤ ਸਿੰਘ ਅਣਖੀ)**-ਥਾਣਾ ਠੁੱਲੀਵਾਲ ਦੀ ਪੁਲਸ ਨੇ ਇਕ ਵਿਅਕਤੀ ਨੂੰ 45 ਲੀਟਰ ਲਾਹਣ ਸਮੇਤ ਕਾਬੂ ਕੀਤਾ। ਪੁਲਸ ਅਧਿਕਾਰੀਆਂ ਅਨੁਸਾਰ ਏ ਐੱਸ ਆਈ ਮਨਜੀਤ ਸਿੰਘ ਤੇ ਪੁਲਸ ਪਾਰਟੀ ਵੱਲੋਂ ਮੁਖ਼ਬਰ ਦੀ ਇਤਲਾਹ 'ਤੇ ਚਮਕੌਰ ਸਿੰਘ ਵਾਸੀ ਠੁੱਲੇਵਾਲ (ਬਰਨਾਲਾ) ਨੂੰ 45 ਲੀਟਰ ਲਾਹੁਣ ਸਮੇਤ ਗ੍ਰਿਫਤਾਰ ਕੀਤਾ ਗਿਆ। ਪੁਲਸ ਵੱਲੋਂ ਗ੍ਰਿਫਤਾਰ ਕੀਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ। ਥਾਣਾ ਮੁਖੀ ਗੁਰਮੇਲ ਸਿੰਘ ਨੇ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ।

### ਉਗਰਾਹਾਂ ਵਿਰੁੱਧ ਵਿੱਢੇ 'ਭੰਡੀ ਪ੍ਰਚਾਰ' ਦੀ ਨਿੰਦਾ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟਰ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਪ੍ਰੈੱਸ ਸਕੱਤਰ ਸਤਨਾਮ ਸਿੰਘ ਫ਼ਲੀਆਂਵਾਲਾ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਪਿਛਲੇ ਸਮੇਂ ਤੋਂ ਕੁੱਝ ਫ਼ਿਰਕੂ ਤੇ ਪਾਟਕਪਾਊ ਅਨਸਰਾਂ ਵੱਲੋਂ ਕਥਿਤ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਿਰੁੱਧ ਵਿੱਢੇ 'ਭੰਡੀ ਪ੍ਰਚਾਰ' ਤੇ ਧਮਕੀਆਂ ਦੇਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਥੇਬੰਦੀ ਪੂਰਨ ਤੌਰ 'ਤੇ ਭਾਕਿਯੂ ਉਗਰਾਹਾਂ ਨਾਲ ਖੜੀ ਹੈ।

### ਮਾਲਬਰੋਸ ਫੈਕਟਰੀ ਦੀ 300 ਮੀਟਰ ਦੀ ਹਦੂਦ ਅੰਦਰ ਧਰਨਾ/ਵਿਰੋਧ ਪ੍ਰਦਰਸ਼ਨ ਕਰਨ 'ਤੇ ਰੋਕ

**ਜ਼ੀਰਾ (ਨਰਿੰਦਰ ਅਨੇਜਾ)**-ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਮੈਡਮ ਅਮ੍ਰਿਤ ਸਿੰਘ ਆਈ.ਏ.ਐੱਸ. ਨੇ ਸੀ.ਆਰ.ਪੀ.ਸੀ. 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਤੇ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ, ਇਸ ਲਈ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਫੈਕਟਰੀ ਜ਼ੀਰਾ ਦੀ 300 ਮੀਟਰ ਦੀ ਹਦੂਦ ਅੰਦਰ ਧਰਨਾ/ਵਿਰੋਧ ਪ੍ਰਦਰਸ਼ਨ ਕਰਨ 'ਤੇ ਰੋਕ ਲਗਾਈ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 16500 ਆਫ 2022 ਮਿਤੀ 29-07-2022 ਨੂੰ ਜਾਰੀ ਹੁਕਮ, ਜਿਸ ਵਿੱਚ ਪ੍ਰਦਰਸ਼ਨਕਾਰੀਆਂ/ਧਰਨਾਕਾਰੀਆਂ ਦੁਆਰਾ ਫੈਕਟਰੀ ਵਿੱਚ ਦਾਖਲ ਹੋਣ ਤੇ ਬਾਹਰ ਜਾਣ ਵਿੱਚ ਕੋਈ ਰੁਕਾਵਟ ਨਾ ਪੈਦਾ ਕੀਤੀ ਜਾਵੇ ਅਤੇ ਪ੍ਰਦਰਸ਼ਨਕਾਰੀਆਂ/ ਧਰਨਾਕਾਰੀਆਂ ਨੂੰ ਫੈਕਟਰੀ ਦੀ ਇਮਾਰਤ ਤੋਂ 300 ਮੀਟਰ ਅੱਗੇ ਵਿਰੋਧ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ, ਜਾਰੀ ਕੀਤਾ ਗਿਆ ਸੀ, ਜਿਸ ਦੇ ਮੱਦੇਨਜ਼ਰ ਇਹ ਹੁਕਮ ਜਾਰੀ ਕੀਤੇ ਗਏ ਹਨ।

### ਨਜਾਇਜ਼ ਸ਼ਰਾਬ ਕੱਢਦਾ ਕਾਬੂ

**ਧੂਰੀ, (ਰਾਜੇਸ਼ਵਰ ਪਿੰਟੂ)**-ਥਾਣਾ ਸਦਰ ਧੂਰੀ ਦੀ ਪੁਲਸ ਵੱਲੋਂ ਨਜਾਇਜ਼ ਤਰੀਕੇ ਨਾਲ ਸ਼ਰਾਬ ਕੱਢਦੇ ਇੱਕ ਵਿਅਕਤੀ ਨੂੰ ਕਾਬੂ ਕੀਤੇ ਜਾਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਸਦਰ ਪੁਲਸ ਅਧੀਨ ਆਉਂਦੀ ਪੁਲਸ ਚੌਕੀ ਰਣੀਕੇ ਦੇ ਹੌਲਦਾਰ ਜਗਦੀਪ ਸਿੰਘ ਨੇ ਸੂਚਨਾ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਪਿੰਡ ਨੱਤ ਵਿਖੇ ਇੱਕ ਘਰ 'ਤੇ ਕੀਤੀ ਛਾਪੇਮਾਰੀ ਦੌਰਾਨ ਮਿਠੂ ਸਿੰਘ ਨਾਮੀਂ ਵਿਅਕਤੀ ਨੂੰ ਸ਼ਰਾਬ ਕੱਢਦਿਆਂ ਆਬਕਾਰੀ ਐਕਟ ਤਹਿਤ ਰੰਗੇ ਹੱਥੀਂ ਕਾਬੂ ਕਰਕੇ 10 ਲੀਟਰ ਲਾਹਣ, ਚਾਰ ਬੋਤਲਾਂ ਨਜਾਇਜ਼ ਸ਼ਰਾਬ ਤੇ ਚਾਲੂ ਭੱਠੀ ਸਮੇਤ ਹੋਰ ਸਾਮਾਨ ਬਰਾਮਦ ਕੀਤਾ।

### ਪਾਵਰਕਾਮ ਪੈਨਸ਼ਨਰ ਯੂਨੀਅਨ ਦੀ ਮੀਟਿੰਗ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਕਮੇਟੀ ਧੂਰੀ ਦੀ ਜਨਰਲ ਬਾਡੀ ਦੀ ਮੀਟਿੰਗ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਉਪਰੰਤ ਦਿੱਤੀ ਗਈ ਜਾਣਕਾਰੀ ਵਿੱਚ ਦੱਸਿਆ ਗਿਆ ਕਿ ਮੀਟਿੰਗ ਦੌਰਾਨ ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ 31 ਦਸੰਬਰ 2015 ਤੋਂ ਪਹਿਲਾਂ ਸੇਵਾ ਮੁਕਤ ਮੁਲਾਜ਼ਮਾਂ ਨੂੰ 2.59 ਦਾ ਲਾਭ ਦੇਣ, 23 ਸਾਲਾ ਤਰੱਕੀ ਇੰਕਰੀਮੈਂਟ ਦਾ ਲਾਭ, ਸੇਵਾ ਮੁਕਤ ਬਿਜਲੀ ਮੁਲਾਜ਼ਮਾਂ ਲਈ ਬਿਜਲੀ ਯੂਨਿਟਾਂ ਵਿੱਚ ਮੁਆਫੀ, ਡੀ ਏ ਦੀਆਂ ਕਿਸ਼ਤਾਂ ਤੁਰੰਤ ਦੇਣ, 1 ਜਨਵਰੀ 2016 ਤੋਂ ਜੁਲਾਈ 2021 ਤੱਕ ਨਵੇਂ ਸਕੈਲਾਂ ਦਾ ਏਰੀਅਰ ਤੇ 1 ਜਨਵਰੀ 2016 ਤੋਂ ਬਾਅਦ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੇ ਪੈਂਡਿੰਗ ਪਏ ਆਰ ਪੀ ਪੀ ਓ ਜਾਰੀ ਕਰਨ ਦੀ ਮੰਗ ਕੀਤੀ ਗਈ। ਮੀਟਿੰਗ ਨੂੰ ਮੁਖਤਿਆਰ ਸਿੰਘ, ਅਮਰਜੀਤ ਸਿੰਘ ਅਮਨ, ਸੰਤੋਖ ਸਿੰਘ, ਜਸਪਾਲ ਸਿੰਘ ਖ਼ੁਰਮੀ, ਬਲਵੰਤ ਸਿੰਘ, ਦਵਿੰਦਰ ਸਿੰਘ, ਇੰਦਰਜੀਤ ਸਿੰਘ ਤੇ ਮੁਰਾਰੀ ਲਾਲ ਨੇ ਸੰਬੋਧਨ ਕੀਤਾ।

# ਭਗਵਾਨ ਵਾਲਮੀਕ ਦੇ ਜਨਮ ਦਿਹਾੜੇ ਮੌਕੇ ਸ਼ੋਭਾ ਯਾਤਰਾ

**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਭਗਵਾਨ ਵਾਲਮੀਕ ਜੀ ਦੇ ਜਨਮ ਦਿਹਾੜੇ ਮੌਕੇ ਮੰਦਿਰ ਵੱਲੋਂ ਸ਼ੋਭਾ ਯਾਤਰਾ ਕੱਢੀ ਗਈ, ਜਿਸ ਵਿੱਚ ਜਲਾਲਾਬਾਦ ਤੋਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੀ ਪਹੁੰਚੇ ਤੇ ਮੱਥਾ ਟੇਕਿਆ। ਗੁਰੂ ਹਰਸਹਾਏ ਦੀ ਭਾਰਤੀਯ ਵਾਲਮੀਕ ਯੂਥ ਫੈਡਰੇਸ਼ਨ ਵੱਲੋਂ ਭਗਵਾਨ ਵਾਲਮੀਕ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸ਼ੋਭਾ ਯਾਤਰਾ ਕੱਢੀ ਗਈ ਅਤੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੂੰ ਭਗਵਾਨ ਵਾਲਮੀਕ ਦੀ ਫੋਟੋ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸ਼ੋਭਾ ਯਾਤਰਾ ਮੰਦਿਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਬਾਜ਼ਾਰ, ਫ਼ਰੀਦਕੋਟ ਰੋਡ, ਮੁਕਤਸਰ ਰੋਡ ਤੋਂ ਹੁੰਦੇ ਹੋਏ ਵਾਪਸ ਮੰਦਿਰ ਜਾ ਕੇ ਸਮਾਪਤ ਹੋਈ।

ਸ਼ੋਭਾ ਯਾਤਰਾ ਵਿੱਚ ਸੁੰਦਰ ਸੁੰਦਰ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ। ਸ਼ੋਭਾ ਯਾਤਰਾ ਵਿੱਚ ਪਹੁੰਚੇ ਹਲਕਾ ਜਲਾਲਾਬਾਦ ਤੋਂ ਸਾਬਕਾ ਵਿਧਾਇਕ ਤੇ ਉਦਯੋਗਪਤੀ ਰਮਿੰਦਰ ਸਿੰਘ ਆਵਲਾ ਨੇ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਭਗਵਾਨ ਵਾਲਮੀਕ ਜੀ ਦੇ ਦਿਖਾਏ ਗਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

ਇਸ ਮੌਕੇ ਬਿੱਟੂ ਭੀਮਾਲ, ਜੈ ਗੋਪਾਲ, ਪਿੰਟੂ ਸੋਢੀ, ਅਮਨ ਦੁੱਗਲ ਤੇ ਹੋਰ ਸੰਗਤ ਹਾਜ਼ਰ ਸੀ।

# ਸੋਭਾ ਸਿੰਘ ਮੈਮੋਰੀਅਲ ਸੁਸਾਇਟੀ ਵੱਲੋਂ ਤਿੰਨ ਰੋਜ਼ਾ ਚਿੱਤਰਕਲਾ ਵਰਕਸ਼ਾਪ

**ਬਠਿੰਡਾ, (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)**-ਸ੍ਰ: ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ ਬਠਿੰਡਾ ਵੱਲੋਂ 50ਵੀਂ ਤਿੰਨ ਰੋਜ਼ਾ ਚਿੱਤਰਕਲਾ ਵਰਕਸ਼ਾਪ ਸਥਾਨਕ ਟੀਚਰਜ਼ ਹੋਮ ਵਿਖੇ ਸਭਾ ਦੇ ਸ੍ਰਪਰਸਤ ਸ੍ਰੀ ਅਮਰਜੀਤ ਸਿੰਘ ਪੇਂਟਰ ਤੇ ਪ੍ਰਧਾਨ ਸ੍ਰੀ ਹਰੀ ਚੰਦ ਦੀ ਦੇਖ-ਰੇਖ ਹੇਠ ਕੀਤੀ ਗਈ, ਜਿਸ ਦਾ ਉਦਘਾਟਨ ਚਿੱਤਰਕਾਰ ਤੇ ਕਲਾ ਅਧਿਆਪਕ ਵਿਜੇ ਭੂਦੇਵ ਤੇ ਭਾਵਨਾ ਗਰਗ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਇਸ ਵਰਕਸ਼ਾਪ ਵਿੱਚ ਪੰਜਾਬ ਤੇ ਹਰਿਆਣਾ ਦੇ 35 ਚਿੱਤਰਕਾਰਾਂ ਤੇ 15 ਵਿਦਿਆਰਥੀ ਚਿੱਤਰਕਾਰਾਂ ਨੇ ਆਪਣੀ ਕਲਾ ਨੂੰ ਰੰਗਾਂ ਰਾਹੀਂ ਤਿਆਰ ਕਰਕੇ ਲੋਕ-ਪੱਖੀ ਸੁਨੇਹਾ ਦਿੱਤਾ। ਇਸ ਮੌਕੇ ਸੀਨੀਅਰ ਚਿੱਤਰਕਾਰਾਂ ਨੇ ਬਾਖੂਬੀ ਨਿਰੀਖਣ ਕਰਦਿਆਂ ਚਿੱਤਰਕਾਰਾਂ ਨੂੰ ਸੁਝਾਅ ਦਿੱਤੇ ਤਾਂ ਜੋ ਕਲਾ ਨੂੰ ਹੋਰ ਨਿਖਾਰਿਆ ਜਾ ਸਕੇ।



ਇਸ ਵਰਕਸ਼ਾਪ ਦੌਰਾਨ ਸ੍ਰੀ ਅਮਰਜੀਤ ਪੇਂਟਰ ਨੇ ਵਾਰਿਸ ਸ਼ਾਹ ਦੀ ਸੋਚ ਦਾ ਚਿੱਤਰਣ ਕਰਦਿਆਂ ਪੇਂਟਿੰਗ ਉਸ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਕੀਤੀ। ਸੁਰੇਸ਼ ਮੰਗਲਾ ਨੇ ਕਿਲ੍ਹਾ, ਪ੍ਰਸ਼ੋਤਮ ਕੁਮਾਰ ਨੇ ਮਹਾਤਮਾ ਬੁੱਧ, ਸੋਹਣ ਸਿੰਘ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਜਸਪਾਲ ਜੈਤੋ ਨੇ ਜੋਗੀ, ਅਮਰੀਕ ਸਿੰਘ ਮਾਨਸਾ ਨੇ ਮਹਿਲ, ਹਿਤੇਸ਼ ਕੁਮਾਰ ਨੇ ਲਤਾ ਮੰਗੇਸ਼ਕਰ ਤੇ ਮਾਧੋ ਦਾਸ ਗਿੱਦੜਬਾਹਾ ਨੇ ਮੂਲ ਮੰਤਰ ਦਾ ਬਾਖੂਬੀ ਚਿਤਰਣ ਕੀਤਾ। ਇਸ ਤੋਂ ਇਲਾਵਾ ਚਿੱਤਰਕਾਰਾਂ ਇੰਦਰਜੀਤ ਨਿੱਕੂ, ਸੰਦੀਪ ਸ਼ੇਰਗਿੱਲ, ਲਖਵਿੰਦਰ ਸਿੰਘ ਲੱਕੀ, ਦੀਪਕ ਕੁਮਾਰ, ਅਨਿਲ ਕੁਮਾਰ ਸਿਰਸਾ, ਬੀਰਬਲ ਸਿੰਘ ਰੱਬੀ, ਨਿਸ਼ਾ ਗਰਗ, ਜੀਵਨ ਜੋਤੀ, ਸੁਰਜੀਤ ਸਿੰਘ ਕੰਬੋਜ ਸਿਰਸਾ, ਪਰਮਿੰਦਰ ਕੌਰ ਬਰਨਾਲਾ, ਗੁਰਜੀਤ ਸਿੰਘ ਪਲਾਹਾ ਆਦਿ ਨੇ ਵਰਕਸ਼ਾਪ ਵਿੱਚ ਹਿੱਸਾ ਲੈਂਦਿਆਂ ਆਪਣੀ ਚਿੱਤਰਕਲਾ ਨੂੰ ਦਰਸ਼ਕਾਂ ਦੇ ਰੂਬਰੂ ਪੇਸ਼ ਕੀਤਾ। ਕਾਫ਼ੀ ਗਿਣਤੀ ਵਿੱਚ ਦਰਸ਼ਕਾਂ ਨੇ ਪਹੁੰਚ ਕੇ ਵਰਕਸ਼ਾਪ ਵਿੱਚ ਤਿਆਰ ਕੀਤੀਆਂ ਜਾ ਰਹੀਆਂ ਕਲਾਵਾਂ ਦਾ ਆਨੰਦ ਮਾਣਿਆ ਤੇ ਪ੍ਰਸੰਸਾ ਕੀਤੀ। ਵਰਕਸ਼ਾਪ ਦੇ ਆਖਰੀ ਦਿਨ ਸਨਮਾਨ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਸਰਵਸ੍ਰੀ ਅਮਰਜੀਤ ਪੇਂਟਰ, ਹਰੀ ਚੰਦ, ਸੁਰੇਸ਼ ਮੰਗਲਾ, ਪ੍ਰੇਮ ਚੰਦ, ਹਰਦਰਸ਼ਨ ਸੋਹਲ ਤੇ ਸੋਹਣ ਸਿੰਘ ਸ਼ਾਮਲ ਸਨ। ਇਸ ਮੌਕੇ ਹਲਕਾ ਬਠਿੰਡਾ ਸ਼ਹਿਰੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਵੱਲੋਂ ਸੁਖਦੀਪ ਸਿੰਘ ਢਿੱਲੋਂ ਐਡਵੋਕੇਟ ਨਗਰ ਕੌਂਸਲਰ ਪਹੁੰਚੇ, ਜਿਨ੍ਹਾਂ ਨੇ ਸ਼ਹਿਰ ਵਿੱਚ ਆਰਟ ਗੈਲਰੀ ਤੇ ਮਿਊਜ਼ੀਅਮ ਸਮੇਤ ਸੁਸਾਇਟੀ ਦੀਆਂ ਸਾਰੀਆਂ ਮੰਗਾਂ ਦੀ ਸਿਫ਼ਾਰਸ਼ ਕਰਕੇ ਪ੍ਰਵਾਨ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਸਾਰੇ ਚਿੱਤਰਕਾਰਾਂ ਦਾ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਸੰਦੀਪ ਸ਼ੇਰਗਿੱਲ ਨੇ ਨਿਭਾਈ, ਜਦਕਿ ਸਭਨਾਂ ਦਾ ਧੰਨਵਾਦ ਜਨਰਲ ਸਕੱਤਰ ਸ੍ਰੀ ਪ੍ਰਸ਼ੋਤਮ ਕੁਮਾਰ ਨੇ ਕੀਤਾ।

# ਪੰਜਾਬ ਪੈਨਸ਼ਨ ਯੂਨੀਅਨ ਦੀ ਮੰਗਾਂ ਦੇ ਸੰਬੰਧ 'ਚ ਮੀਟਿੰਗ

**ਜਗਰਾਓਂ (ਨਛੱਤਰ ਸੰਧੂ)**-ਮੰਗਾਂ ਦੇ ਸਬੰਧ 'ਚ ਪੰਜਾਬ ਪੈਨਸ਼ਨ ਯੂਨੀਅਨ ਦੀ ਅਹਿਮ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਜਗਰਾਓਂ ਵਿਖੇ ਹੋਈ।

ਇਸ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਵਤਾਰ ਸਿੰਘ ਸੂਬਾ ਜਨ: ਸਕੱਤਰ, ਸ੍ਰੀ ਚਰਨ ਸਿੰਘ ਸਰਾਭਾ, ਸਵਰਨ ਸਿੰਘ ਹਠੂਰ ਤੇ ਪਰਮਜੀਤ ਸਿੰਘ ਪੰਜੀ ਨੇ ਦੱਸਿਆ ਕਿ ਸਰਕਾਰ ਪੈਨਸ਼ਨ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ, ਕਿਉਂਕਿ ਪੈਨਸ਼ਨਰਾਂ ਨਾਲ ਪਿਛਲੀ ਸਰਕਾਰਾਂ ਵੱਲੋਂ ਧੱਕਾ ਕੀਤਾ ਗਿਆ ਸੀ। ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ 2.59 ਦੇ ਗੁਣਾਂ ਦੀ ਜਮ੍ਹਾਂ ਪੈਨਸ਼ਨ ਵਿੱਚ 15 ਗੁਣਾਂ ਵਾਧਾ ਕੀਤਾ ਗਿਆ ਸੀ। ਇਸ ਲਈ ਪੈਨਸ਼ਨਰ ਮੰਗ ਕਰਦੇ ਹਨ ਕਿ 2.59 ਅਨੁਸਾਰ ਪੈਨਸ਼ਨ ਵਿੱਚ ਵਾਧਾ ਕੀਤਾ ਜਾਵੇ, 01.01.2016 ਤੋਂ ਬਣਦਾ ਬਕਾਇਆ ਨਗਦ ਦਿੱਤਾ ਜਾਵੇ, ਕੇਂਦਰ ਸਰਕਰ ਵੱਲੋਂ ਪੈਨਸ਼ਨਰਾਂ ਨੂੰ 38 ਗੁਣਾਂ ਡੀ ਏ ਮਿਲ ਰਿਹਾ ਹੈ। ਪੰਜਾਬ ਪੈਨਸ਼ਨ ਯੂਨੀਅਨ ਨੇ ਫੈਸਲਾ ਕੀਤਾ ਹੈ ਕਿ 20 ਅਕਤੂਬਰ ਨੂੰ ਲੁਧਿਆਣਾ ਵਿਖੇ ਪੈਨਸ਼ਨਰ ਸਰਕਾਰ ਵਿਰੁੱਧ ਮੁਜ਼ਾਹਰਾ ਕਰਨਗੇ ਤਾਂ ਜੋ ਹੱਕੀ ਤੇ ਜਾਇਜ਼ ਮੰਗਾਂ ਲਾਗੂ ਕਰਵਾਈਆਂ ਜਾਣ। ਇਸ ਸਮੇਂ ਉਨ੍ਹਾਂ ਨਾਲ ਮਾ: ਗੁਰਮੇਲ ਸਿੰਘ ਰੂੰਮੀ, ਦਲਜੀਤ ਸਿੰਘ, ਪ੍ਰਿਤਪਾਲ ਸਿੰਘ ਪੰਡੋਰੀ, ਹਰਬੰਸ ਸਿੰਘ ਮੋਗਾ, ਨਰਿੰਦਰ ਸ਼ਰਮਾ, ਬਲਵੀਰ ਸਿੰਘ ਮੁੱਲਾਂਪੁਰ, ਹਰਪਾਲ ਸਿੰਘ, ਰਾਮ ਜੀ ਦਾਸ, ਪਵਨ ਕੁਮਾਰ, ਹਰਬੰਸ ਸਿੰਘ ਰਾਏਕੋਟ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।



# ਨਵ-ਨਿਯੁਕਤ ਵਪਾਰ ਵਿੰਗ ਪ੍ਰਧਾਨ ਰਮਨ ਜਿੰਦਲ ਦਾ ਸਨਮਾਨ

**ਨਾਭਾ (ਵਰਿੰਦਰ ਵਰਮਾ)**-ਅਗਰਵਾਲ ਯੂਥ ਵਿੰਗ ਪ੍ਰਧਾਨ ਸੁਮਿਤ ਗੋਇਲ ਸ਼ੈਂਟੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨਾਭਾ ਦੇ ਨਵ-ਨਿਯੁਕਤ ਵਪਾਰ ਵਿੰਗ ਪ੍ਰਧਾਨ ਰਮਨ ਜਿੰਦਲ (ਭੋਲਾ) ਦਾ ਮਹਾਰਾਜਾ ਅਗਰਸੇਨ ਭਵਨ ਪਟਿਆਲਾ ਗੇਟ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਯੂਥ ਵਿੰਗ ਦੇ ਪ੍ਰਧਾਨ ਸੁਮਿਤ ਗੋਇਲ ਸ਼ੈਂਟੀ ਤੇ ਸਮੂਹ ਮੈਂਬਰਾਂ ਨੇ ਰਮਨ ਜਿੰਦਲ ਨੂੰ ਵਧਾਈ ਦਿੱਤੀ। ਸੁਮਿਤ ਗੋਇਲ ਸ਼ੈਂਟੀ ਨੇ ਕਿਹਾ ਕਿ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਇੱਕ ਇਮਾਨਦਾਰ, ਸੱਚੇ ਤੇ ਨੌਜਵਾਨ ਵਿਅਕਤੀ ਨੂੰ ਵਪਾਰ ਵਿੰਗ ਦਾ ਪ੍ਰਧਾਨ ਬਣਾ ਕੇ ਵਪਾਰੀ ਵਰਗ ਨੂੰ ਇੱਕ ਚੰਗਾ ਤੋਹਫਾ ਦਿੱਤਾ ਹੈ। ਪ੍ਰਧਾਨ ਰਮਨ ਜਿੰਦਲ ਨੇ ਯੂਥ ਵਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਗੁਰਦੇਵ ਸਿੰਘ ਮਾਨ ਦੇਵ ਮਾਨ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਉਹ ਹਰ ਸਮੇਂ ਵਪਾਰੀ ਵਰਗ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਤੇ ਕਿਸੇ ਵੀ ਦੁਕਾਨਦਾਰ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ।

ਇਸ ਮੌਕੇ ਅਗਰਵਾਲ ਸਭਾ ਨਾਭਾ ਪ੍ਰਧਾਨ ਜੀਵਨ ਪ੍ਰਕਾਸ਼ ਬਾਂਸਲ, ਸਕੱਤਰ ਐਡਵੋਕੇਟ ਭਾਰਤ ਭੂਸ਼ਣ ਨਿਤਿਨ ਜੈਨ, ਵਿੱਤ ਸਕੱਤਰ ਰਵਨੀਸ਼ ਗੋਇਲ, ਯੂਥ ਵਿੰਗ ਸਕੱਤਰ ਅਭਿਸ਼ੇਕ ਬਾਂਸਲ, ਭੁਵੇਸ਼ ਬਾਂਸਲ ਭਾਸ਼ੀ, ਅਮਿਤ ਮੰਗਲਾ, ਰੋਹਿਣ ਬਾਂਸਲ, ਰਾਹੁਲ ਗਰਗ, ਹਿਮਾਂਸ਼ੂ ਗੋਇਲ, ਪਵਨ ਜਿੰਦਲ, ਅਭੀ ਬਾਂਸਲ, ਮੁਨੀਸ਼ ਬਾਂਸਲ, ਵਿਕਾਸ ਗੋਇਲ, ਸ਼ਸ਼ੀ ਜਿੰਦਲ, ਵਿਜੇ ਗਰਗ, ਅਸੀਮ ਗੋਇਲ, ਅਮਿਤ ਬਾਂਸਲ, ਗੌਰਵ ਗੁਪਤਾ, ਸੰਜੀਵ ਜਿੰਦਲ, ਅਜੇ ਗਰਗ, ਜਿਪਸੀ ਬਾਂਸਲ, ਮੋਨੂੰ ਬਾਂਸਲ, ਦੀਪਕ ਗਰਗ, ਸਾਹਿਲ ਬਾਂਸਲ, ਵਰੁਣ ਸਿੰਗਲਾ, ਸੁਮਿਤ ਸਿੰਗਲਾ, ਨੀਤਨ ਕਾਂਸਲ, ਅੰਕਿਤ ਜੈਨ, ਗੌਰਵ ਗਰਗ, ਸੰਜੀਵ ਸਿੰਗਲਾ, ਵਿਸ਼ਵ ਜਿੰਦਲ ਆਦਿ ਹਾਜ਼ਰ ਸਨ।

# ਢੁੱਕਵਾਂ ਹੱਲ ਨਾ ਕੱਢਣ ਤੱਕ ਪਰਾਲੀ ਫੂਕਣਾ ਕਿਸਾਨਾਂ ਦੀ ਮਜਬੂਰੀ : ਕੁਲਰੀਆਂ

**ਬਰੇਟਾ (ਰੀਤਵਾਲ)**-ਪੰਜਾਬ ਕਿਸਾਨ ਯੂਨੀਅਨ ਬਲਾਕ ਬੁਢਲਾਡਾ ਦੀ ਮੀਟਿੰਗ ਬਲਾਕ ਪ੍ਰਧਾਨ ਗੁਰਤੇਜ ਸਿੰਘ ਵਰ੍ਹੇ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਸੈਦੇਵਾਲਾ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਰਾਮਫਲ ਸਿੰਘ ਚੱਕ ਅਲੀਸ਼ੇਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਰਾਮਫਲ ਸਿੰਘ ਚੱਕ ਅਲੀਸ਼ੇਰ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਦੇ ਘਰ ਤੇ ਦੁਕਾਨ ਦੀ ਕਬਜ਼ਾ ਕਾਰਵਾਈ ਦਾ ਜਥੇਬੰਦੀ ਵੱਲੋਂ ਡੱਟ ਕੇ ਵਿਰੋਧ ਕੀਤਾ ਜਾਵੇਗਾ ਤੇ ਇਸ ਨੂੰ ਰੋਕਿਆ ਜਾਵੇਗਾ। ਮੀਟਿੰਗ ਦੌਰਾਨ ਕਿਸਾਨ ਆਗੂ ਸਿਮਰਨਜੀਤ ਕੁਲਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਫੈਸਲਾ ਪਰਾਲੀ ਦੇ ਮਸਲੇ 'ਤੇ ਕੀਤਾ ਗਿਆ ਹੈ, ਜਥੇਬੰਦੀ ਉਸ ਨੂੰ ਮੁੱਢੋਂ ਰੱਦ ਕਰਦੀ ਹੈ ਤੇ ਮਾਨਯੋਗ ਰਾਸ਼ਟਰਪਤੀ ਵੱਲੋਂ ਵੀ ਪਰਾਲੀ ਸਾੜਨ ਬਾਰੇ ਕਿਸਾਨਾਂ ਨੂੰ ਸਦਭਾਵਨਾ ਵਿੱਚ ਰਹਿਣ ਲਈ ਬਿਆਨ ਦੇਣਾ ਮੰਦਭਾਗਾ ਹੈ। ਉਨ੍ਹਾ ਕਿਹਾ ਕਿ ਕਿਸਾਨ ਕੁਦਰਤੀ ਆਫਤਾਂ ਦੇ ਨਾਲ ਨਜਿੱਠਣ ਤੇ ਬਾਅਦ ਵੀ ਧਾਰਮਿਕ ਸਥਾਨਾਂ ਲਈ ਦਸਵੰਧ ਕੱਢਦਾ ਹੈ ਤਾਂ ਕਿਸਾਨ ਨਾਲੋਂ ਵੱਧ ਸਦਭਾਵਨਾ ਵਿੱਚ ਰਹਿਣ ਵਾਲਾ ਕੋਈ ਨਹੀਂ ਹੋ ਸਕਦਾ ਅਤੇ ਜਦ ਤੱਕ ਪਰਾਲੀ ਦਾ ਢੁੱਕਵਾਂ ਹੱਲ ਨਹੀਂ ਕੱਢਿਆ ਜਾਂਦਾ, ਉਦੋਂ ਤੱਕ ਪਰਾਲੀ ਫੂਕਣਾ ਕਿਸਾਨਾਂ ਦੀ ਮਜਬੂਰੀ ਹੈ। ਜਥੇਬੰਦੀ ਪੰਜਾਬ ਸਰਕਾਰ ਨੂੰ ਤਾੜਨਾ ਕਰਦੀ ਹੈ ਕਿ ਉਹ ਕਿਸਾਨ ਵਿਰੋਧੀ ਨੀਤੀਆਂ ਬੰਦ ਕਰੇ। ਬਲਾਕ ਸਕੱਤਰ ਬੱਬੂ ਕੁਲਰੀਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਕਿਸਾਨ ਯੂਨੀਅਨ ਸਮਾਜ ਦੇ ਹਰ ਦਬੇ ਕੁਚਲੇ ਬਸ਼ਿੰਦੇ ਲਈ ਹਰ ਸਮੇਂ ਡੱਟ ਕੇ ਖੜੀ ਹੈ। ਇਸ ਮੀਟਿੰਗ ਨੂੰ ਗੁਰਜੰਟ ਸਿੰਘ ਚੱਕ ਅਲੀਸ਼ੇਰ, ਮੇਜਰ ਸਿੰਘ ਸਤੀਕੇ, ਮੇਲਾ ਝਲਬੂਟੀ, ਦਰਸ਼ਨ ਮਘਾਣੀਆ, ਕਪੂਰ ਸਿੰਘ ਚੱਕ ਅਲੀਸ਼ੇਰ ਤੇ ਸੁਰੇਸ਼ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਤਿੰਨ ਮਹੀਨੇ ਦੀ ਰੁਕੀ ਤਨਖਾਹ ਜਾਰੀ ਹੋਣ 'ਤੇ ਮਿੱਡ ਡੇ ਮੀਲ ਕੁੱਕਾਂ ਦੇ ਚਿਹਰੇ ਖਿੜੇ



**ਮੋਗਾ (ਅਮਰਜੀਤ ਬੱਬਰੀ)**-ਮਿੱਡ ਡੇ ਮੀਲ ਯੂਨੀਅਨ ਦੇ ਸੂਬਾ ਪ੍ਰਧਾਨ ਕਰਮਚੰਦ ਚੰਡਾਲੀਆ ਨੇ ਮਿੱਡ ਡੇ ਮੀਲ ਕੁੱਕਾਂ ਦੀ ਤਿੰਨ ਮਹੀਨਿਆਂ ਦੀ ਰੁਕੀ ਹੋਈ ਤਨਖਾਹ ਜਾਰੀ ਕਰਨ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾ ਕਿਹਾ ਕਿ ਮਿੱਡ ਡੇ ਮੀਲ ਕੁੱਕਾਂ ਦੀ ਤਿੰਨ ਮਹੀਨਿਆਂ ਦੀ ਰੁਕੀ ਹੋਈ ਤਨਖਾਹ ਜਾਰੀ ਕਰਵਾਉਣ ਲਈ ਪਿਛਲੇ ਦਿਨੀਂ ਵਿਸ਼ਾਲ ਰੋਸ ਪ੍ਰਦਰਸ਼ਨ ਕਰਨਾ ਪਿਆ ਸੀ।

ਉਨ੍ਹਾ ਦੱਸਿਆ ਕਿ ਪੰਜਾਬ ਵਿੱਚ ਮਿੱਡ ਡੇ ਮੀਲ ਕੁੱਕਾਂ ਦੀ ਗਿਣਤੀ 42205 ਹੈ, ਜਿਹੜੇ ਪੰਜਾਬ ਭਰ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ 1,87,1000 ਸਕੂਲੀ ਬੱਚਿਆਂ ਦਾ ਦੁਪਹਿਰ ਦਾ ਖਾਣਾ ਤਿਆਰ ਕਰਦੇ ਹਨ। ਇਨ੍ਹਾਂ ਨੂੰ ਕੇਵਲ ਤਿੰਨ ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲਦੀ ਹੈ, ਪਰ ਇਹ ਨਿਗੂਣੀ ਤਨਖਾਹ ਵੀ ਸਰਕਾਰ ਮਿੱਡ ਡੇ ਮੀਲ ਕੁੱਕਾਂ ਨੂੰ ਬੀਤੇ ਤਿੰਨ ਮਹੀਨਿਆਂ ਤੋਂ ਨਹੀਂ ਦੇ ਰਹੀ ਸੀ। ਅੱਜ ਪੰਜਾਬ ਸਰਕਾਰ ਨੇ ਇਨ੍ਹਾਂ 42205 ਮਿੱਡ ਡੇ ਮੀਲ ਕੁੱਕਾਂ ਦੀ ਤਿੰਨ ਮਹੀਨਿਆਂ ਦੀ ਬਕਾਇਆ ਤਨਖਾਹ ਜਾਰੀ ਕਰਨ 'ਤੇ ਮਿੱਡ ਡੇ ਮੀਲ ਕੁੱਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਤੇ ਪ੍ਰਦੇਸ਼ ਇੰਟਕ ਜਨਰਲ ਸਕੱਤਰ ਦਵਿੰਦਰ ਸਿੰਘ ਜੌੜਾ ਨੇ ਕਿਹਾ ਕਿ ਮਿੱਡ ਡੇ ਮੀਲ ਕੁੱਕਾਂ ਦੀ ਰੁਕੀ ਹੋਈ ਤਨਖਾਹ ਜਾਰੀ ਹੋਣ ਨਾਲ ਪੰਜਾਬ ਦੇ ਮਿੱਡ ਡੇ ਮੀਲ ਕੁੱਕਾਂ ਦੇ ਚਿਹਰਿਆਂ 'ਤੇ ਖੁਸ਼ੀ ਵੇਖਣ ਨੂੰ ਮਿਲ ਰਹੀ ਹੈ। ਇਸ ਮੌਕੇ ਬਲਾਕ ਭਗਤਾ ਭਾਈ ਦੀ ਪ੍ਰਧਾਨ ਵੀਰਪਾਲ ਕੌਰ ਨੇ ਕਿਹਾ ਕਿ ਤਿਉਹਾਰਾਂ ਦੇ ਦਿਨ ਹਨ, ਇਸ ਲਈ ਸਾਰੇ ਹੀ ਮਿੱਡ ਡੇ ਮੀਲ ਕੁੱਕਾਂ ਨੂੰ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਸਮੇਂ ਸਿਰ ਹਰ ਮਹੀਨੇ ਦੀ ਤਨਖਾਹ ਦਿੱਤੀ ਜਾਵੇ।

# ਸਰਗੁਨੀਤ ਭੱਟੀ ਦੀ ਯਾਦ ਨੂੰ ਸਮਰਪਤ ਦੂਜਾ ਮੁਫਤ ਮੈਡੀਕਲ ਜਾਂਚ ਕੈਂਪ

## ਗੁਰਬਖਸ਼ੀਸ਼ ਸਿੰਘ ਭੱਟੀ ਦਾ ਸਮਾਜ ਉਪਯੋਗੀ ਉਪਰਾਲਾ ਸ਼ਲਾਘਾਯੋਗ : ਜੌੜੇਮਾਜਰਾ, ਦੇਵ ਮਾਨ

**ਨਾਭਾ, (ਵਰਿੰਦਰ ਵਰਮਾ)**-ਭਾਈ ਘਨੱਈਆ ਸਪੋਰਟਸ ਵੈੱਲਫੇਅਰ ਕਲੱਬ ਵੱਲੋਂ ਦੂਜਾ ਮੁਫ਼ਤ ਮੈਡੀਕਲ ਜਾਂਚ ਕੈਂਪ ਸਥਾਨਕ ਰੋਟਰੀ ਕਲੱਬ ਨਾਭਾ ਵਿਖੇ ਲਗਾਇਆ ਗਿਆ, ਜਿਸ ਦੌਰਾਨ 800 ਦੇ ਕਰੀਬ ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਗਈ। ਕੈਂਪ ਦੌਰਾਨ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜੇਮਾਜਰਾ ਨੇ ਮੁੱਖ ਮਹਿਮਾਨ ਵਜੋਂ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਲੱਬ ਪ੍ਰਧਾਨ ਗੁਰਬਖਸ਼ੀਸ਼ ਭੱਟੀ ਤੇ ਅਹੁਦੇਦਾਰ ਰਣਵੀਰ ਸਿੰਘ, ਅਮਰਜੀਤ ਸਿੰਘ, ਚਰਨਜੀਤ ਸਿੰਘ ਵਾਲੀਆ, ਪਵਨ ਬਾਂਸਲ, ਬਿੰਦਰਪਾਲ ਵਰਮਾ, ਮਾਣਾ, ਰਾਜ ਕੁਮਾਰ ਗੁਪਤਾ, ਰਾਕੇਸ਼ ਕੁਮਾਰ ਸਿੰਗਲਾ, ਅਨਿਲ ਬਾਂਸਲ ਆਦਿ ਦੀ ਹਾਜ਼ਰੀ 'ਚ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜੇਮਾਜਰਾ ਨੇ ਦੱਸਿਆ ਕਿ ਸਵ. ਸਰਗੁਨੀਤ ਕੈਨੇਡਾ ਦੀ ਯਾਦ ਨੂੰ ਸਮਰਪਤ ਇਹ ਦੂਜਾ ਮੁਫ਼ਤ ਮੈਡੀਕਲ ਜਾਂਚ ਕੈਂਪ ਹੈ, ਜੋ ਸਾਬਕਾ ਨਾਭਾ ਕੌਂਸਲ ਪ੍ਰਧਾਨ ਗੁਰਬਖਸ਼ੀਸ਼ ਸਿੰਘ ਭੱਟੀ ਤੇ ਮੌਜੂਦਾ ਕੌਂਸਲਰ ਪ੍ਰਿਤਪਾਲ ਕੌਰ ਦੀ ਪਿਆਰੀ ਸਪੁੱਤਰੀ ਸੀ। ਉਨ੍ਹਾਂ ਆਪਣੀ ਪੁੱਤਰੀ ਦੀ ਬਰਸੀ ਮੌਕੇ ਮੁਫਤ ਮੈਡੀਕਲ ਜਾਂਚ ਕੈਂਪ ਲਗਾਉਣ ਦਾ ਭਾਈ ਘਨੱਈਆ ਜੀ ਵੈੱਲਫ਼ੇਅਰ ਕਲੱਬ ਤੇ ਗੁਰਬਖਸ਼ੀਸ਼ ਸਿੰਘ ਭੱਟੀ ਦਾ ਸਮਾਜ ਉਪਯੋਗੀ ਉਪਰਾਲਾ ਸ਼ਲਾਘਾਯੋਗ ਹੈ, ਜਿਸ ਨਾਲ ਸੈਂਕੜੇ ਲੋੜਵੰਦ ਮਰੀਜ਼ਾਂ ਦੀ ਮਦਦ ਹੋ ਜਾਂਦੀ ਹੈ। ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਕਿਸੇ ਆਪਣੇ ਦੀ ਯਾਦ 'ਚ ਸਮਾਜ ਉਪਯੋਗੀ ਸਮਾਜਿਕ ਕਾਰਜ ਕਰਨਾ ਮਨੁੱਖਤਾ ਦੀ ਸੱਚੀ ਸੇਵਾ ਹੈ। ਇਸ ਮੌਕੇ ਕਲੱਬ ਵੱਲੋਂ ਮੁੱਖ ਮਹਿਮਾਨ ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਤੇ ਹਲਕਾ ਵਿਧਾਇਕ ਦੇਵਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਕੈਂਪ ਵਿੱਚ ਡਾ. ਅਰਪਿਤ ਗਰਗ (ਥਾਇਰਡ ਤੇ ਸ਼ੂਗਰ ਦੇ ਮਾਹਰ), ਡਾ. ਮਾਂਸੂ ਮਿੱਤਲ (ਦੰਦਾਂ ਦੇ ਮਾਹਰ), ਡਾ. ਮਨੋਜ ਗੋਇਲ (ਬੱਚਿਆਂ ਦੇ ਮਾਹਰ), ਡਾ. ਜਸਨਪ੍ਰੀਤ ਸਿੰਘ (ਹੱਡੀਆਂ ਦੇ ਮਾਹਰ ਸਿਵਲ ਹਸਪਤਾਲ ਨਾਭਾ) ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ। ਕੈਂਪ ਦੌਰਾਨ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਵਿਧਾਇਕ ਦੇਵ ਮਾਨ ਦੇ ਭਰਾ ਗੁਲਾਬ ਸਿੰਘ ਮਾਨ ਤੇ ਸੁਖਦੇਵ ਸਿੰਘ ਮਾਨ, ਆਮ ਆਦਮੀ ਪਾਰਟੀ ਵਪਾਰ ਵਿੰਗ ਪ੍ਰਧਾਨ ਰਮਨ ਜਿੰਦਲ ਭੋਲਾ, ਓਮ ਪ੍ਰਕਾਸ਼ ਗਰਗ, ਧਰਮਿੰਦਰ ਸਿੰਘ ਸੁੱਖੇਵਾਲ ਸਰਪੰਚ, ਰਾਜ ਕੁਮਾਰ ਰਾਜੂ, ਅਸ਼ੋਕ ਕੁਮਾਰ ਨੰਨੂ, ਮੋਨੂੰ ਡੱਲਾ, ਧੀਰ ਸਿੰਘ, ਤਜਿੰਦਰ ਸਿੰਘ ਖਹਿਰਾ, ਗੁਰਦਿਆਲ ਇੰਦਰ ਬਿੱਲੂ, ਡਾ. ਜੇ ਪੀ ਨਰੂਲਾ, ਮਨਪ੍ਰੀਤ ਸਿੰਘ ਕਾਲੀਆ, ਮਨਪ੍ਰੀਤ ਸਿੰਘ ਧਾਰੋਂਕੀ, ਭੁਪਿੰਦਰ ਸਿੰਘ ਕਲਰਮਜਰੀ, ਜਸਵੀਰ ਸਿੰਘ, ਸੋਨੂੰ ਨਾਭਾ, ਅਨਿਲ ਰਾਣਾ, ਦੀਪਾ ਖਹਿਰਾ ਆਦਿ ਹਾਜ਼ਰ ਸਨ।



# ਸਾਹਿਤ ਦੇ ਮਿਆਰ ਨੂੰ ਉੱਚਾ ਚੁੱਕਣਾ ਮੇਰਾ ਪਹਿਲਾ ਉਦੇਸ਼ : ਕੁਲਦੀਪ ਬਰਾੜ

**ਜਲਾਲਾਬਾਦ, (ਦਹੂਜਾ)**-ਸਥਾਨਕ ਐਫੀਸ਼ੈਂਟ ਕਾਲਜ ਵਿਖੇ ਸਾਹਿਤ ਸਭਾ (ਰਜਿ:) ਜਲਾਲਾਬਾਦ ਦੀ ਮਾਸਿਕ ਮੀਟਿੰਗ ਪ੍ਰਧਾਨ ਕੁਲਦੀਪ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪ੍ਰਧਾਨ ਨੇ ਸਮੂਹ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਆਉਣ ਵਾਲੀਆਂ ਗਤੀਵਿਧੀਆਂ 'ਤੇ ਚਾਨਣਾ ਪਾਉਂਦੇ ਕਿਹਾ ਕਿ ਮੈਂ ਸਾਹਿਤ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹਮੇਸ਼ਾ ਯਤਨਸ਼ੀਲ ਰਹਾਂਗਾ ਤੇ ਆਉਣ ਵਾਲੇ ਕੁਝ ਸਮੇਂ ਵਿੱਚ ਹੀ ਨਵੇਂ ਸ਼ਾਇਰਾਂ, ਗਾਇਕ ਕਲਾਕਾਰਾਂ ਨਾਲ ਸਭ ਨੂੰ ਰੂਬਰੂ ਕਰਵਾਉਂਦੇ ਸਭ ਸਾਹਿਤਕਾਰਾਂ ਨੂੰ ਵੀ ਵਧੀਆ ਪਲੇਟਫਾਰਮ ਦੇਣ ਲਈ ਕੋਸ਼ਿਸ਼ ਕਰਾਂਗਾ।ਜਨਰਲ ਸਕੱਤਰ ਸੰਦੀਪ ਝਾਂਬ ਨੇ ਨਵੇਂ ਸ਼ਾਮਲ ਹੋਏ ਮੈਂਬਰਾਂ ਨਾਲ ਰੂਬਰੂ ਕਰਵਾਉਂਦੇ ਰਚਨਾਵਾਂ ਦਾ ਦੌਰ ਸ਼ੁਰੂ ਕੀਤਾ।ਸਭ ਨੇ ਬਹੁਤ ਹੀ ਮਿਆਰੀ ਕਵਿਤਾਵਾਂ, ਵਿਅੰਗ, ਸ਼ਾਇਰੀ ਤੇ ਕਹਾਣੀ ਨਾਲ ਬਹੁਤ ਸੁਚੱਜੇ ਢੰਗ ਨਾਲ ਸਮਾਂ ਬੰਨ੍ਹਿਆ। ਇਸ ਅਵਸਰ 'ਤੇ ਸਰਪ੍ਰਸਤ ਬਲਬੀਰ ਸਿੰਘ ਪਵਾਰ, ਖਜ਼ਾਨਚੀ ਨਰਿੰਦਰ ਸਿੰਘ ਮੁੰਜਾਲ, ਪ੍ਰਵੇਸ਼ ਖੰਨਾ, ਸੁਖਪ੍ਰੀਤ ਸਿੰਘ, ਸੰਤੋਖ ਸਿੰਘ ਬਰਾੜ, ਰੌਸ਼ਨ ਲਾਲ ਅਸੀਜਾ, ਬਲਬੀਰ ਸਿੰਘ ਰਹੇਜਾ, ਅਮੀਰ ਚੰਦ ਨੰਬਰਦਾਰ, ਮੀਨਾ ਮਹਿਰੋਕ, ਪ੍ਰੀਤੀ ਬਬੂਟਾ, ਗੁਰਪ੍ਰੀਤ ਕੌਰ, ਨੀਰਜ ਛਾਬੜਾ, ਗੋਪਾਲ ਬਜਾਜ, ਮਦਨ ਲਾਲ ਡੂਮੜਾ ਤੇ ਫੌਜਾ ਸਿੰਘ ਨੇ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕੀਤੀ।



# ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਵਿਨੀਪੈਗ 'ਚ ਵਰਕਰ ਮਿਲਣੀ

## ☛ ਸਿਕੰਦਰ ਸਿੰਘ ਮਲੂਕਾ ਵਿਸ਼ੇਸ਼ ਤੌਰ 'ਤੇ ਪਹੁੰਚੇ ☛ ਪਾਰਟੀ ਨੂੰ ਮੁੜ ਸਿਖਰਲੇ ਮੁਕਾਮ 'ਤੇ ਲਿਜਾਣ ਲਈ ਉਲੀਕੀ ਵਿਉਂਤਬੰਦੀ

**ਬਾਘਾ ਪੁਰਾਣਾ, (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ (ਬ) ਦੇ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਕੈਨੇਡਾ ਦੇ ਵਿਨੀਪੈਗ ਵਿਖੇ ਜਗਦੀਪ ਸੰਘਾ ਟ੍ਰਾਂਸਪੋਰਟ ਦੇ ਲਖਵੀਰ ਸਿੰਘ ਸੰਘਾ ਡੇਮਰੂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਦੀ ਰਹਿਨੁਮਾਈ ਹੇਠ ਪਾਰਟੀ ਨੂੰ ਮੁੜ ਮਜ਼ਬੂਤ ਕਰਨ ਲਈ ਵਿਦੇਸ਼ਾਂ ਵਿੱਚ ਵੀ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਤਹਿਤ ਲਖਵੀਰ ਸਿੰਘ ਵਿਨੀਪੈਗ ਵੱਲੋਂ ਕੈਨੇਡਾ ਦੇ ਵਿਨੀਪੈਗ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਮਿਲਣੀ ਕਰਵਾਈ ਗਈ, ਜਿਸ ਵਿੱਚ ਪਾਰਟੀ ਦੀ ਮਜ਼ਬੂਤੀ ਤੇ ਪਾਰਟੀ ਦੀ ਸਾਖ਼ ਨੂੰ ਮੁੜ ਉਸੇ ਜਗ੍ਹਾ 'ਤੇ ਖੜਾ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਵਰਕਰ ਮਿਲਣੀ 'ਚ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਨੂੰ ਜੀ ਆਇਆਂ ਆਖਦਿਆਂ ਲਖਵੀਰ ਸਿੰਘ ਸੰਘਾ ਡੇਮਰੂ ਨੇ ਸੁਆਗਤ ਕੀਤਾ। ਇਸ ਵਰਕਰ ਮਿਲਣੀ ਨੂੰ ਸੰਬੋਧਨ ਕਰਦਿਆਂ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੋਂ ਬਾਅਦ ਆਈਆਂ ਸਰਕਾਰਾਂ ਨੇ ਪੰਜਾਬ ਵਾਸੀਆਂ ਨੂੰ ਸੜਕਾਂ 'ਤੇ ਰੋਲ ਦਿੱਤਾ ਹੈ ਅਤੇ ਜਿੰਨੇ ਵੀ ਵੱਡੇ ਕੰਮ ਹੋਏ ਹਨ, ਉਹ ਸਾਰੇ ਕੰਮ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਪੰਜਾਬ ਵਿੱਚ ਹੋਏ ਹਨ। ਸ੍ਰੀ ਮਲੂਕਾ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਆਪਣੇ ਆਪ ਵਿੱਚ ਕੀਤੀ ਇੱਕ ਵੱਡੀ ਭੁੱਲ ਸਮਝ ਰਹੇ ਹਨ, ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਰਾਜ ਨੂੰ ਚੇਤੇ ਕਰਨ ਲੱਗੇ ਹਨ। ਉਨ੍ਹਾ ਕਿਹਾ ਕਿ ਸਾਨੂੰ ਸਾਰਿਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਸਹਿਯੋਗ ਦੇਣਾ ਚਾਹੀਦਾ ਹੈ। ਬੇਸ਼ੱਕ ਅੱਜ ਅਕਾਲੀ ਦਲ ਸੰਕਟ ਵਿੱਚ ਹੈ, ਅਜਿਹਾ ਸਮਾਂ ਪਹਿਲੀ ਵਾਰ ਨਹੀਂ ਆਇਆ ਸਗੋਂ ਪਹਿਲਾਂ ਵੀ ਕੁਝ ਅਜਿਹੇ ਹਾਲਾਤ ਬਣੇ ਸਨ, ਉਪਰੰਤ ਸ਼੍ਰੋਮਣੀ ਅਕਾਲੀ ਨੇ ਪੰਜਾਬ ਦੀ ਸੱਤਾ 'ਤੇ ਤਿੰਨ ਵਾਰ ਰਾਜ ਕੀਤਾ। ਉਨ੍ਹਾ ਕਿਹਾ ਕਿ ਜਿਸ ਹਵਾ ਦੇ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਸੀ, ਉਸੇ ਹੀ ਹਵਾ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਜਾਵੇਗੀ, ਕਿਉਂਕਿ ਸਰਕਾਰ ਦੇ ਵਾਅਦੇ ਵੀ ਇੱਕ ਹਵਾ ਹੀ ਸਾਬਿਤ ਹੋ ਰਹੇ ਹਨ। ਇੱਥੇ ਵਰਨਣਯੋਗ ਹੈ ਕਿ ਪੰਜਾਬ ਵਿੱਚ ਮੋਗਾ ਜ਼ਿਲ੍ਹੇ ਦੇ ਹਲਕਾ ਬਾਘਾ ਪੁਰਾਣਾ ਵਿੱਚ ਪੈਂਦੇ ਪਿੰਡ ਡੇਮਰੂ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਰਪੰਚ ਹਰਜੋਤ ਸਿੰਘ ਡੇਮਰੂ ਵੀ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਜ਼ਮੀਨੀ ਪੱਧਰ ਤੋਂ ਪਾਰਟੀ ਨਾਲ ਜੁੜ ਕੇ ਸਮੇਂ-ਸਮੇਂ ਜਿੱਥੇ ਵਰਕਰ ਮਿਲਣੀਆਂ ਕਰ ਰਹੇ ਹਨ, ਉਥੇ ਹੀ ਉਨ੍ਹਾਂ ਵੱਲੋਂ ਪਾਰਟੀਆਂ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾ ਰਿਹਾ ਹੈ ਅਤੇ ਪਾਰਟੀ ਨਾਲ ਹਲਕਾ ਵਾਸੀਆਂ ਨੂੰ ਜੋੜ ਰਹੇ ਹਨ। ਲਖਵੀਰ ਸਿੰਘ ਵੱਲੋਂ ਕਰਵਾਏ ਗਏ ਇਸ ਵਰਕਰ ਮਿਲਣੀ ਸਮਾਗਮ ਵਿੱਚ ਵਿਨੀਪੈਗ ਦੇ ਸਾਬਕਾ ਮੇਅਰ ਤੇ ਮੌਜੂਦਾ ਮੇਅਰ ਲਈ ਉਮੀਦਵਾਰ ਗਲੇਨ ਮੁਰੇ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਵੱਡੀ ਗਿਣਤੀ ਵਿੱਚ ਸੀਨੀਅਰ ਆਗੂ ਤੇ ਵਰਕਰ ਸਾਹਿਬਾਨਾਂ ਨੇ ਵਰਕਰ ਮਿਲਣੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਔਰਤਾਂ ਵੀ ਵੱਡੀ ਗਿਣਤੀ 'ਚ ਪਹੁੰਚੀਆਂ। ਲਖਵੀਰ ਸਿੰਘ ਵਿਨੀਪੈਗ ਨੇ ਵਰਕਰ ਮਿਲਣੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੰਜਾਬ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਸਿਆਸਤਦਾਨ ਹਨ ਤੇ ਉਨ੍ਹਾਂ ਦੇ ਪਿਤਾ ਸ. ਪ੍ਰਕਾਸ਼ ਸਿੰਘ ਬਾਦਲ ਨੇ ਨੇ ਸਮੁੱਚਾ ਜੀਵਨ ਪੰਜਾਬੀਆਂ ਲੇਖੇ ਸੇਵਾ ਕਰਦਿਆਂ ਲਗਾਇਆ। ਇਸ ਮੌਕੇ ਸਟੇਜ ਦੀ ਕਾਰਵਾਈ ਮਾ. ਕਮਲਜੀਤ ਸਿੰਘ ਨੇ ਨਿਭਾਈ। ਇਸ ਮੌਕੇ ਗਿਆਨ ਸਿੰਘ ਲੰਗੇਰੀ ਟੋਰਾਂਟੋ, ਮੈਨੀਟੋਬਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਗਵੰਤ ਸਿੰਘ, ਜਗਦੇਵ ਸਿੰਘ ਰੰਧਾਵਾ ਬੁਲਾਰਾ, ਲਛਮਣ ਸਿੰਘ ਪ੍ਰਧਾਨ, ਤੇਜ ਸਿੰਘ ਢਿੱਲੋਂ ਮਲੂਕਾ, ਪਰਮਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।



# ਤਰਕਸ਼ੀਲਾਂ ਸੁਸਾਇਟੀ ਵੱਲੋਂ ਜੇਤੂ ਵਿਦਿਆਰਥੀਆਂ ਦੇ ਸਨਮਾਨ ਸਮਾਗਮ ਸੰਬੰਧੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਇੱਕ ਵਿਸ਼ੇਸ਼ ਮੀਟਿੰਗ ਮਾਸਟਰ ਪਰਮਵੇਦ ਤੇ ਸੁਰਿੰਦਰਪਾਲ ਉੱਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਗੁਰਦੀਪ ਸਿੰਘ ਲਹਿਰਾ ਤੇ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਇਤਿਹਾਸਕ ਕਿਸਾਨੀ ਘੋਲ ਨੂੰ ਸਮਰਪਤ ਕਰਵਾਈ ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਲਈ ਕੀਤੇ ਜਾ ਰਹੇ ਸਨਮਾਨ ਸਮਾਰੋਹ ਦੀ ਤਿਆਰੀ ਸੰਬੰਧੀ ਮੀਟਿੰਗ ਕੀਤੀ ਗਈ। ਇਹ ਸਮਾਗਮ 16 ਅਕਤੂਬਰ ਨੂੰ ਸਥਾਨਕ ਮੰਦਿਰ ਰਾਜ ਰਾਜੇਸ਼ਵਰੀ ਹਾਲ ਵਿੱਚ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਤਰਕਸ਼ੀਲ ਮੈਂਬਰਾਂ ਨੂੰ ਵੱਖ ਵੱਖ ਕੰਮਾਂ ਲਈ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਮਿਡਲ ਤੇ ਸੈਕੰਡਰੀ ਵਰਗ ਦੇ 110 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ। ਪ੍ਰੀਖਿਆ ਕੇਂਦਰ ਦੇ ਮੁਖੀਆਂ, ਚੇਤਨਾ ਪ੍ਰੀਖਿਆ ਵਿੱਚ ਦਿਲਚਸਪੀ ਰੱਖਣ ਵਾਲੇ ਸਕੂਲ ਮੁਖੀਆਂ, ਪ੍ਰੀਖਿਆ ਦੀ ਵਧੀਆ ਜ਼ਿੰਮੇਵਾਰੀ ਨਿਭਾਉਣ ਵਾਲੇ ਆਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।


ਆਈਆਰਈਐਲ (ਇੰਡੀਆ) ਲਿਮਿਟੇਡ
IREL (India) Limited
(A Govt. of India Undertaking – Department of Atomic Energy)
Manavalakurichi, Tamil Nadu, e-mail : purchase-mk@irel.co.in
An ISO 9001, 14001 & 45001 Company, Phone: 04651-200402
CIN : U15100MH1950GOI008187

Unleashing | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

MK/P. ADVT/2022-23/06 — ਮਿਤੀ 19-09-2022

**ਟੈਂਡਰ ਨੋਟਿਸ**

ਆਈ ਆਰ ਈ ਐੱਲ, ਐੱਮ ਕੇ ਵੱਲੋਂ ਹੇਠਾਂ ਵਰਨਿਤ ਮੱਦਾਂ/ਕੰਮ ਲਈ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ :

| ਟੈਂਡਰ ਨੰ. | ਵੇਰਵਾ |
|---|---|
| GEM/2022/B/2548602 | ਉਚਾਈ 'ਤੇ ਕੀਤੇ ਜਾਣ ਵਾਲੇ ਕੰਮ ਲਈ ਸੀਜ਼ਰ (ਕੈਂਚੀ) ਲਿਫਟ ਦੀ ਸਪਲਾਈ, ਲਗਾਉਣਾ ਅਤੇ ਚਾਲੂ ਕਰਨਾ |
| GEM/2022/B/2552869 | ਟਾਟਾ/ਮਹਿੰਦਰਾ /ਅਸ਼ੋਕ ਲੇਲੈਂਡ ਮਾਰਕਾ ਵਾਹਨ |

ਬੋਲੀਕਾਰ ਜੀ ਈ ਐੱਮ ਦੇ ਪੋਰਟਲ http://irel.co.in ਜਾਂ ਸੀ ਪੀ ਪੀ ਪੀ ਵੈੱਬਸਾਈਟ ਤੋਂ ਟੈਂਡਰ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ। ਉਪਰੋਕਤ ਟੈਂਡਰ ਦੀ ਕੋਈ ਸੋਧ/ਵਾਧਾ ਕੇਵਲ ਉਪਰੋਕਤ ਵੈੱਬਸਾਈਟਾਂ ਤੋਂ ਹੀ ਵੇਖਿਆ ਜਾ ਸਕਦਾ ਹੈ।

ਸਹੀ/-
ਜਨਰਲ ਮੈਨੇਜਰ ਅਤੇ ਮੁਖੀ, ਐੱਮ ਕੇ

CBC 48129/12/0042/2223

11-Oct Page 8.qxd 10/10/2022 10:19 PM Page 1



# ਰੇਤੇ ਦਾ ਭਾਅ ਕਾਬੂ ਹੇਠ ਕਰਨ ਤੇ ਕਾਨੂੰਨੀ ਖੱਡਾਂ ਚਲਾਉਣ ਲਈ ਮੰਗ ਪੱਤਰ ਨੋਟਿਸ ਬੋਰਡ 'ਤੇ ਲਗਾਇਆ



**ਫਿਲੌਰ (ਨਿਰਮਲ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਵਲੋਂ ਰੇਤੇ ਦੀਆਂ ਕੀਮਤਾਂ ਨੂੰ ਕਾਬੂ ਹੇਠ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਦੇ ਨਾਂਅ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਵੇਲੇ ਐਸ.ਡੀ.ਐਮ ਸਮੇਤ ਕੋਈ ਹੋਰ ਅਧਿਕਾਰੀ ਹਾਜਰ ਨਾ ਹੋਣ ਅਤੇ ਕਲੈਰੀਕਲ ਸਟਾਫ ਹੜਤਾਲ 'ਤੇ ਹੋਣ ਕਾਰਨ ਮੰਗ ਪੱਤਰ ਨੋਟਿਸ ਬੋਰਡ 'ਤੇ ਲਗਾ ਦਿੱਤਾ। ਇਸ ਸਬੰਧੀ ਆਰਐਮਪੀਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ ਨੇ ਕਿਹਾ ਕਿ ਪਿਛਲੇ ਕੁੱਝ ਅਰਸੇ ਦੌਰਾਨ ਹੀ ਰੇਤੇ ਦੀਆਂ ਕੀਮਤਾਂ ਦੁੱਗਣੀਆਂ ਹੋ ਜਾਣ ਕਾਰਨ ਲੋਕਾਂ ਦੇ ਕੰਮ ਬੰਦ ਹੋ ਗਏ ਹਨ, ਜਿਸ ਨਾਲ ਲੱਖਾਂ ਕਿਰਤੀ ਬੇਕਾਰ ਹੋ ਗਏ ਹਨ। ਆਰਐਮਪੀਆਈ ਦੇ ਸੂਬਾ ਕਮੇਟੀ ਮੈਂਬਰ ਸੰਤੋਖ ਸਿੰਘ ਬਿਲਗਾ ਨੇ ਕਿਹਾ ਕਿ ਸਰਕਾਰੀ- ਅਰਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ 'ਚ ਦਹਾਕਿਆਂ ਤੋਂ ਖਾਲੀ ਪਈਆਂ ਪੋਸਟਾਂ ਲਈ ਭਰਤੀ ਨਾ ਕਰਨ ਦੀ ਨਾਕਸ ਨੀਤੀ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ ਨੇ ਮੰਗ ਕੀਤੀ ਕਿ ਗੈਰ ਕਾਨੂੰਨੀ ਖਣਨ 'ਤੇ ਮੁਕੰਮਲ ਰੋਕ ਲਾਈ ਜਾਵੇ ਅਤੇ ਸਰਕਾਰ ਵੱਲੋਂ ਕਾਨੂੰਨੀ ਪ੍ਰਕਿਰਿਆ ਰਾਹੀਂ ਅਲਾਟ ਕੀਤੀਆਂ ਖੱਡਾਂ ਵਿੱਚੋਂ ਖੁਦਾਈ 'ਤੇ ਲਾਈ ਰੋਕ ਹਟਾਈ ਜਾਵੇ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਂਦੇ ਹੋਏ ਲੀਗਲ ਮਾਇਨਿੰਗ ਜਾਰੀ ਰੱਖੀ ਜਾਵੇ। ਇਸ ਮੌਕੇ ਹੋਰਨਾ ਬੁਲਾਰਿਆਂ ਨੇ ਖੇਤੀ ਆਧਾਰਿਤ ਸਨਅਤਾਂ ਨੂੰ ਪਹਿਲ ਦਿੰਦੇ ਹੋਏ ਸੂਬੇ ਦੇ ਤੇਜ ਸਨਅਤੀ ਵਿਕਾਸ ਲਈ ਠੋਸ ਨੀਤੀ ਬਣਾਉਣ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਰੇਤੇ ਸਮੇਤ ਹੋਰ ਮਸਲੇ ਹੱਲ ਕਰਵਾਉਣ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਤਹਿਸੀਲ ਸਕੱਤਰ ਡਾ. ਸਰਬਜੀਤ ਗਿੱਲ ਅਤੇ ਖਜਾਨਚੀ ਜਰਨੈਲ ਫਿਲੌਰ ਨੇ ਵੀ ਵਿਚਾਰ ਸਾਂਝੇ ਕੀਤੇ। ਮੰਗ ਪੱਤਰ ਦੇਣ ਵੇਲੇ ਕੁਲਦੀਪ ਫਿਲੌਰ, ਮੱਖਣ ਸੰਗਰਾਮੀ, ਗੁਰਦੀਪ ਗੋਗੀ, ਬਲਬੀਰ ਬੀਰੀ, ਮੇਜਰ ਫਿਲੌਰ, ਡਾ. ਬਲਵਿੰਦਰ ਬੰਡਾਲਾ, ਬਲਰਾਜ ਫਿਲੌਰ, ਜਸਬੀਰ ਸਿੰਘ ਭੋਲੀ ਆਦਿ ਹਾਜ਼ਰ ਸਨ।

# ਮੰਗੂਪੁਰ ਨੇ ਜੈਨੀ ਜੌਹਲ ਦੇ ਗੀਤ 'ਤੇ ਪਾਬੰਦੀ ਦੀ ਨਿਖੇਧੀ ਕੀਤੀ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ)**- ਹਲਕਾ ਬਲਾਚੌਰ ਤੋਂ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਨੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਜੈਨੀ ਜੌਹਲ ਦੇ ਨਵੇਂ ਗੀਤ 'ਲੈਟਰ ਟੂ ਸੀਐਮ' ਦੇ ਪ੍ਰਸਾਰਣ 'ਤੇ ਪਾਬੰਦੀ ਲਾਉਣ ਦੀ ਨਿਖੇਧੀ ਕੀਤੀ ਹੈ, ਜਿਸ ਵਿੱਚ ਉਹ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਲਈ ਇਨਸਾਫ ਦੀ ਮੰਗ ਕੀਤੀ ਗਈ ਹੈ। ਮੰਗੂਪੁਰ ਨੇ ਕਿਹਾ ਕਿ 'ਆਪ' ਸਰਕਾਰ ਆਪਣੀ ਮੂਲ ਪਾਰਟੀ ਭਾਜਪਾ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ, ਜਿਸ ਨੇ ਲੋਕਾਂ ਦੀ ਆਵਾਜ ਉਠਾਉਣ ਵਾਲੇ ਗੀਤਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਮੰਗੂਪੁਰ ਨੇ ਕਿਹਾ ਕਿ 'ਆਪ' ਸਰਕਾਰ ਨੇ ਗੀਤ 'ਚ ਉਠਾਏ ਮੁੱਦਿਆਂ 'ਤੇ ਧਿਆਨ ਦੇਣ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਬਜਾਏ ਤਾਨਾਸ਼ਾਹੀ ਵਾਲਾ ਕੰਮ ਕੀਤਾ ਹੈ। ਪਰ ਇਹ ਉਨ੍ਹਾਂ ਦੀ ਵੱਡੀ ਭੁੱਲ ਹੈ ਕਿ ਉਹ ਗੀਤ 'ਤੇ ਪਾਬੰਦੀ ਲਗਾ ਕੇ ਲੋਕਾਂ ਤੱਕ ਇਸ ਦੀ ਪਹੁੰਚ ਨੂੰ ਰੋਕ ਸਕਦੇ ਹਨ। ਇਹ ਗੀਤ ਹੋਰ ਵੀ ਮਸ਼ਹੂਰ ਹੋਵੇਗਾ, ਜਿਸ 'ਚ ਮੂਸੇਵਾਲਾ ਲਈ ਇਨਸਾਫ ਦੀ ਮੰਗ ਉਠਾਈ ਗਈ ਹੈ।

**ਮਾਮਲਾ ਨਗਰ ਕੌਂਸਲ ਦਾ**

# ਅਕਾਲੀ ਦਲ ਵੀ ਨਿੱਤਰਿਆ ਮੈਦਾਨ 'ਚ, ਕਾਰਜ ਸਾਧਕ ਅਫ਼ਸਰ ਖਿਲਾਫ ਕੱਢੀ ਭੜਾਸ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**

ਪਿਛਲੇ ਕੁਝ ਦਿਨ੍ਹਾਂ ਤੋਂ ਨਗਰ ਕੌਂਸਲ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਦਰਮਿਆਨ ਇਕ ਦੂਜੇ ਤੇ ਦੋਸ਼ ਲਗਾਉਂਦੇ ਹੋਏ ਸ਼ਬਦ ਯੁੱਧ ਛਿੜਿਆ ਹੋਇਆ ਹੈ। ਇਹ ਵੇਖਿਆ ਜਾ ਰਿਹਾ ਹੈ ਕਿ ਕੁਝ ਕੌਂਸਲਰ ਪ੍ਰਧਾਨ ਨਗਰ ਕੌਂਸਲ ਦੇ ਨਾਲ ਖੜ੍ਹੇ ਹਨ ਤੇ ਕੁਝ ਕਾਰਜ ਸਾਧਕ ਅਫ਼ਸਰ ਦਾ ਪੱਖ ਪੂਰ ਰਹੇ ਹਨ,ਉਥੇ ਹੀ ਅਕਾਲੀ ਦਲ ਆਗੂ ਵੀ ਹਰਕਤ ਵਿਚ ਆ ਰਹੇ ਹਨ ਅਤੇ ਇਸੇ ਸਬੰਧ ਵਿੱਚ ਨਗਰ ਕੌਂਸਲ ਦੇ ਸਾਬਕਾ ਵਾਇਸ ਪ੍ਰਧਾਨ ਦਵਿੰਦਰ ਸਿੰਘ ਠਾਕੁਰ ਦੀ ਅਗਵਾਈ ਵਿੱਚ ਇਕ ਮੀਟਿੰਗ ਹੋਈ ਜਿਸ ਵਿੱਚ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਚੰਨਾ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੈਂਬਰ ਮਨਜੀਤ ਸਿੰਘ ਮੁੰਧੋ ਨੇ ਸ਼ਿਰਕਤ ਕੀਤੀ। ਇਕ ਪ੍ਰੈਸ ਨੋਟ ਜਾਰੀ ਕਰਦਿਆਂ ਸਾਬਕਾ ਵਾਇਸ ਪ੍ਰਧਾਨ ਦਵਿੰਦਰ ਸਿੰਘ ਠਾਕੁਰ ਨੇ ਦੋਸ਼ ਲਗਾਉਂਦਿਆਂ ਕਿਹਾ ਇਸ ਤੋਂ ਪਿਛਲੀ ਟਰਮ ਵਿੱਚ ਨਗਰ ਕੌਂਸਲ ਵਿਚ ਅਕਾਲੀ ਦਲ ਦੀ ਸਰਕਾਰ ਵੇਲੇ ਵੀ ਇਹੋ ਕਾਰਜ ਸਾਧਕ ਅਫਸਰ ਗੁਰਦੀਪ ਸਿੰਘ ਇਥੇ ਹੀ ਤੈਨਾਤ ਸੀ ਅਤੇ ਉਸ ਵੇਲੇ ਵੀ ਇਸ ਦੀ ਕਾਰਗੁਜ਼ਾਰੀ ਇਸੇ ਤਰ੍ਹਾਂ ਦੀ ਸੀ ਰਿਸ਼ਤੇਦਾਰਾਂ ਦੀਆਂ ਗੱਡੀਆਂ ਵਿੱਚ ਤੇਲ ਪਵਾਉਣਾ, ਸਰਕਾਰੀ ਗੱਡੀ ਦੀ ਨਜਾਇਜ ਵਰਤੋਂ ਕਰਨਾ, ਨਜਾਇਜ ਕਲੋਨੀਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ



ਅਤੇ ਇਸ ਵਰਤਾਰੇ ਤੋਂ ਤੰਗ ਹੋਕੇ 15 ਅਕਾਲੀ ਅਤੇ ਕਾਂਗਰਸੀ ਕੌਂਸਲਰਾਂ ਨੇ ਇਸ ਖਿਲਾਫ ਮਤਾ ਵੀ ਪਾਇਆ ਸੀ। ਬੀਤੇ ਦਿਨੀਂ ਨਗਰ ਕੌਂਸਲ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਨੇ ਸਾਥੀ ਕੌਂਸਲਰਾਂ ਨਾਲ ਮਿਲਕੇ ਉਨ੍ਹਾਂ ਦੀ ਕੋਠੀ ਤੇ ਛਾਪਾ ਮਾਰਿਆ ਸੀ ਤੇ ਸਫਾਈ ਕਰਮਚਾਰੀ ਕੰਮ ਕਰਦੇ ਅਤੇ ਸਰਕਾਰੀ ਮਸ਼ੀਨਰੀ ਪਕੜੀ ਸੀ ਪਰ ਈ ਓ ਸਾਹਿਬ ਨੇ ਸਫਾਈ ਦੇਣ ਦੀ ਬਜਾਏ ਉਥੋਂ ਭੱਜਣ ਨੂੰ ਹੀ ਤਰਜੀਹ ਦਿੱਤੀ। ਅਕਾਲੀ ਦਲ ਦੇ ਇਨ੍ਹਾਂ ਆਗੂਆਂ ਨੇ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਇਮਾਨਦਾਰ ਅਫਸਰ ਲਗਾਉਣ ਦੀ ਗੱਲ ਕਰਦੀ ਹੈ ਪਰ ਦੂਜੇ ਪਾਸੇ ਇਹੋ ਜਿਹੇ ਭ੍ਰਿਸ਼ਟ ਅਫਸਰ ਲਗਾਏ ਜਾਂਦੇ ਹਨ ਆਖ਼ਰ ਸਰਕਾਰ ਦਰਸਾਉਣਾ ਕੀ ਚਾਹੁੰਦੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਰਜ ਸਾਧਕ ਅਫਸਰ ਖਿਲਾਫ ਲੱਗੇ ਦੋਸ਼ਾਂ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਉਣੀ ਚਾਹੀਦੀ ਹੈ। ਇਸ ਸਬੰਧ ਵਿੱਚ ਜਦੋਂ ਕਾਰਜ ਸਾਧਕ ਅਫਸਰ ਗੁਰਦੀਪ ਸਿੰਘ ਨਾਲ ਉਨ੍ਹਾਂ ਦਾ ਪੱਖ ਜਾਨਣ ਲਈ ਰਾਬਤਾ ਬਣਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਆਪਣਾ ਪੱਖ ਪਹਿਲਾਂ ਹੀ ਦੱਸ ਚੁੱਕੇ ਹਨਸ ਉਨ੍ਹਾਂ ਨੂੰ ਖਾਮਖਾਹ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਸਰਕਾਰੀ ਕੰਮ ਕਰਨ ਵਿਚ ਅੜਿੱਕੇ ਅੜਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਕੈਬਨਿਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਮਾਨਦਾਰੀ ਨਾਲ ਕਰਦੇ ਰਹਿਣਗੇ ਅਤੇ ਕਿਸੇ ਦੇ ਦਬਾਅ ਹੇਠ ਗ਼ਲਤ ਕੰਮ ਨਹੀਂ ਕਰਨਗੇ।

# ਖੇਤ ਮਜਦੂਰ ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ 5 ਨਵੰਬਰ ਨੂੰ : ਨੂਰਪੁਰੀ

**ਬਹਿਰਾਮ (ਅਵਤਾਰ ਕਲੇਰ)**

ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾਈ ਅਹੁਦੇਦਾਰਾਂ ਦੀ ਮੀਟਿੰਗ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਉੱਘੇ ਖੇਤ ਮਜਦੂਰ ਆਗੂ ਕੁਮਾਰ ਸੈਰਾਲਕਰ, ਸਾਬਕਾ ਪੋਲਿਟ ਬਿਊਰੋ ਮੈਂਬਰ ਕਾਮਰੇਡ ਕੋਡੀਏਰੀ ਬਾਲਾਕ੍ਰਿਸ਼ਨਨ ਅਤੇ ਗੁਰਪ੍ਰੇਮ ਸਿੰਘ ਬਿਲਗਾ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਵਿੱਚ ਪਿਛਲੇ ਦਿਨੀਂ ਹੁਸ਼ਿਆਰਪੁਰ ਵਿਖੇ ਹੋਈ 31 ਵੀਂ ਸੂਬਾਈ ਕਾਨਫਰੰਸ ਦਾ ਰੀਵਿਊ ਕੀਤਾ ਗਿਆ ਅਤੇ ਹੁਸ਼ਿਆਰਪੁਰ ਖੇਤ ਮਜਦੂਰ ਯੂਨੀਅਨ ਦੀ ਕਮੇਟੀ ਨੂੰ ਸਫਲ ਕਾਨਫਰੰਸ ਲਈ ਵਧਾਈ ਦਿੱਤੀ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਲਾਲ ਸਿੰਘ ਧਨੌਲਾ ਨੇ ਦੱਸਿਆ ਕਿ ਮੈਂਬਰਸ਼ਿਪ ਮੁਹਿੰਮ ਤਹਿਤ 11 ਨਵੰਬਰ ਨੂੰ ਤਹਿਸੀਲ, ਜ਼ਿਲ੍ਹਾ ਤੇ ਸੂਬਾ ਕਮੇਟੀ ਮੈਂਬਰ ਯੂਨੀਅਨ ਦੀ ਮੈਂਬਰਸ਼ਿਪ ਕਰਨਗੇ। ਆਗੂਆਂ ਨੇ ਕਿਹਾ ਕਿ 5 ਨਵੰਬਰ ਨੂੰ ਦਿੱਲੀ ਵਿਖੇ ਹੋ ਰਹੀ ਖੇਤ ਮਜਦੂਰ ਜਥੇਬੰਦੀਆਂ ਦੀ ਸਾਂਝੀ ਕਨਵੈਨਸ਼ਨ' ਚ 60 ਡੈਲੀਗੇਟ ਸ਼ਾਮਲ ਹੋਣਗੇ ਅਤੇ 20 ਅਕਤੂਬਰ ਨੂੰ ਦਲਿਤ ਸ਼ੋਸ਼ਣ ਮੁਕਤੀ ਮੰਚ ਦੀ ਸੂਬਾਈ ਕਨਵੈਨਸ਼ਨ ਫਿਲੌਰ ਵਿਖੇ ਹੋਵੇਗੀ। ਇਸ ਮੌਕੇ 'ਤੇ ਗੁਰਮੇਸ ਸਿੰਘ, ਮੇਲਾ ਸਿੰਘ ਰੁੜਕਾ, ਕੁਲਦੀਪ ਝਿੰਗੜ, ਬਲਵੀਰ ਸਿੰਘ ਸੁਹਾਵੀ, ਮੂਲ ਚੰਦ ਸਰਹਾਲੀ, ਹਰਬੰਸ ਸਿੰਘ ਧੂਤ, ਜਸਵੀਰ ਸਿੰਘ ਝਬਾਲ, ਰਾਣਾ ਮਸੀਹ, ਕਰਤਾਰ ਸਿੰਘ ਮਹੌਲੀ, ਅਮੀ ਲਾਲ ਬਠਿੰਡਾ ਤੇ ਡਾ. ਵਿਜੇ ਕੁਮਾਰ ਘਨੌਰ ਆਦਿ ਸਾਥੀ ਹਾਜਰ ਸਨ।




# ਤਰਕਸ਼ੀਲ ਨਾਟਕ ਮੇਲਾ ਯਾਦਗਾਰੀ ਹੋ ਨਿੱਬੜਿਆ

**ਅੱਡਾ ਸਰਾਂ (ਜਸਵੀਰ ਕਾਜਲ)**-ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਅੱਡਾ ਸਰ੍ਹਾ ਵਿਖੇ ਕਰਵਾਇਆ ਗਿਆ। ਜਿਸ 'ਚ ਨਾਟਕ ਕੋਰੀਓਗ੍ਰਾਫੀ ਕਵਿਤਾ ਪੇਸ਼ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਹੋਕਾ ਦਿੱਤਾ। ਤਰਕਸ਼ੀਲ ਸੁਸਾਇਟੀ ਅੱਡਾ ਸਰਾਂ ਇਕਾਈ ਦੇ ਮੈਂਬਰ ਪ੍ਰਧਾਨ ਜਸਬੀਰ ਸਿੰਘ ਕਲੋਆ, ਵਿਜੇ ਕੁਮਾਰ ਪਚਰੰਗਾ, ਗੁਰਮੁਖ ਸਿੰਘ, ਰਮਨ ਕੁਮਾਰ, ਮਨੋਜ ਕੁਮਾਰ, ਲੋਕ ਇਨਕਲਾਬ ਮੰਚ ਦੇ ਆਗੂ ਹਰਦੀਪ ਖੁੱਡਾ ,ਰਾਮ ਲੁਭਾਇਆ ਢੱਟ ,ਗੁਰਮੁਖ ਸਿੰਘ ਤੇ ਸੁਲੱਖਣ ਸਿੰਘ ,ਪ੍ਰਵੀਨ ਕੁਮਾਰ ਆਦਿ ਮੈਂਬਰਾਂ ਦੀ ਦੇਖ ਰੇਖ ਵਿਚ ਕਰਵਾਏ ਗਏ। ਇਸ ਪ੍ਰੋਗਰਾਮ ਦਾ ਉਦਘਾਟਨ ਸੇਵਾਮੁਕਤ ਡੀਪੀਆਈ ਹਾਇਰ ਐਜੂਕੇਸ਼ਨ ਗੁਰਪਾਲ ਸਿੰਘ ਜੌੜਾ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ ਗਿਆ । ਜਿਸ ਤੋਂ ਬਾਅਦ ਸਾਥੀ ਸੁਖਦੇਵ ਫਗਵਾੜਾ ਵੱਲੋਂ ਤਰਕਸ਼ੀਲ ਸੋਸਾਇਟੀ ਦੀ ਕਾਰਗੁਜਾਰੀ ਤੇ ਸਮਾਜ 'ਚ ਫੈਲੀਆਂ ਕੁਰੀਤੀਆਂ ਦੂਰ ਕਰਨ ਸਬੰਧੀ ਤਰਕਸ਼ੀਲ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਉੱਦਮਾਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਤੋਂ ਬਾਅਦ ਅੱਖਾਂ ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਦੀ ਟ੍ਰਿਕ ਤੋਂ ਬਾਅਦ ਗਾਇਕ ਜਸਵੀਰ ਜੀਦਾ ਵੱਲੋਂ ਇਨਕਲਾਬੀ ਬੋਲੀਆਂ ਅਤੇ ਗੀਤ ਪੇਸ਼ ਕੀਤੇ ਗਏ । ਇਸ ਤੋਂ ਬਾਅਦ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਪਰਿੰਦੇ ਭਟਕ ਗਏ ਨਾਟਕ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀ ਗਈ ਨਾਟਕ ਰਾਹੀਂ ਵਹਿਮਾਂ ਭਰਮਾਂ ਤੋਂ ਦੂਰ ਰਹਿੰਦੇ ਹੋਏ ਤਰਕਸ਼ੀਲ ਸੋਚ ਅਪਨਾਉਣ ਦੇਸ਼ ਭਗਤੀ ਅਤੇ ਸਮਾਜਿਕ ਅਲਾਮਤਾਂ ਤੋਂ ਦੇ ਖ਼ਿਲਾਫ਼ ਲੜਨ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਹਰਦੀਪ ਖੁੱਡਾ ਅਤੇ ਇੰਚਾਰਜ ਟੋਨੀ ਨੇ ਨਿਭਾਈ । ਮੇਲੇ ਵਿੱਚ ਹਰਦੀਪ ਬੁੱਲ੍ਹੋਵਾਲ ਤੇ ਭੂੰਗਾ ਇਕਾਈ ਦੇ ਆਗੂਆਂ ਮਦਨ ਲਾਲ ਅਤੇ ਕਾਮਰੇਡ ਭੁਪਿੰਦਰ ਸਿੰਘ ਦੀ ਟੀਮ ਨੇ ਵਿਸ਼ੇਸ਼ ਸਹਿਯੋਗ ਦਿੱਤਾ । ਇਸ ਮੌਕੇ ਪਰਮਵੀਰ ਸਿੰਘ ਬਾਠ, ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ, ਸਤਨਾਮ ਸਿੰਘ ਢਿੱਲੋਂ ਦੋਆਬਾ ਕਿਸਾਨ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ, ਭੱਲਾ ,ਨਰਿੰਦਰ ਅਰੋੜਾ ,ਅੱਛਰ ਸਿੰਘ, ਮਾਸਟਰ ਮਦਨ ਲਾਲ, ਮਾਸਟਰ ਕੁਲਵਿੰਦਰ ਸਿੰਘ ਕਾਮਰੇਡ ,ਭੁਪਿੰਦਰ ਸਿੰਘ ,ਗੁਰਪ੍ਰੀਤ ਝਾਂਸ ,ਵਰਿੰਦਰ ਪੁੰਜ ਰਮੇਸ਼ ਹੁਸ਼ਿਆਰਪੁਰੀ, ਰਾਜਿੰਦਰ ਸਿੰਘ ਨਰਿੰਦਰ ਸਿੰਘ, ਇੰਦਰ, ਸੁਖਦੀਪ ਸਿੰਘ ਓਡਰਾ, ਸ਼ਿੰਗਾਰਾ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ ਉਗਰਾਹਾਂ ,ਮਨੋਜ ਕੁਮਾਰ ਨਵਜੀਤ ਸਿੰਘ, ਜਸਬੀਰ ਸਿੰਘ ਲੱਕੀ ਪ੍ਰਧਾਨ ਡਾ. ਅੰਬੇਡਕਰ ਯੂਥ ਕਲੱਬ ਰਜਿਸਟਰਡ ਕੰਧਾਲਾ ਜੱਟਾਂ, ਡਾ. ਚਰਨਜੀਤ ਸਿੰਘ ਪੜਬੱਗਾ ਆਦਿ ਮੌਜੂਦ ਸਨ।




# ਜਗਜੀਵਨ ਜੱਗੀ ਨੇ ਪਰਵਾਰ ਸਮੇਤ ਅੱਖਾਂ ਦਾਨ ਕੀਤੀਆਂ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪੰਜਾਬ ਸਰਕਾਰ ਅਤੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਚਲਾਈ ਗਈ ਨੇਤਰਦਾਨ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਆਪ ਪਾਰਟੀ ਦੇ ਸ਼ਹਿਰੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ ਨੇ ਪਰਵਾਰ ਸਮੇਤ ਅੱਖਾਂ ਦਾਨ ਕਰਨ ਦਾ ਪ੍ਰਣ ਕੀਤਾ ਹੈ। ਇਸ ਸਬੰਧੀ ਹੋਏ ਇਕ ਸਮਾਗਮ ਦੌਰਾਨ ਉਨ੍ਹਾਂ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸੇਵਾ ਮੁਕਤ ਡਾ.ਡਾਕਟਰ ਕੇਵਲ ਸਿੰਘ ਕਾਜਲ, ਨੇਤਰਦਾਨ ਐਸੋਸੀਏਸ਼ਨ ਦੇ ਹਲਕਾ ਇੰਚਾਰਜ ਟਾਂਡਾ ਜਥੇਦਾਰ ਵਰਿੰਦਰ ਸਿੰਘ ਮਸੀਤੀ, ਸਮਾਜ ਸੇਵੀ ਸੁਖਵਿੰਦਰ ਸਿੰਘ ਅਰੋੜਾ,ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ, ਪ੍ਰੇਮ ਪਡਵਾਲ, ਵਿੱਕੀ ਮਹਿੰਦਰੂ ਦੀ ਹਾਜ਼ਰੀ ਵਿੱਚ ਆਪਣੀਆਂ, ਆਪਣੀ ਪਤਨੀ ਕੌਂਸਲਰ ਸਤਵੰਤ ਜੱਗੀ ਅਤੇ ਬੇਟੀ ਅਨੁਪਮਾ ਜੱਗੀ ਦੀਆਂ ਅੱਖਾਂ ਦਾਨ ਕਰਨ ਸੰਬੰਧੀ ਰਜਿਸਟ੍ਰੇਸ਼ਨ ਕਰਵਾਈ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਉਕਤ ਅੱਖਾਂ ਦੇ ਦਾਨੀ ਪਰਵਾਰ ਨੂੰ ਸਨਮਾਨਤ ਕਰਦਿਆਂ ਅਤੇ ਰਜਿਸਟ੍ਰੇਸ਼ਨ ਸਬੰਧੀ ਸਰਟੀਫਿਕੇਟ ਭੇਟ ਕਰਦਿਆਂ ਕਿਹਾ ਕਿ ਸਾਡੇ ਵੱਲੋਂ ਦਾਨ ਕੀਤੀਆਂ ਗਈਆਂ ਅੱਖਾਂ ਸਾਡੇ ਮਰਨ ਤੋਂ ਬਾਅਦ ਵੀ ਜ਼ਿੰਦਾ ਰਹਿ ਕੇ ਕਿਸੇ ਹਨੇਰੀ ਜ਼ਿੰਦਗੀ ਜਿਉਂ ਰਹੇ ਵਿਅਕਤੀ ਨੂੰ ਰੌਸ਼ਨੀ ਪ੍ਰਦਾਨ ਕਰ ਸਕਦੀਆਂ ਹਨ। ਇਸ ਲਈ ਸਾਨੂੰ ਇਸ ਮਹਾਨ ਦਾਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਡਾ. ਕੇਵਲ ਸਿੰਘ ਕਾਜਲ ਨੇ ਦੱਸਿਆ ਕਿ ਕਿਸੇ ਵੀ ਇਨਸਾਨ ਦੇ ਮਰਨ ਤੋਂ ਬਾਅਦ ਛੇ ਘੰਟੇ ਤਕ ਉਸ ਦੀਆਂ ਅੱਖਾਂ ਜਿਉਂਦਾ ਰਹਿੰਦੀਆਂ ਹ। ਇਸ ਲਈ ਸਾਨੂੰ ਅੱਖਾਂ ਰਜਿਸਟਰਡ ਰਜਿਸਟ੍ਰੇਸ਼ਨ ਕਰਨ ਵਾਲੇ ਵਿਅਕਤੀ ਦੀ ਮੌਤ ਦੇ ਤੁਰੰਤ ਬਾਅਦ ਸਬੰਧਤ ਵਿਭਾਗ ਨੂੰ ਸੂਚਿਤ ਕਰਨਾ ਚਾਹੀਦਾ ਹੈ।



# ਨਿਊ ਹੁਸ਼ਿਆਰਪੁਰ ਕਾਰ ਡੀਲਰਜ਼ ਐਸੋਸੀਏਸ਼ਨ ਦੀ ਅਹਿਮ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨਿਊ ਹੁਸ਼ਿਆਰਪੁਰ ਕਾਰ ਡੀਲਰਜ਼ ਐਸੋਸੀਏਸ਼ਨ (ਐਨ.ਐਚ.ਸੀ.ਡੀ.ਏ.) ਦੀ ਇਕ ਅਹਿਮ ਮੀਟਿੰਗ ਭੀਮ ਸਵੀਟ ਕਾਰਨਰ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿਚ ਸਾਰੇ ਰਜਿਸਟਰਡ ਕਾਰ ਬਾਜ਼ਾਰਾਂ ਵੱਲੋਂ ਓਪਨ ਸੰਡੇ ਕਾਰ ਬਾਜ਼ਾਰ ਲਾਉਣ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਵਿਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚਰਚਾ ਕੀਤੀ ਗਈ। ਅੱਜ ਦੀ ਮੀਟਿੰਗ ਵਿਚ ਐਸੋਸੀਏਸ਼ਨ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਕਰੀਬ 8 ਨਵੇਂ ਕਾਰ ਬਾਜ਼ਾਰਾਂ ਨੂੰ ਸ਼ਾਮਲ ਕੀਤਾ ਗਿਆ। ਅੱਜ ਦੀ ਤਾਰੀਖ਼ 'ਚ ਜ਼ਿਲ੍ਹੇ ਭਰ ਵਿੱਚ ਲਗਭਗ 50 ਕਾਰ ਬਾਜ਼ਾਰ ਐਨ.ਐਚ.ਸੀ.ਡੀ.ਏ. ਸੰਸਥਾ ਦਾ ਸਾਥ ਦੇ ਰਹੇ ਹਨ। ਇਸ ਮੌਕੇ ਸਾਰੇ ਹੁਸ਼ਿਆਰਪੁਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਜਦੋਂ ਵੀ ਤੁਸੀਂ ਕਾਰ ਖਰੀਦੋ ਜਾਂ ਵੇਚੋ ਤਾਂ ਸਿਰਫ ਰਜਿਸਟਰਡ ਐਨ.ਐਚ.ਸੀ.ਡੀ.ਏ. ਤੋਂ ਹੀ ਖਰੀਦੋ ਤਾਂ ਜੋ ਭਵਿੱਖ ਵਿੱਚ ਕੋਈ ਔਕੜ ਨਾ ਆਵੇ। ਇਸ ਮੌਕੇ ਜੋਧ ਸਿੰਘ ਭਾਂਬਰਾ ਪ੍ਰਧਾਨ, ਤਜਿੰਦਰ ਸਿੰਘ ਤੇਜੀ ਮੀਤ ਪ੍ਰਧਾਨ, ਅਮਨਦੀਪ ਸਿੰਘ ਸੋਨੂੰ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਗੋਪੀ ਖਜ਼ਾਨਚੀ, ਰਾਜ ਕੁਮਾਰ ਥਾਪਰ ਮੀਡੀਆ ਸਲਾਹਕਾਰ, ਰਿਸ਼ੂ ਬਹਿਲ, ਭੁਪਿੰਦਰ ਸਿੰਘ, ਗੁਰਵਿੰਦਰ ਸਿੰਘ (ਗੋਰਾ), ਜਸਪਾਲ ਸਿੰਘ (ਜੱਸੀ), ਮਨਪ੍ਰੀਤ ਸਿੰਘ, ਜਸਵਿੰਦਰ ਬੇਦੀ, ਹਰਜੋਤ ਸਿੰਘ, ਜਤਿੰਦਰ ਸਿੰਘ ਜਤਿਨ ਸਾਰੇ ਮੈਂਬਰ ਆਦਿ ਹਾਜ਼ਰ ਸਨ।



# ਪਰਮਜੀਤ ਸਿੰਘ ਢਿੱਲੋਂ ਨੂੰ ਹਲਕਾ ਅਬਜ਼ਰਬਰ ਲਾਇਆ



**ਸ੍ਰੀ ਚਮਕੌਰ ਸਾਹਿਬ,(ਕੁਲਵਿੰਦਰ ਕਾਲਾ)**-ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਪਰਮਜੀਤ ਸਿੰਘ ਢਿੱਲੋਂ ਨੂੰ ਹਲਕਾ ਸ੍ਰੀ ਚਮਕੌਰ ਸਾਹਿਬ ਦਾ ਅਬਜਰਬਰ ਲਾਉਣ ਤੇ ਉਨ੍ਹਾਂ ਸ਼ੁਕਰਾਨੇ ਵਜੋਂ ਸਥਾਨਕ ਗੁਰਦੁਆਰਾ ਸਾਹਿਬ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ। ਉਪਰੰਤ ਉਨ੍ਹਾਂ ਮਾਂਗਟ ਏਜੰਸੀ ਵਿਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਮੇਟੀ ਬਣਾਈ ਜਾਵੇਗੀ ਅਤੇ ਇਨ੍ਹਾਂ ਕਮੇਟੀਆਂ ਵਿਚ ਪ੍ਰਧਾਨ ਦੀ ਚੋਣ ਕੀਤੀ ਜਾਵੇਗੀ ਅਤੇ ਫੇਰ ਸਰਕਲ ਪ੍ਰਧਾਨ ਚੁਣਿਆ ਜਾਵੇਗਾ। ਉਨ੍ਹਾ ਕਿਹਾ ਕਿ ਮੈਨੂੰ ਬਾਦਲ ਨੇ ਇਸ ਹਲਕੇ ਦੀ ਸੇਵਾ ਲਈ ਭੇਜਿਆ ਹੈ ਅਤੇ ਉਹ ਪਾਰਟੀ ਵਲੋਂ ਦਿੱਤੀ ਜ਼ੁੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਕਲ ਪ੍ਰਧਾਨ ਅਮਨਦੀਪ ਸਿੰਘ ਮਾਂਗਟ ਹਰਦੀਪ ਸਿੰਘ ਸੋਨੀ, ਕੁਲਵੰਤ ਸਿੰਘ ਚੂਹੜਮਾਜਰਾ, ਕਰਨੈਲ ਸਿੰਘ ਸੈਦਪੁਰ, ਜੱਗਾ ਸਰਪੰਚ ਜੱਸੜਾ ਅਤੇ ਠੇਕੇਦਾਰ ਝੱਲੀਆਂ ਆਦਿ ਹਾਜਰ ਸਨ।

# ਟਰੱਕ ਯੂਨੀਅਨ ਨੇ ਸਾਲਾਨਾ ਪਾਠ ਕਰਵਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਟਰੱਕ ਯੂਨੀਅਨ ਨੂਰਮਹਿਲ ਵਲੋਂ ਸਰਬੱਤ ਦੇ ਭਲੇ ਲਈ ਅਤੇ ਯੂਨੀਅਨ ਦੀ ਸੁੱਖ ਸ਼ਾਂਤੀ ਲਈ ਸਾਲਾਨਾ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ । ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਤੋਂ ਉਪਰੰਤ ਪ੍ਰਸਿੱਧ ਕੀਰਤਨੀ ਜੱਥੇ ਭਾਈ ਗੁਰਵਿੰਦਰ ਸਿੰਘ ਪੰਡੋਰੀ ਜਗੀਰ ਦੇ ਜੱਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ । ਚਾਹ-ਪਕੌੜੇ ਅਤੇ ਗੁਰੂ ਦਾ ਅਤੁੱਟ ਲੰਗਰ ਲਗਾਇਆ ਗਿਆ । ਇਸ ਮੌਕੇ 'ਤੇ ਟਰੱਕ ਯੂਨੀਅਨ ਦੇ ਪ੍ਰਧਾਨ ਜਸਵੰਤ ਸਿੰਘ ਮੁਆਈ, ਹਰੀ ਕਿਸਨ ਗੁਮਟਾਲੀ, ਰਣਜੀਤ ਸਿੰਘ ਚੀਮਾ, ਜਰਨੈਲ ਸਿੰਘ ਚੀਮਾ, ਚੇਤਨ ਲਾਲ ਚੀਮਾ, ਅਮਰ ਸਿੰਘ ਨਾਹਲ , ਜੁਗਰਾਜ ਸਿੰਘ ਅਜਤਾਨੀ, ਚੂਹੜ ਸਿੰਘ ਕੰਦੋਲਾ, ਸਤਨਾਮ ਸਿੰਘ ਕੰਦੋਲਾ, ਸੰਤੋਖ ਸਿੰਘ ਸੰਧੂ ਬਿਲਗਾ, ਤਰਨਪ੍ਰੀਤ ਸਿੰਘ ਉੱਪਲ, ਮੱਖਣ ਸਿੰਘ ਕੰਦੋਲਾ,ਓਮ ਪ੍ਰਕਾਸ ਕੁੰਦੀ , ਕੁਲਦੀਪ ਸਿੰਘ ਜੌਹਲ, ਨਵੀ ਮਹਿਮੀ ਮੁਨਸੀ, ਰਿੱਕੀ ਖੋਸਲਾ, ਪ੍ਰਵੇਸ਼ ਭਾਰਦਵਾਜ, ਅਸ਼ਵਨੀ ਸੋਂਧੀ , ਟਰੱਕ ਯੂਨੀਅਨ ਦੇ ਸਮੂਹ ਮੈਂਬਰ ਅਤੇ ਡਰਾਈਵਰ ਹਾਜਰ ਸਨ।





# ਉਲੰਪੀਅਨ ਵਰਿੰਦਰ ਸਿੰਘ ਦੀ ਯਾਦ 'ਚ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ

**ਜਲੰਧਰ (ਇਕਬਾਲ ਉੱਭੀ)**

1975 ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਂਬਰ ਉਲੰਪੀਅਨ ਵਰਿੰਦਰ ਸਿੰਘ, ਜਿਨ੍ਹਾਂ ਦਾ ਦੇਹਾਂਤ 28 ਜੂਨ 2022 ਨੂੰ ਹੋ ਗਿਆ ਸੀ, ਦੀ ਯਾਦ ਵਿੱਚ ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ ਦੀਆਂ ਹਾਕੀ ਖਿਡਾਰਣਾਂ ਵਲੋਂ ਕਾਲਜ ਗਰਾਊਂਡ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾਕਟਰ ਨਵਜੋਤ ਕੌਰ, ਕਾਲਜ ਸੁਪਰਡੈਂਟ ਅਮਰਜੀਤ ਸਿੰਘ, ਪ੍ਰੋਫੈਸਰ ਮਨਿੰਦਰ ਕੌਰ, ਹਾਕੀ ਪੰਜਾਬ ਦੇ ਮੈਂਬਰ ਕੁਲਬੀਰ ਸਿੰਘ ਅਤੇ ਕਾਲਜ ਦੀ ਖੇਡ ਵਿਭਾਗ ਦੀ ਮੁੱਖੀ ਪਰਮਿੰਦਰ ਕੌਰ ਨੇ ਵੀ ਇਸ ਮੌਕੇ 'ਤੇ ਹਾਜ਼ਰੀ ਭਰੀ। ਉਲੰਪੀਅਨ ਵਰਿੰਦਰ ਸਿੰਘ ਦੇ ਧਰਮ ਪਤਨੀ ਸ੍ਰੀਮਤੀ ਮਨਜੀਤ ਕੌਰ, ਸਪੁੱਤਰ ਗੁਰਪ੍ਰੀਤ ਕੌਰ, ਨੂੰਹ ਕੁਲਦੀਪ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਾਲਜ ਵਲੋਂ ਵਰਿੰਦਰ ਸਿੰਘ ਦੇ ਪਰਵਾਰ ਨੂੰ ਸਨਮਾਨਿਤ ਕੀਤਾ। ਪ੍ਰਿੰਸੀਪਲ ਡਾਕਟਰ ਨਵਜੋਤ ਕੌਰ ਨੇ ਕਿਹਾ ਕਿ ਉਲੰਪੀਅਨ ਵਰਿੰਦਰ ਸਿੰਘ ਦੇ ਜਾਣ ਨਾਲ ਜਿਥੇ ਪੰਜਾਬ ਦੀ ਹਾਕੀ ਨੂੰ ਵੱਡਾ ਘਾਟਾ ਪਿਆ ਹੈ ਉਥੇ ਨਾਲ ਹੀ ਕਾਲਜ ਦੀ ਹਾਕੀ ਨੂੰ ਵੀ ਵੱਡਾ ਘਾਟਾ ਪਿਆ ਹੈ ਜਿਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਵਰਿੰਦਰ ਸਿੰਘ ਨੇ ਪਿਛਲੇ 7 ਸਾਲ ਤੋਂ ਕਾਲਜ ਦੀਆਂ ਖਿਡਾਰਣਾਂ ਨੂੰ ਹਾਕੀ ਦੇ ਗੁਰ ਸਿਖਾਏ, ਜਿਸ ਦਾ ਨਤੀਜਾ ਉਲੰਪੀਅਨ ਗੁਰਜੀਤ ਕੌਰ ਭਾਰਤੀ ਮਹਿਲਾ ਹਾਕੀ ਟੀਮ ਦਾ ਹਿੱਸਾ ਬਣੀ।



# ਰਿਆਤ-ਬਾਹਰਾ 'ਵਰਸਿਟੀ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਰੈਲੀ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਵੱਲੋਂ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਹੇਠ ਸਵੱਛ ਭਾਰਤ ਅਭਿਆਨ ਤਹਿਤ ਸਵੱਛਤਾ ਅਤੇ ਵਾਤਾਵਰਨ ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ।ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਵੱਲੋਂ ਪ੍ਰਦੂਸ਼ਣ ਰਹਿਤ ਸਵੱਛ ਅਤੇ ਹਰਿਆ ਭਰਿਆ ਵਾਤਾਵਰਨ ਦਾ ਸੁਨੇਹਾ ਦੇਣ ਲਈ ਨਾਅਰੇ ਵੀ ਲਗਾਏ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਇੱਕ ਰੈਲੀ ਵੀ ਕੱਢੀ ਗਈ, ਜਿਸ ਦੀ ਅਗਵਾਈ ਪ੍ਰਦੁਮਨ ਅਤੇ ਕੀਰਤੀ ਨੇ ਕੀਤੀ। ਇਸ ਟੀਮ ਵਿੱਚ ਗੁਰਪਰਨੀਤ ਸਿੰਘ, ਮੀਤ ਕਮਲ ਸਿੰਘ, ਜਸਜੀਤ ਸਿੰਘ ਬਰਾੜ, ਅਮਨਜੋਤ ਸਿੰਘ ਮਾਨ, ਅਨਿਲ ਸ਼ਰਮਾ, ਕੁਵਰ ਕਸੂਲ ਤੋਂ ਇਲਾਵਾ ਗੁਰਸਾਹਿਬ ਹੁੰਦਲ, ਸਵਪਨਪ੍ਰੀਤ ਅਤੇ ਅਮਨਪ੍ਰੀਤ ਫੈਕਲਟੀ ਮੈਂਬਰ ਵੀ ਸ਼ਾਮਲ ਸਨ।ਇਸ ਮੌਕੇ ਯੂਐਸਐਲ ਵਿਖੇ 'ਸਵੱਛ ਵਾਤਾਵਰਨ, ਹਰਾ ਵਾਤਾਵਰਨ' ਵਿਸ਼ੇ 'ਤੇ ਚਾਰਟ ਮੇਕਿੰਗ ਮੁਕਾਬਲਾ ਵੀ ਆਯੋਜਿਤ ਕੀਤਾ ਗਿਆ।ਇਸ ਰੈਲੀ ਨੂੰ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਆਮ ਲੋਕਾਂ ਦੇ ਭਲੇ ਲਈ ਵੱਧ ਤੋਂ ਵੱਧ ਜਾਗਰੂਕਤਾ ਮੁਹਿੰਮਾਂ ਚਲਾਉਣ ਲਈ ਪ੍ਰੇਰਿਤ ਕੀਤਾ।ਡਾ. ਰਿਚਾ ਰੰਜਨ ਡੀਨ ਸਕੂਲ ਆਫ਼ ਲਾਅ ਨੇ ਇਸ ਮੁਹਿੰਮ ਨੂੰ ਆਯੋਜਿਤ ਕਰਨ ਲਈ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।



# ਬੇਗਮਪੁਰਾ ਟਾਈਗਰ ਫੋਰਸ ਨੇ ਨਸ਼ੇ ਦੇ ਵਿਰੋਧ 'ਚ 'ਆਪ' ਦਾ ਪੁਤਲਾ ਫੂਕਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨੌਜਵਾਨ ਦੇਸ਼ ਦਾ ਸਰਮਾਇਆ ਹੁੰਦੇ ਹਨ। ਅੱਜ ਦੇ ਨੌਜਵਾਨਾਂ ਦੇ ਮੋਢਿਆਂ 'ਤੇ ਹੀ ਦੇਸ਼ ਦਾ ਭਵਿੱਖ ਟਿਕਿਆ ਹੋਇਆ ਹੈ। ਇਸ ਲਈ ਪੰਜਾਬ ਭਰ ਵਿੱਚ ਵਗ ਰਹੇ ਨਸ਼ੇ ਦੇ ਛੇਵੇਂ ਦਰਿਆ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਨੂੰ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਕਿਉਂਕਿ ਦੇਸ਼ ਦੀ ਜਵਾਨੀ ਨਸ਼ਿਆਂ ਵਿੱਚ ਪੈ ਕੇ ਖ਼ਤਮ ਹੁੰਦੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਤਰਸੇਮ ਦੀਵਾਨਾ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ ਰਜਿ. ਨੇ ਚੱਬੇਵਾਲ ਵਿਖੇ ਸੰਗਠਨ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਦੀ ਅਗਵਾਈ ਵਿੱਚ ਨਸ਼ਿਆਂ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਸਾੜਨ ਮੌਕੇ ਕੀਤਾ। ਇਸ ਮੌਕੇ ਹਾਜ਼ਰ ਸੰਗਠਨ ਦੇ ਹਲਕਾ ਚੱਬੇਵਾਲ ਤੋਂ ਪ੍ਰਧਾਨ ਸਨੀ ਸੀਣਾ, ਸੰਜੀਵ ਕੁਮਾਰ ਅੱਤੋਵਾਲ ਜਨਰਲ ਸਕੱਤਰ ਪੰਜਾਬ,ਦੋਆਬਾ ਪ੍ਰਧਾਨ ਹੰਸਰਾਜ ਇਸਲਾਮਾਬਾਦ ,ਦੋਆਬਾ ਇੰਚਾਰਜ ਜੱਸਾ ਨੰਦਨ, ਹਰਨੇਕ ਅਜਨੋਹਾ ਸੀਨੀਅਰ ਮੀਤ ਪ੍ਰਧਾਨ ਦੁਆਬਾ , ਜ਼ਿਲ੍ਹਾ ਸਕੱਤਰ ਅਸ਼ੋਕ ਕੁਮਾਰ ਕਟੋਚ, ਸੀਨੀਅਰ ਮੀਤ ਪ੍ਰਧਾਨ ਸ਼ੈਰੀ ਸੁਸ਼ਾਂਤ ਮੰਮਣ ਸਮੇਤ ਸੰਗਠਨ ਦੇ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਦੌਰਾਨ ਸੰਗਠਨ ਦੇ ਸੀਨੀਅਰ ਮੀਤ ਪ੍ਰਧਾਨ ਦੋਆਬਾ ਹਰਨੇਕ ਅਜਨੋਹਾ ਨੇ ਕਿਹਾ ਕਿ ਜਿੱਥੇ ਪੰਜਾਬ ਭਰ ਵਿਚ ਨਸ਼ੇ ਨੇ ਆਪਣੇ ਪੈਰ ਪਸਾਰੇ ਹੋਏ ਹਨ। ਇਸੇ ਤਰ੍ਹਾਂ ਥਾਣਾ ਮੇਹਟੀਆਣਾ ਦੇ ਇਲਾਕੇ ਵਿੱਚ ਵੀ ਨਸ਼ੇ ਦੀ ਕਾਫ਼ੀ ਭਰਮਾਰ ਹੈ ਅਤੇ ਨਸ਼ਾ ਖੁੱਲ੍ਹੇਆਮ ਵਿਕ ਰਿਹਾ ਹੈ। ਪਰੰਤੂ ਪੁਲਸ ਪ੍ਰਸ਼ਾਸਨ ਵੱਲੋਂ ਮਾਈਨਿੰਗ ਤੋਂ ਇਲਾਵਾ ਹੋਰ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਮੌਕੇ ਸੰਗਠਨ ਵੱਲੋਂ ਮੰਗ ਕੀਤੀ ਗਈ ਹੈ ਕਿ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਨਸ਼ਾ ਤਸਕਰਾਂ 'ਤੇ ਸਖ਼ਤੀ ਵਰਤਣੀ ਚਾਹੀਦੀ ਹੈ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ੇ ਦੇ ਛੇਵੇਂ ਦਰਿਆ ਵਿਚ ਵਹਿਣ ਤੋਂ ਰੋਕਿਆ ਜਾ ਸਕੇ। ਸੰਗਠਨ ਦੇ ਵੱਖ ਵੱਖ ਅਹੁਦੇਦਾਰਾਂ ਨੇ ਸ਼ਰ੍ਹੇਆਮ ਵਿਕ ਰਹੇ ਨਸ਼ੇ ਦੇ ਸੰਬੰਧ ਵਿਚ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਵੱਲੋਂ ਨਸ਼ੇ ਦੇ ਖ਼ਿਲਾਫ਼ ਇਸੇ ਤਰ੍ਹਾਂ ਹੀ ਢਿੱਲ ਵਰਤੀ ਜਾਂਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੀ ਜਵਾਨੀ ਮੁੱਢ ਤੋਂ ਹੀ ਖ਼ਤਮ ਹੋ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕੁਮਾਰ ਜੱਲੋਵਾਲ, ਕਮਲਜੀਤ ਮਾਂਝੀ ਸੀਨੀਅਰ ਬਲਾਕ ਪ੍ਰਧਾਨ, ਰਾਮਜੀ ਡਾਡਾ ਪ੍ਰਧਾਨ, ਮਨਜੀਤ ਬਲਾਕ ਵਾਈਸ ਪ੍ਰਧਾਨ, ਅਮਨਦੀਪ ਜਨਰਲ ਸਕੱਤਰ, ਮਨੀਸ਼ ਕੁਮਾਰ ਬਲਾਕ ਸਕੱਤਰ, ਲਖਵਿੰਦਰ ਸਿੰਘ, ਦਵਿੰਦਰ ਕੁਮਾਰ, ਨਿਤਿਨ ਕੁਮਾਰ, ਸੰਦੀਪ ਕੁਮਾਰ, ਬਿਸ਼ਨਪਾਲ ਸ਼ਹਿਰੀ ਪ੍ਰਧਾਨ, ਗਿਆਨ ਚੰਦ ਠਰੋਲੀ ਆਦਿ ਹਾਜ਼ਰ ਸਨ।



# ਹਦੀਆਬਾਦ ਵਿਖੇ ਸ਼ਰਧਾ ਨਾਲ ਮਨਾਇਆ ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਫਗਵਾੜਾ ਦੇ ਮੁਹੱਲਾ ਹਦੀਆਬਾਦ (ਪੁਰਾਣਾ ਸ਼ਹਿਰ) ਵਿਖੇ ਆਦਿ ਗੁਰੂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਭਗਵਾਨ ਵਾਲਮੀਕਿ ਮੰਦਰ ਤੋਂ ਵਿਸ਼ਾਲ ਸ਼ੋਭਾ ਯਾਤਰਾ ਵੀ ਸਜਾਈ ਗਈ ਜਿਸਦਾ ਸੰਗਤਾਂ ਵਲੋਂ ਥਾਂ-ਥਾਂ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਸ਼ੋਭਾ ਯਾਤਰਾ ਦਾ ਰਿਬਨ ਕੱਟ ਕੇ ਸ਼ੁੱਭ ਆਰੰਭ ਕਰਵਾਉਣ ਉਪਰੰਤ ਭਗਵਾਨ ਵਾਲਮੀਕਿ ਜੀ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਉਹਨਾਂ ਸਮੂਹ ਸੰਗਤ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਜੀ ਨੇ ਯੋਗ ਵਸ਼ਿਸ਼ਠ ਤੇ ਰਾਮਾਇਣ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸੰਸਾਰ ਨੂੰ ਮਰਯਾਦਾ 'ਚ ਰਹਿਣ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਦੀਆਂ ਰਚਨਾਵਾਂ ਰਹਿੰਦੀ ਦੁਨੀਆ ਤੱਕ ਸੰਸਾਰ ਸੇਧ ਦਿੰਦੀਆਂ ਰਹਿਣਗੀਆਂ। ਇਸ ਮੌਕੇ ਬਾਬਾ ਸੋਮਨਾਥ ਸਿੱਧੂ ਕੁੱਲੇ ਵਾਲੀ ਸਰਕਾਰ ਅਤੇ ਜਯੋਤੀ ਬਾਲਾ ਮੱਟੂ ਨਿਗਮ ਕਮਿਸ਼ਨਰ ਮੋਗਾ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਸ. ਮਾਨ ਅਤੇ ਹੋਰਨਾਂ ਨੂੰ ਪ੍ਰਬੰਧਕਾਂ ਵਲੋਂ ਸਿਰੋਪੇ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਸ਼ੀਤਲ ਪਲਾਹੀ, ਦਲਜੀਤ ਰਾਜੂ ਦਰਵੇਸ਼ ਪਿੰਡ, ਅਵਤਾਰ ਸਿੰਘ ਸਰਪੰਚ ਪੰਡਵਾ, ਕ੍ਰਿਸ਼ਨ ਕੁਮਾਰ ਹੀਰੋ, ਕਾਂਗਰਸੀ ਆਗੂ ਅਸ਼ੋਕ ਪਰਾਸ਼ਰ, ਸਾਬਕਾ ਕੌਂਸਲਰ ਸਰਬਜੀਤ ਕੌਰ, ਪ੍ਰਿਤਪਾਲ ਕੌਰ ਤੁਲੀ, ਰਾਜਾ ਕੌਂਸਲਰ, ਨਰੇਸ਼ ਸ਼ਰਮਾ, ਧਰਮਵੀਰ ਸੇਠੀ, ਸਤਪਾਲ, ਸੌਰਵ ਹਾਂਡਾ, ਆਸ਼ੂ ਸਹੋਤਾ ਆਦਿ ਹਾਜ਼ਰ ਸਨ।





# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 115ਵੇਂ ਜਨਮ ਦਿਵਸ ਨੂੰ ਸਮਰਪਿਤ ਹਾਫ ਮੈਰਾਥਨ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਜ਼ਿਲ੍ਹਾ ਪ੍ਰਸ਼ਾਸਨ ਦੀ ਰਹਿਨੁਮਾਈ ਹੇਠ ਐਤਵਾਰ ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ 115ਵੇਂ ਜਨਮ ਦਿਵਸ ਨੂੰ ਸਮਰਪਿਤ ਹਾਫ ਮੈਰਾਥਨ 'ਦੌੜ ਜਲੰਧਰ' ਕਰਵਾਈ ਗਈ, ਜਿਸ ਦਾ ਆਗਾਜ਼ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਤੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਝੰਡੀ ਦੇ ਕੇ ਕੀਤਾ ਅਤੇ ਖੁਦ ਦੌੜ ਵਿੱਚ ਹਿੱਸਾ ਲੈਂਦਿਆਂ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਨਸ਼ਾ ਰਹਿਤ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੱਦਾ ਦਿੱਤਾ। ਵਨ ਰੇਸ ਤੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਦੇ ਸਹਿਯੋਗ ਨਾਲ ਪੰਜ, 10 ਅਤੇ 21.1 ਕਿਲੋਮੀਟਰ ਸਮੇਤ ਤਿੰਨ ਕੈਟਾਗਰੀਜ਼ ਵਿੱਚ ਕਰਵਾਈ ਗਈ ਹਾਫ ਮੈਰਾਥਨ ਵਿੱਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੇ ਭਾਗ ਲਿਆ। ਇਸ ਮੌਕੇ ਜਿਥੇ ਵੈਟਰਨ ਅਥਲੀਟ ਫੌਜਾ ਸਿੰਘ, ਫੌਜ ਦੇ ਸੇਵਾਮੁਕਤ ਅਧਿਕਾਰੀ, ਕਾਰਗਿਲ ਜੰਗ ਦੇ ਹੀਰੋ ਤੇ ਨਾਮੀ ਦੌੜਾਕ ਮੇਜਰ ਡੀ.ਪੀ. ਸਿੰਘ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਸਾਬਕਾ ਮੰਤਰੀ ਅਮਰਜੀਤ ਸਿੰਘ ਸਮਰਾ ਸਮੇਤ ਨਾਮੀ ਸ਼ਖ਼ਸੀਅਤਾਂ ਨੇ ਭਾਗੀਦਾਰਾਂ ਦੀ ਹੌਸਲਾ ਅਫਜ਼ਾਈ ਲਈ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਉਥੇ ਜਲੰਧਰ ਦੇ ਨਾਲ-ਨਾਲ ਹੋਰਨਾਂ ਜ਼ਿਲ੍ਹਿਆਂ ਅਤੇ ਦੂਜੇ ਰਾਜਾਂ ਤੋਂ ਤਿੰਨ ਹਜ਼ਾਰ ਤੋਂ ਵੱਧ ਭਾਗੀਦਾਰਾਂ ਨੇ ਭਾਗ ਲਿਆ। ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਾਂਝਾ ਹੰਭਾਲ ਮਾਰਨ ਦਾ ਸੱਦਾ ਦਿੰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਸੂਬਾ ਵਾਸੀਆਂ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਹਾਲ ਹੀ ਵਿੱਚ ਸੂਬੇ ਭਰ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਗਈਆਂ।



ਲੋਕਾਂ ਨੂੰ ਸੂਬਾ ਸਰਕਾਰ ਵੱਲੋਂ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਬਲਾਕ ਪੱਧਰ ਤੱਕ ਅਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਖੇਡਾਂ ਪ੍ਰਤੀ ਉਤਸ਼ਾਹਿਤ ਹੁੰਦੀ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਿਹਤਮੰਦ ਜੀਵਨ ਲਈ ਸਰੀਰਿਕ ਗਤੀਵਿਧੀਆਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ, ਜਿਸ ਦੇ ਲਈ ਹਰੇਕ ਵਿਅਕਤੀ ਨੂੰ ਕੋਈ ਨਾ ਕੋਈ ਖੇਡ ਜ਼ਰੂਰ ਖੇਡਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿੰਦਿਆਂ ਆਪਣੀ ਊਰਜਾ ਉਸਾਰੂ ਕਾਰਜਾਂ ਵਿੱਚ ਲਾਉਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਨੌਜਵਾਨਾਂ ਨੂੰ ਹਰ ਹਾਲਤ ਵਿੱਚ ਸਕਾਰਾਤਮਕ ਰਹਿਣ ਦੀ ਸਲਾਹ ਦਿੰਦਿਆਂ ਸ਼ਹਿਰ ਵਾਸੀਆਂ ਨੂੰ ਜਲੰਧਰ ਨੂੰ ਸਾਫ-ਸੁਥਰਾ ਤੇ ਹਰਿਆ-ਭਰਿਆ ਬਣਾਉਣ ਦਾ ਪ੍ਰਣ ਲੈਣ ਲਈ ਵੀ ਕਿਹਾ। ਇਸ ਤੋਂ ਪਹਿਲਾਂ ਵਿਧਾਇਕ ਤੇ ਡਿਪਟੀ ਕਮਿਸ਼ਨਰ ਵੱਲੋਂ ਹਾਫ ਮੈਰਾਥਨ ਦੇ ਜੇਤੂਆਂ ਨੂੰ ਸਨਮਾਨਿਤ ਵੀ ਕੀਤਾ ਗਿਆ। 21.1 ਕਿਲੋਮੀਟਰ ਪੁਰਸ਼ ਵਿੱਚ ਸਾਹਿਲ ਗਿੱਲ ਤੇ ਮਹਿਲਾਵਾਂ ਵਿੱਚੋਂ ਏਕਤਾ ਨੇ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ 10 ਕਿਲੋਮੀਟਰ ਵਰਗ ਵਿੱਚ ਪੁਰਸ਼ਾਂ 'ਚੋਂ ਤਰੁਣ ਕੁਮਾਰ ਤੇ ਮਹਿਲਾਵਾਂ ਵਿੱਚੋਂ ਗੁਰਪ੍ਰੀਤ ਕੌਰ ਅਤੇ 5 ਕਿਲੋਮੀਟਰ ਵਰਗ ਪੁਰਸ਼ਾਂ ਵਿੱਚ ਤੁਸ਼ਾਰ ਦਹੀਆ ਅਤੇ ਮਹਿਲਾਵਾਂ ਵਿੱਚ ਅੰਜੂ ਯਾਦਵ ਜੇਤੂ ਰਹੇ। ਜ਼ਿਕਰਯੋਗ ਹੈ ਕਿ ਵਿਧਾਇਕ ਇੰਦਰਜੀਤ ਕੌਰ ਨੇ ਜਿਥੇ ਪਰਿਵਾਰ ਸਮੇਤ 5 ਕਿਲੋਮੀਟਰ ਦੌੜ ਵਿੱਚ ਹਿੱਸਾ ਲਿਆ ਉਥੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਸਰੀਨ, ਐਸ.ਡੀ.ਐਮ. ਜੈ ਇੰਦਰ ਸਿੰਘ ਤੇ ਬਲਬੀਰ ਰਾਜ ਸਿੰਘ, ਏ.ਡੀ.ਸੀ.ਪੀ. ਆਦਿਤਿਆ, ਸਹਾਇਕ ਕਮਿਸ਼ਨਰ (ਯੂ.ਟੀ.) ਪੰਕਜ ਬਾਂਸਲ, ਜ਼ਿਲ੍ਹਾ ਖੇਡ ਅਫਸਰ ਲਵਜੀਤ ਸਿੰਘ ਸਮੇਤ ਹੋਰਨਾਂ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਇੰਡੀਆ ਖਾਲਸਾ ਏਡ ਦੇ ਸੀ.ਈ.ਓ ਅਮਰਪ੍ਰੀਤ ਸਿੰਘ, ਕੈਪੀਟਲ ਸਮਾਲ ਫਾਇਨਾਂਸ ਬੈਂਕ ਦੇ ਐਮ.ਡੀ. ਸਰਵਜੀਤ ਸਿੰਘ ਸਮਰਾ ਆਦਿ ਮੌਜੂਦ ਸਨ।

# ਸ਼ਹੀਦ ਚੌਕ ਟਾਂਡਾ ਤੋਂ ਸ਼ਿਮਲਾ ਪਹਾੜੀ ਤੱਕ ਕੈਂਡਲ ਮਾਰਚ ਅੱਜ

**ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ)**

ਬੀਤੇ ਦਿਨੀ ਮੰਗਲਵਾਰ ਨੂੰ ਟਾਂਡਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਅਮਰੀਕਾ ਵਿਚ ਬੇਰਹਿਮੀ ਨਾਲ ਕਤਲ ਕੀਤੇ ਗਏ ਜਸਦੀਪ ਸਿੰਘ, ਜਸਲੀਨ ਕੌਰ, ਅਮਨਦੀਪ ਸਿੰਘ ਅਤੇ ਛੋਟੀ ਬੱਚੀ ਅਰੂਹੀ ਢੇਰੀ ਨੂੰ ਸ਼ਰਧਾਂਜਲੀ ਦੇਣ ਲਈ ਸ਼ਹੀਦ ਚੌਕ ਟਾਂਡਾ ਤੋਂ ਸ਼ਿਮਲਾ ਪਹਾੜੀ ਤਕ ਕੈਂਡਲ ਮਾਰਚ ਕੀਤਾ ਜਾਵੇਂਗਾ। ਸੈਣੀ ਯੂਥ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਨਰਿੰਦਰ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ ਤਹਿਤ ਪੰਜਾਬ ਪ੍ਰਧਾਨ ਅਮਰਜੀਤ ਸਿੰਘ ਢਾਡੇਕਟਵਾਲ ਸੂਬਾ ਜਨਰਲ ਸਕਤਰ ਗੁਰਜਿੰਦਰ ਸਿੰਘ ਮੰਝਪੁਰ, ਸੂਬਾ ਕੋਰ ਕਮੇਟੀ ਮੈਂਬਰ ਤਰਲੋਚਨ ਸਿੰਘ ਬਿੱਟੂ ਅਤੇ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੀ ਅਗਵਾਈ 'ਚ ਕੀਤਾ ਜਾਵੇਗਾ। ਸੈਣੀ ਯੂਥ ਫੈਡਰੇਸ਼ਨ ਦੀ ਟਾਂਡਾ ਇਕਾਈ ਦੇ ਪ੍ਰਧਾਨ ਜਸਪ੍ਰੀਤ ਜਾਜਾ, ਵਾਇਸ ਪ੍ਰਧਾਨ ਜਸਪ੍ਰੀਤ ਸੈਣੀ ਦੀ ਦੇਖ ਰੇਖ 'ਚ ਕਰਵਾਏ ਜਾ ਰਹੇ ਕੈਂਡਲ ਮਾਰਚ ਵਿਚ ਲੋਕ ਇਨਕੁਲਾਬ ਮੰਚ, ਦੋਆਬਾ ਕਿਸਾਨ ਕਮੇਟੀ ਪੰਜਾਬ, ਤਰਕਸ਼ੀਲ ਸੋਸਾਇਟੀ ਇਕਾਈ ਅੱਡਾ ਸਰਾਂ, ਮੀਡਿਆ ਫੋਰਸ ਪੰਜਾਬ, ਸੀਨੀਅਰ ਸਿਟੀਜ਼ਨ ਵੇਲਫੇਅਰ ਸੋਸਾਇਟੀ ਟਾਂਡਾ, ਗੁਰੂ ਹਰਕ੍ਰਿਸ਼ਨ ਜੀਵਨ ਜੋਤ ਵੇਲਫੇਅਰ ਸੋਸਾਇਟੀ ਅਤੇ ਸ਼ਹਿਰ ਦੀਆ ਹੋਰ ਸਵੈ ਸੇਵੀ ਸੰਸਥਾਵਾਂ ਇਸ ਕੈਂਡਲ ਮਾਰਚ 'ਚ ਹਿੱਸਾ ਲੈਣਗੀਆਂ। ਇਹ ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਸੂਬਾ ਜਨਰਲ ਸਕਤਰ ਗੁਰਜਿੰਦਰ ਸਿੰਘ ਮੰਝਪੁਰ ਅਤੇ ਤਰਲੋਚਨ ਸਿੰਘ ਬਿੱਟੂ ਨੇ ਦੱਸਿਆ ਕਿ ਇਹ ਕੈਂਡਲ ਮਾਰਚ 11 ਅਕਤੂਬਰ ਦਿਨ ਮੰਗਲਵਾਰ ਨੂੰ ਸ਼ਾਮ 5 ਵਜੇ ਟਾਂਡਾ ਦੇ ਸ਼ਹੀਦ ਚੌਕ ਤੋਂ ਸ਼ੁਰੂ ਹੋ ਕੇ ਸ਼ਿਮਲਾ ਪਹਾੜੀ ਜਾ ਕੇ ਸਮਾਪਤ ਹੋਏਗਾ, ਉਨ੍ਹਾਂ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਇਸਸ਼ਸਰਧਾਂਜਲੀ ਸਮਾਗਮ ਵਿਚ ਜਰੂਰ ਸ਼ਾਮਲ ਹੋਣ।

# ਕੈਲਫੋਰਨੀਆ 'ਚ ਮਾਰੇ ਗਏ ਜੀਆਂ ਦੇ ਪਰਵਾਰਾਂ ਨਾਲ ਵਿਧਾਇਕ ਕੋਟਲੀ ਨੇ ਕੀਤਾ ਦੁੱਖ ਪ੍ਰਗਟ

**ਭੋਗਪੁਰ: (ਗੁਰਪ੍ਰੀਤ ਸਿੰਘ ਭੋਗਲ)**

ਪਿਛਲੇ ਦਿਨੀ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਵਿਚ ਕਤਲ ਕੀਤੇ ਗਏ ਇੱਕੋ ਪਰਵਾਰ ਦੇ 4 ਜੀਆਂ ਦੇ ਬਲਾਕ ਭੋਗਪੁਰ ਦੇ ਪਿੰਡ ਖਰਲ ਕਲਾਂ ਤੇ ਪਿੰਡ ਜੰਡੀਰ ਰਹਿ ਰਹੇ ਪਰਵਾਰਾਂ ਨਾਲ ਕਾਂਗਰਸ ਪਾਰਟੀ ਵੱਲੋ ਦੁੱਖ ਸਾਂਝਾ ਕੀਤਾ ਗਿਆ । ਜਿਸ ਵਿੱਚ ਹਲਕਾ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਪ੍ਰਧਾਨ ਅਸ਼ਵਿਨ ਭੱਲਾ ਵੱਲੋਂ ਪਿੰਡ ਜੰਡੀਰ ਦੀ ਮ੍ਰਿਤਕ ਲੜਕੀ ਜਸਲੀਨ ਕੌਰ, ਦੋਹਤੀ ਅਰੂਹੀ ਤੇ ਜਵਾਈ ਜਸਦੀਪ ਸਿੰਘ ਦੇ ਪਰਵਾਰਕ ਮੈਂਬਰ ਪਿਤਾ ਸਤਨਾਮ ਸਿੰਘ ਸੈਣੀ ਤੇ ਮ੍ਰਿਤਕ ਅਮਨਦੀਪ ਸਿੰਘ ਦੇ ਸਹੁਰਾ ਪਰਵਾਰ ਪਿੰਡ ਖਰਲ ਕਲਾਂ ਵਿਖੇ ਮੁਲਾਕਾਤ ਕਰਦਿਆਂ ਦੁੱਖ ਸਾਂਝਾ ਕੀਤਾ ਗਿਆ। ਉਨ੍ਹਾਂ ਨੇ ਪਰਵਾਰ ਨੂੰ ਹੌਂਸਲਾ ਦਿੰਦਿਆ ਕਿਹਾ ਕਿ ਪੂਰੀ ਕਾਂਗਰਸ ਪਾਰਟੀ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਵਾਰ ਦੇ ਨਾਲ ਹੈ। ਪਿੰਡ ਖਰਲਾਂ ਦੇ ਸਵਰਗਵਾਸੀ ਮਾਸਟਰ ਜਸਵੰਤ ਸਿੰਘ ਦੀ ਬੇਟੀ ਜਸਪ੍ਰੀਤ ਕੌਰ ਦੇ ਪਤੀ ਅਮਨਦੀਪ ਸਿੰਘ ਜੋ ਇਸ ਘਟਨਾ 'ਚ ਮਾਰੇ ਗਏ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਵੀ ਕੋਟਲੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ । ਸਵ:ਜਸਵੰਤ ਸਿੰਘ ਦੇ ਭਰਾ ਸੇਵਾ ਮੁਕਤ ਮਾਸਟਰ ਤਰਲੋਕ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਲਈ ਇਸ ਦੁੱਖ ਦੀ ਘੜੀ ਵਿਚ ਪਰਵਾਰ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਨ ਅਤੇ ਇਸ ਘਟਨਾ ਦੀ ਜਾਂਚ ਲਈ ਉਹ ਪੰਜਾਬ ਅਤੇ ਭਾਰਤ ਸਰਕਾਰ 'ਤੇ ਦਬਾਅ ਬਣਾਉਣਗੇ। ਇਸ ਮੌਕੇ ਉਹਨਾਂ ਨਾਲ ਸੈਣੀ ਭਲਾਈ ਬੋਰਡ ਪੰਜਾਬ ਦੇ ਡਾਇਰੈਕਟਰ ਭੁਪਿੰਦਰ ਸਿੰਘ ਸੈਣੀ , ਮਾਰਕੀਟ ਕਮੇਟੀ ਭੋਗਪੁਰ ਦੇ ਚੇਅਰਮੈਨ ਸਰਬਜੀਤ ਸਿੰਘ ,ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਸਿੰਘ ਮੱਲੀ ,ਜਨਰਲ ਸਕੱਤਰ ਜਸਵੀਰ ਸਿੰਘ ਸੈਣੀ ਤੇ ਕਾਂਗਰਸ ਦੇ ਹੋਰ ਸਰਗਰਮ ਆਗੂ ਹਾਜ਼ਰ ਸਨ।



# ਨਜਾਇਜ਼ ਮਾਈਨਿੰਗ ਨੂੰ ਰੋਕਣ ਲਈ ਭੱਲੜੀ ਵਿਖੇ ਇਕੱਠ ਹੋਇਆ



**ਭਲਾਣ (ਹਰਭਜਨ ਢਿੱਲੋਂ)**

ਡੀਸਿਲਟਿੰਗ ਦੇ ਨਾਂਅ 'ਤੇ ਸਤਲੁਜ ਦਰਿਆ ਵਿਚੋਂ ਨਜਾਇਜ਼ ਮਾਈਨਿੰਗ ਬੰਦ ਕਰਵਾਉਣ ਲਈ ਇਲਾਕਾ ਸੰਘਰਸ਼ ਕਮੇਟੀ ਦੇ ਸਹਿਯੋਗ ਨਾਲ ਮਹਾਂ ਪੰਚਾਇਤ ਦਾ ਪਿੰਡ ਭੱਲੜੀ ਵਿਖੇ ਸਰਪੰਚ ਹਰਪਾਲ ਸਿੰਘ ਝਾਂਗਰਾ ਦੀ ਪ੍ਰਧਾਨਗੀ ਹੇਠ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਵੱਡਾ ਇਕੱਠ ਹੋਇਆ। ਜਿਸ ਵਿੱਚ ਵੱਖ ਵੱਖ ਬੁਲਾਰਿਆਂ ਕਾਮਰੇਡ ਸੁਰਜੀਤ ਸਿੰਘ ਢੇਰ, ਸਰਪੰਚ ਅਮਨਦੀਪ ਭਲਾਣ, ਹਰਦੇਵ ਸਿੰਘ ਐਲਗਰਾਂ, ਕਾਮਰੇਡ ਤਰਸੇਮ ਸਿੰਘ ਭੱਲੜੀ, ਟਿੱਕਾ ਯਸ਼ਵੀਰ ਚੰਦ ਭਲਾਣ, ਮਾਸਟਰ ਗੁਰਨੈਬ ਸਿੰਘ ਜੇਤੇਵਾਲ, ਜੈਮਲ ਸਿੰਘ ਭੜੀ, ਗੁਰਨਾਮ ਸਿੰਘ ਭੰਗਲ, ਹਰਜਾਪ ਸਿੰਘ ਹਾਜੀਪੁਰ, ਸਰਪੰਚ ਵਰਿੰਦਰ ਵਿੱਕੀ ਨਾਨਗਰਾਂ, ਐਡਵੋਕੇਟ ਵਿਸ਼ਾਲ ਸੈਣੀ ਭਨਾਮ ਆਦਿ ਨੇ ਸਾਂਝੇ ਤੌਰ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡੀਸਿਲਟਿੰਗ ਦੇ ਨਾਂਅ ਉੱਤੇ ਬੇਲਾ ਧਿਆਨੀ ਤੋਂ ਚੰਦਪੁਰ ਬੇਲੇ ਤੱਕ ਸਤਲੁਜ ਦਰਿਆ ਵਿੱਚ ਮਾਈਨਿੰਗ ਹੋਣੀ ਹੈ। ਉਹ ਬਿਲਕੁਲ ਨਾਜਾਇਜ਼ ਹੈ। ਇਸੇ ਤਰ੍ਹਾਂ ਸੂਰੇਵਾਲ ਤੋਂ ਹਰਸੇ ਬੇਲੇ ਤੱਕ ਸਵਾਂ ਨਦੀ ਉੱਤੇ ਜਾਇਜ਼ ਮਾਈਨਿੰਗ ਦੀ ਆੜ ਹੇਠ ਨਾਜਾਇਜ਼ ਮਾਈਨਿੰਗ ਹੋਣੀ ਹੈ। ਸਤਲੁਜ ਦਰਿਆ ਅਤੇ ਸੁਆਂ ਨਦੀ ਉਤੇ ਜਿਸ ਨੂੰ ਇਲਾਕਾ ਸੰਘਰਸ਼ ਕਮੇਟੀ ਵੱਲੋਂ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਰੋਕਣਾ ਬਹੁਤ ਜ਼ਰੂਰੀ ਹੈ। ਕਿਉਂਕਿ ਸੁਆਂ ਨਦੀ ਵਿੱਚ ਪਹਿਲਾਂ ਹੀ ਅਕਾਲੀ ਭਾਜਪਾ ਤੇ ਕਾਂਗਰਸ ਦੀ ਸਰਕਾਰ ਦੇ ਰਾਜ ਵੇਲੇ 50 ਤੋਂ 60 ਫੁੱਟ ਤੱਕ ਨਜਾਇਜ਼ ਮਾਈਨਿੰਗ ਕੀਤੀ ਹੋਈ ਹੈ। ਜਿਸ ਕਰਕੇ ਖੂਹਾਂ ਅਤੇ ਬੋਰਾਂ ਦੇ ਪਾਣੀ ਦਾ ਪੱਧਰ ਕਾਫੀ ਥੱਲੇ ਜਾ ਚੁੱਕਿਆ ਹੈ। ਹੁਣ ਕਿਸਾਨ ਮਹਿੰਗੇ ਭਾਅ ਦੇ ਬੋਰ ਨਹੀਂ ਕਰਵਾ ਸਕਦੇ। ਜਿਸ ਨਾਲ ਉਪਜਾਊ ਜ਼ਮੀਨ ਬੰਜਰ ਬਣ ਕੇ ਰਹਿ ਜਾਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਨਜਾਇਜ਼ ਮਾਈਨਿੰਗ ਨੂੰ ਹਰ ਹਾਲਤ ਵਿੱਚ ਰੋਕਣਾ ਬਹੁਤ ਜ਼ਰੂਰੀ ਹੋਵੇਗਾ। ਇਸ ਮੌਕੇ ਵੱਡੇ ਇਕੱਠ ਦੇ ਲੋਕਾਂ ਨੇ ਸੰਘਰਸ਼ ਕਮੇਟੀ ਦਾ ਪੂਰਾ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ ਹੈ ਅਤੇ ਸਾਰਿਆਂ ਨੇ ਕਿਹਾ ਹੈ ਕਿ ਇਹ ਨਜਾਇਜ਼ ਮਾਈਨਿੰਗ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਪੰਚ ਮਹਿੰਦਰ ਸਿੰਘ ਦਿਆਲ, ਸਤਵਿੰਦਰ ਸਿੰਘ ਭੰਗਲ, ਸੁਰਜੀਤ ਸਿੰਘ, ਸੈਕਟਰੀ ਗੁਰਨਾਮ ਸਿੰਘ, ਮਨਜੀਤ ਸਿੰਘ, ਕਰਨੈਲ ਸਿੰਘ, ਨਾਰੰਗ ਸਿੰਘ, ਭਾਗ ਸਿੰਘ, ਕਮਲ ਸਿੰਘ ਮਜਾਰੀ, ਤਿਲਕ ਸਿੰਘ, ਬਖਸ਼ੀਸ਼ ਸਿੰਘ ਹਾਜੀਪੁਰ, ਦਲੇਲ ਸਿੰਘ ਭੱਲੜੀ, ਸਾਬਕਾ ਸਰਪੰਚ ਜਸਵਿੰਦਰ ਸਿੰਘ ਦਿਆਪੁਰ, ਜਗਤਾਰ ਸਿੰਘ ਸੈਕਟਰੀ, ਜਸਵਿੰਦਰ ਬੇਲਾ, ਚੰਨਣ ਸਿੰਘ, ਕਾਕੂ ਖੇੜਾ ਕਲਮੋਟ, ਪੰਮੀ ਖੇੜਾ ਕਲਮੋਟ, ਜੋਗਿੰਦਰ ਸਿੰਘ, ਮਾਸਟਰ ਤਰਸੇਮ ਭਨਾਮ, ਵਰਜੀਤ ਸਿੰਘ ਲੱਕੀ, ਗੁਰਦੇਵ ਸਿੰਘ, ਸੀਸ ਭਾਲੜੂ, ਬਿੱਕਰ ਸਿੰਘ, ਗੁਰਦੀਪ ਸਿੰਘ ਮਜ਼ਾਰਾ, ਹਰਜੀਤ ਸਿੰਘ, ਚੌਧਰੀ ਭਗਤ ਰਾਮ ਭੀਖਾਪੁਰ ਅਤੇ ਵੱਖ ਵੱਖ ਪਿੰਡਾਂ ਤੋਂ ਲੋਕਾਂ ਦਾ ਵੱਡਾ ਇਕੱਠ ਸੀ।

# ਸਰਕਾਰੀ ਮਿਡਲ ਸਕੂਲ ਲੋਹਗੜ੍ਹ 'ਚ ਬੱਚਿਆਂ ਦੇ ਕੋਰੋਨਾ ਵੈਕਸੀਨ ਲਗਾਈ



**ਮਹਿਤਪੁਰ (ਰਾਜਾ)** ਸਰਕਾਰੀ ਮਿਡਲ ਸਕੂਲ ਲੋਹਗੜ੍ਹ ਵਿਚ 12 ਸਾਲ ਤੋਂ 14 ਸਾਲ ਦੇ ਬੱਚਿਆਂ ਦੇ ਕੋਰੋਨਾ ਵੈਕਸੀਨ ਲਗਾਈ ਗਈ। ਇਸ ਮੌਕੇ ਡਾ. ਸੁਖਮਨੀ ਚੀਮਾ ਤੇ ਬਲਵਿੰਦਰ ਕੌਰ ਏ. ਐੱਨ. ਐੱਮ ਹਾਜ਼ਰ ਸਨ। ਕੁੱਲ 6 ਬੱਚਿਆਂ ਦੇ ਵੈਕਸੀਨ ਲਗਾਈ ਗਈ। ਸਕੂਲ ਦੇ ਚੇਅਰਮੈਨ ਇਕਬਾਲ ਸਿੰਘ ਨੇ ਡਾ. ਸੁਖਮਨੀ ਚੀਮਾ ਤੇ ਬਲਵਿੰਦਰ ਕੌਰ ਏ. ਐੱਨ. ਐੱਮ ਦਾ ਧੰਨਵਾਦ ਕੀਤਾ। ਇਸ ਮੌਕੇ ਆਸ਼ਾ ਵਰਕਰ ਰੁਪਿੰਦਰ ਕੌਰ ਅਤੇ ਹਰਵਿੰਦਰ ਕੌਰ ਵੀ ਹਾਜ਼ਰ ਸਨ।

# ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਵਫਦ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਨਾਲ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਫਦ ਵਲੋਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਵਿਰਦੀ ਦੀ ਅਗਵਾਈ ਹੇਠ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪ੍ਰੀਤ ਮਹਿੰਦਰ ਨਾਲ ਮੀਟਿੰਗ ਕੀਤੀ ਗਈ ਕੀਤੀ ਗਈ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੀ ਜ਼ਿਲ੍ਹਾ ਸਕੱਤਰ ਦੀਪਾਂਜਲੀ ਭੱਟੀ ਨੇ ਦੱਸਿਆ ਕਿ ਅੱਜ ਦੀ ਕੀਤੀ ਗਈ ਇਸ ਪਲੇਠੀ ਮੀਟਿੰਗ ਵਿੱਚ ਡਾ. ਪ੍ਰੀਤ ਮਹਿੰਦਰ ਨੂੰ ਹੁਸ਼ਿਆਰਪੁਰ ਵਿਖੇ ਬਤੌਰ ਸਿਵਲ ਸਰਜਨ ਜੁਆਇਨ ਕਰਨ 'ਤੇ ਜੀ ਆਇਆਂ ਆਖਦਿਆਂ ਵਧਾਈ ਦਿੱਤੀ ਗਈ। ਮੀਟਿੰਗ ਦੌਰਾਨ ਆਗੂਆਂ ਨੇ ਦੱਸਿਆ ਕਿ ਜਥੇਬੰਦੀ ਵਲੋਂ ਲਗਭਗ ਹਰ ਮਹੀਨੇ ਜ਼ਿਲ੍ਹੇ ਦੇ ਫਾਰਮੇਸੀ ਅਫਸਰਾਂ ਦੀਆਂ ਮੰਗਾਂ ਸਬੰਧੀ ਅਗਾਊਂ ਦਿੱਤੇ ਮੰਗ ਪੱਤਰ ਤੇ ਮੀਟਿੰਗ ਕੀਤੀ ਜਾਂਦੀ ਹੈ ਅਤੇ ਜਾਇਜ਼ ਮੰਗਾਂ ਨੂੰ ਹੱਲ ਕਰਨ ਸੰਬੰਧੀ ਸਿਵਲ ਸਰਜਨ ਹੁਸ਼ਿਆਰਪੁਰ ਤੋਂ ਆਸ ਵੀ ਕੀਤੀ ਗਈ। ਆਗੂਆਂ ਵਲੋਂ ਜ਼ਿਲ੍ਹੇ ਦੀਆਂ ਸਾਰੀਆਂ ਹੀ ਸਿਹਤ ਸੰਸਥਾਵਾਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਮੁੱਚੇ ਫਾਰਮੇਸੀ ਅਫਸਰਾਂ ਵਲੋਂ ਪੂਰਨ ਸਹਿਯੋਗ ਦਾ ਵਾਅਦਾ ਵੀ ਕੀਤਾ ਗਿਆ। ਸਿਵਲ ਸਰਜਨ ਹੁਸ਼ਿਆਰਪੁਰ ਨੂੰ ਵਫਦ ਨੂੰ ਯਕੀਨ ਦਿਵਾਇਆ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਲਈ ਉਹਨਾਂ ਦੇ ਦਫਤਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ ਅਤੇ ਹਰੇਕ ਜ਼ਰੂਰੀ ਅਤੇ ਜਾਇਜ਼ ਮੰਗ ਨੂੰ ਸਮੇਂ ਸਿਰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਆਗੂਆਂ ਵਲੋਂ ਸਿਵਲ ਸਰਜਨ ਨੂੰ ਯਾਦ ਦੇ ਤੌਰ 'ਤੇ ਇੱਕ ਕਿਤਾਬ ਵੀ ਭੇਟ ਕੀਤੀ ਗਈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਪਵਨ ਤੋਂ ਇਲਾਵਾ ਜਥੇਬੰਦੀ ਦੇ ਸੂਬਾ ਮੁੱਖ ਸਲਾਹਕਾਰ ਬਲਰਾਜ ਸਿੰਘ, ਸਾਬਕਾ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ, ਵਿੱਤ ਸਕੱਤਰ ਇੰਦਰਪ੍ਰੀਤ ਸਿੰਘ, ਮੀਤ ਪ੍ਰਧਾਨ ਓ.ਪੀ. ਸਿੰਘ, ਸਹਾਇਕ ਸਕੱਤਰ ਅਮ੍ਰਿਤਪਾਲ ਸਿੰਘ, ਆਡੀਟਰ ਵਰਿੰਦਰ ਸਿੰਘ, ਰੂਰਲ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਜੈ ਸ਼ਰਮਾ ਅਤੇ ਰਮਨਦੀਪ ਸੈਣੀ ਵੀ ਹਾਜ਼ਰ ਸਨ।

# 'ਸੰਭਾਵੀ ਆਰਥਕ ਮੰਦੀ ਦਾ ਸਮੁੱਚਾ ਦੇਸ਼ ਇਕਮੁੱਠ ਹੋ ਕੇ ਮੁਕਾਬਲਾ ਕਰੇ'



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ)**

ਭਾਰਤ ਵਿੱਚ ਆਰਥਿਕ ਮੰਦੀ ਦੀਆਂ ਸੰਭਾਵਨਾਵਾਂ ਬਹੁਤ ਜਲਦੀ ਦਿਖਾਈ ਦੇ ਸਕਦੀਆਂ ਹਨ ਕਿਉਂਕਿ ਭਾਰਤੀ ਰੁਪਿਆ ਬਹੁਤ ਤੇਜ਼ੀ ਨਾਲ ਡਿਗ ਰਿਹਾ ਹੈ । ਅੱਜ ਰੁਪਏ ਦੀ ਕੀਮਤ 82 ਰੁਪਏ 50 ਪੈਸੇ ਪ੍ਰਤੀ ਡਾਲਰ ਤੱਕ ਪਹੁੰਚ ਗਈ ਹੈ, ਜੋ ਦਸੰਬਰ ਤੱਕ 100 ਰੁਪਏ ਨੂੰ ਪਾਰ ਕਰ ਸਕਦੀ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੰਯੁਕਤ ਕਿਸਾਨ ਮਜ਼ਦੂਰ ਮੋਰਚਾ ਦੇ ਕਨਵੀਨਰ ਕਰਨ ਸਿੰਘ ਰਾਣਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਮੁਖੀ ਕੇ ਜਿਓਜੀਵਾ ਦੀ ਤਾਜ਼ਾ ਚੇਤਾਵਨੀ ਅਨੁਸਾਰ ਪੂਰੇ ਵਿਸ਼ਵ ਵਿਚ ਮਹਿੰਗਾਈ ਤੇਜ਼ੀ ਨਾਲ ਵਧੇਗੀ , ਬੇਰੁਜ਼ਗਾਰੀ ਅਤੇ ਭੁੱਖਮਰੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਵੇਗਾ। ਵਿਸ਼ਵ ਬੈਂਕ ਵੱਲੋਂ ਜਾਰੀ ਬਿਆਨ ਵੀ ਭਾਰਤ ਵਿੱਚ ਘਰੇਲੂ ਉਤਪਾਦਨ ਦੀ ਦਰ ਵਿੱਚ 30 ਫ਼ੀਸਦੀ ਕਮੀ ਦੇ ਸੰਕੇਤ ਦੇ ਰਿਹਾ ਹੈ, ਇਸ ਲਈ ਕੇਂਦਰ ਸਰਕਾਰ ਨੂੰ ਸਮਾਂ ਰਹਿੰਦੇ ਠੋਸ ਉਪਰਾਲੇ ਕਰਨੇ ਪੈਣਗੇ ਨਹੀਂ ਤਾਂ ਦੇਸ਼ ਵਿੱਚ ਬਹੁਤ ਵੱਡਾ ਸੰਕਟ ਕਰ ਸਕਦਾ ਹੈ , ਵੀ ਸੰਕੇਤ ਦਿੱਤਾ ਗਿਆ ਹੈ। ਗੱਲਬਾਤ ਜਾਰੀ ਰੱਖਦਿਆਂ ਸਾਥੀ ਰਾਣਾ ਨੇ ਕਿਹਾ ਕਿ ਆਰਥਿਕ ਮੰਦੀ ਦਾ ਅਸਰ ਗਰੀਬ ਅਤੇ ਮੱਧ ਵਰਗ 'ਤੇ ਜ਼ਿਆਦਾ ਪੈਂਦਾ ਹੈ। ਅਸਲ ਵਿੱਚ ਇਸ ਮੰਦੀ ਲਈ ਪੂਰੀ ਦੁਨੀਆ ਵਿੱਚ ਅਪਣਾਇਆ ਗਿਆ ਵਿਕਾਸ ਮਾਡਲ ਜ਼ਿੰਮੇਵਾਰ ਹੈ। ਤ੍ਰਾਸਦੀ ਇਹ ਹੈ ਕਿ ਭਾਰਤ ਨੇ 1990 ਤੋਂ ਬਾਅਦ ਕਾਰਪੋਰੇਟਵਾਦੀ ਵਿਕਾਸ ਮਾਡਲ ਅਪਣਾਇਆ ਜੋ ਪਿਛਲੇ 8 ਸਾਲਾਂ ਦੌਰਾਨ ਤੇਜ਼ੀ ਨਾਲ ਵਧਿਆ ਹੈ। ਇਹ ਅਰਬਪਤੀ ਹੁਣ ਆਪਣੀ ਪੂੰਜੀ ਭਾਰਤ ਵਿਚੋਂ ਕੱਢ ਰਹੇ ਹਨ ਅਤੇ ਡਾਲਰਾਂ ਦੀ ਜ਼ਖੀਰੇਬਾਜ਼ੀ ਵਿਚ ਲੱਗੇ ਹੋਏ ਹਨ ਜਿਸ ਨਾਲ ਸੰਕਟ ਹੋਰ ਗਹਿਰਾ ਹੋ ਸਕਦਾ ਹੈ । ਕੇਂਦਰ ਸਰਕਾਰ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਸ ਸੰਕਟ ਦਾ ਹੱਲ ਲੱਭਣ ਲਈ ਮਿਲ ਕੇ ਕੰਮ ਕਰਨਾ ਅੱਜ ਸਮੇਂ ਦੀ ਮੁੱਖ ਲੋੜ ਹੈ । ਵੱਧ ਤੋਂ ਵੱਧ ਖੇਤੀ ਆਧਾਰਿਤ ਅਤੇ ਪ੍ਰਦੂਸ਼ਣ ਮੁਕਤ ਉਦਯੋਗ ਲਗਾ ਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ ਅਤੇ ਲੋਕ ਪੱਖੀ ਵਿਕਾਸ ਦਾ ਮਾਡਲ ਦੇਸ਼ ਵਿੱਚ ਲਾਗੂ ਕੀਤਾ ਜਾਵੇ ਤਾਂ ਜੋ ਇਤਿਹਾਸਕ ਕਿਸਾਨ ਮੋਰਚੇ ਦੀ ਮੰਗ ਪੂਰੀ ਹੋ ਸਕੇ ਅਤੇ ਦੇਸ਼ ਆਰਥਿਕ ਮੰਦੀ ਦੀ ਤਬਾਹੀ ਤੋਂ ਬਚ ਸਕੇ। ਇਸ ਮੌਕੇ ਬੀਬੀ ਚਰਨਜੀਤ ਕੌਰ ਨਵਾਂਸ਼ਹਿਰ, ਹਰਪਾਲ ਸਿੰਘ ਮੱਕੋਵਾਲ ਆਦਿ ਹਾਜ਼ਰ ਸਨ।

# ਬਾਬੂ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ 'ਤੇ ਵਿਸ਼ਾਲ ਸੰਕਲਪ ਰੈਲੀ

**ਫਿਲੌਰ (ਨਿਰਮਲ)**

ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ 'ਤੇ ਵਿਸ਼ਾਲ ਸੰਕਲਪ ਰੈਲੀ ਫਿਲੌਰ 'ਚ ਟਕਸਾਲੀ ਬਸਪਾ ਵਰਕਰਾਂ ਨੇ ਕਰਵਾਈ । ਇਸ ਮੌਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਇਸ ਮੌਕੇ ਖੁਸ਼ੀ ਰਾਮ ਸਾਬਕਾ ਸਰਪੰਚ ਨੰਗਲ, ਰਾਮ ਸਰੂਪ ਚੰਬਾ ਵਿਰਕਾਂ, ਪਿਆਰਾ ਬਿਲਗਾ ਤੇ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਕਾਂਸ਼ੀ ਰਾਮ ਦੇ ਦਲਿਤਾਂ ਦੇ ਮਸੀਹਾ ਸਨ। ਉਨ੍ਹਾਂ ਨੇ ਸਮਾਜ ਲਈ ਦਿਨ-ਰਾਤ ਮਿਹਨਤ ਕਰਕੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਹਿਬ ਸ੍ਰੀ ਕਾਂਸੀ ਰਾਮ ਦੇ ਪੂਰਨਿਆਂ 'ਤੇ ਚੱਲ ਕੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ ਤਾਂ ਜੋ ਸਾਡਾ ਸੁਪਨਾ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਦਾ ਪੂਰਾ ਹੋ ਸਕੇ । ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ ਤੇ ਅਜ਼ਾਦ ਰੰਗਮੰਚ ਕਲਾਕਾਰ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ 'ਤੇ ਨਟਾਕ ਖੇਡਿਆ । ਇਸ ਮੌਕੇ ਨਿਰਮਲ ਸਿੰਘ ਕਾਕਾ ਸਰਪੰਚ ਨਗਰ, ਮਹਿੰਦਰ ਪਾਲ ਤੇਹਿੰਗ, ਸੁਸ਼ੀਲ ਵਿਰਦੀ, ਹਰਮੇਸ਼ ਕਮਾਲਪੁਰ, ਬਲਬੀਰ ਰਾਮ, ਬਲਵਿੰਦਰ ਸੀਰਾ ਮੋਰੋਂ, ਤੀਰਥ ਮੈਹਗੜਾ, ਵਿਨੈ ਅੱਪਰਾ, ਸਰਬਜੀਤ ਸਾਬੀ, ਕੁਲਵੰਤ ਤੱਖਰ, ਗੁਰਮੇਲ ਜੰਡ, ਅਸ਼ੋਕ ਰੱਤੂ, ਗੁਲਸ਼ਨ, ਧਰਮਪਾਲ ਛੋਕਰਾ, ਰਾਮ ਜੀ ਵਿਰਦੀ, ਸੁਰਜੀਤ ਨਗਰ, ਜੀਤੀ ਅੱਪਰਾ, ਬਲਵਿੰਦਰ ਵਿਰਕ ਤੇ ਹੋਰ ਵਿਸ਼ੇਸ਼ ਸ਼ਖਸੀਅਤਾਂ ਹਾਜ਼ਰ ਸਨ ।



# ਰਿਆਤ-ਬਾਹਰਾ 'ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਪਲਾਸਟਿਕ ਵਿਰੁੱਧ ਜਾਗਰੂਕਤਾ ਰੈਲੀ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਮੈਨੇਜਮੈਂਟ ਸਟੱਡੀਜ਼ ਵੱਲੋਂ ਪਲਾਸਟਿਕ ਦੇ ਵਾਤਾਵਰਨ ਅਤੇ ਮਨੁੱਖਾਂ 'ਤੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ 'ਪਲਾਸਟਿਕ ਨੂੰ ਨਾ- ਧਰਤੀ ਬਚਾਓ' ਵਿਸ਼ੇ 'ਤੇ ਇਕ ਰੈਲੀ ਦਾ ਆਯੋਜਨ ਕੀਤਾ ਗਿਆ।ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਨੇ ਪਲਾਸਟਿਕ ਦੀ ਵਰਤੋਂ ਵਿਰੁੱਧ ਇਹ ਰੈਲੀ ਕੱਢੀ। ਇਸ ਰੈਲੀ ਦਾ ਮੁੱਖ ਉਦੇਸ਼ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਪਾਲੀਥੀਨ ਦੇ ਧਰਤੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਸੀ।ਡਰਾਈਵ ਦੌਰਾਨ ਵਿਦਿਆਰਥੀਆਂ ਨੇ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਗੱਲਬਾਤ ਕੀਤੀ ਅਤੇ ਕਾਗਜ਼ ਅਤੇ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ ਲਈ ਮਾਰਗਦਰਸ਼ਨ ਕੀਤਾ।ਰੈਲੀ ਦੌਰਾਨ ਵਿਦਿਆਰਥੀਆਂ ਨੇ 'ਥਿੰਕ ਗਰੀਨ, ਐਕਟ ਗ੍ਰੀਨ', 'ਸੇਵ ਅਰਥ', 'ਆਪਣੇ ਆਪ ਨੂੰ ਬਚਾਓ, ਧਰਤੀ ਨੂੰ ਪਲਾਸਟਿਕ ਤੋਂ ਬਚਾਓ', 'ਘੱਟ ਪਲਾਸਟਿਕ, ਜ਼ਿਆਦਾ ਜ਼ਿੰਦਗੀ' ਗ੍ਰਹਿ ਨੂੰ ਚੰਗਾ ਕਰੋ, ਪਲਾਸਟਿਕ ਦੀ ਵਰਤੋਂ ਬੰਦ ਕਰੋ ਆਦਿ ਨਾਅਰੇ ਲਾਏ। ਇਸੇ ਦੌਰਾਨ ਯੂਨੀਵਰਸਿਟੀ ਸਕੂਲ ਆਫ਼ ਕੰਪਿਊਟਰ ਐਪਲੀਕੇਸ਼ਨ ਵੱਲੋਂ ਵੀ ਯੂਨੀਵਰਸਿਟੀ ਕੈਂਪਸ ਵਿੱਚ ਬਿਜਲੀ ਬਚਾਉਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ 'ਬਿਜਲੀ ਬਚਾਓ' ਵਿਸ਼ੇ 'ਤੇ ਇੱਕ ਮੁਹਿੰਮ ਚਲਾਈ ਗਈ।ਇਸ ਦੌਰਾਨ ਵਿਦਿਆਰਥੀਆਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ, ਜਿਸ 'ਤੇ ਲਿੱਖਿਆ ਸੀ, ਅੱਜ ਦੀ ਬਰਬਾਦੀ ਕੱਲ ਦੀ ਕਿੱਲਤ , ਜੋ ਸਹੀ ਕਰੋ, ਲਾਈਟ ਬੰਦ ਕਰੋ , ਜਿੰਨਾ ਘੱਟ ਜਲਾਓ, ਓਨਾ ਪੈਸਾ ਬਚਾਓ, ਲਾਈਟ ਬੰਦ ਕਰੋ, ਭਵਿੱਖ ਉਜਵਲ ਕਰੋ । ਇਸ ਮੌਕੇ ਗੁਰਵਿੰਦਰ ਸਿੰਘ ਬਾਹਰਾ, ਚਾਂਸਲਰ, ਰਿਆਤ ਬਾਹਰਾ ਯੂਨੀਵਰਸਿਟੀ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਸਮਾਜ ਦੀ ਕਾਇਆ ਕਲਪ ਲਈ ਵਿੱਦਿਅਕ ਸੰਸਥਾਵਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਨੂੰ ਦੁਹਰਾਇਆ।ਡਾ. ਪਰਵਿੰਦਰ ਸਿੰਘ, ਵਾਈਸ-ਚਾਂਸਲਰ ਨੇ ਜਾਗਰੂਕਤਾ ਰੈਲੀਆਂ ਕੱਢਣ ਦੇ ਵਿਦਿਆਰਥੀਆਂ ਦੇ ਉੱਦਮ ਦੀ ਸ਼ਲਾਘਾ ਕੀਤੀ।ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਦੇ ਡੀਨ ਡਾ. ਅਵਿਕਸ਼ਿਤ ਨੇ ਕਿਹਾ ਕਿ ਇਹ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਵੱਲੋਂ ਇੱਕ ਸਹਿਯੋਗੀ ਉਪਰਾਲਾ ਹੈ।ਅੰਸ਼ੂ ਗਾਬਾ, ਮੁਖੀ, ਮੈਨੇਜਮੈਂਟ ਵਿਭਾਗ, ਅਨੀਤਾ ਗੋਇਲ, ਮੁਖੀ, ਕੰਪਿਊਟਰ ਐਪਲੀਕੇਸ਼ਨ ਵਿਭਾਗ ਨੇ ਵੀ ਰੈਲੀਆਂ ਨੂੰ ਸੰਬੋਧਨ ਕੀਤਾ।



# ਸਮਾਜ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਭਰੂਣ ਹੱਤਿਆ ਨੂੰ ਰੋਕਣਾ ਬਹੁਤ ਜ਼ਰੂਰੀ : ਡਾ. ਸੋਨੀਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਭਰੂਣ ਹੱਤਿਆ ਸਮਾਜ ਦੇ ਨਾਂਅ 'ਤੇ ਇੱਕ ਕਲੰਕ ਹੈ, ਇਸ ਕਲੰਕ ਨੂੰ ਲਾਹੁਣਾ ਸਾਡਾ ਤੁਹਾਡਾ ਸਭ ਦਾ ਫ਼ਰਜ਼ ਬਣਦਾ ਹੈ, ਕਿਉਂਕਿ ਭਰੂਣ ਹੱਤਿਆ ਕਰਨਾ ਇਕ ਕਤਲ ਕਰਨ ਦੇ ਬਰਾਬਰ ਦਾ ਜੁਰਮ ਹੈ। ਭਰੂਣ ਹੱਤਿਆ ਕਰਨ ਨਾਲ ਜਿੱਥੇ ਇੱਕ ਜੀਵ ਦੀ ਹੱਤਿਆ ਹੁੰਦੀ ਹੈ, ਉਥੇ ਭਰੂਣ ਹੱਤਿਆ ਕਰਨ ਤੇ ਕਰਾਉਣ ਵਾਲਾ ਕਾਨੂੰਨ ਦਾ ਅਪਰਾਧੀ ਵੀ ਬਣਦਾ ਹੈ। ਇਸ ਕਰਕੇ ਸਾਨੂੰ ਸਮਾਜ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਭਰੂਣ ਹੱਤਿਆ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਉੱਘੀ ਸਮਾਜ ਸੇਵਿਕਾ ਡਾ. ਸੋਨੀਆ ਨੇ ਕਿਹਾ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਮੁੰਡੇ ਦਾ ਜਨਮ ਹੋਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ। ਮੁੰਡਾ ਪ੍ਰਾਪਤ ਕਰਨ ਦੀ ਇੱਛਾ ਨੇ ਭਰੂਣ ਹੱਤਿਆ ਦੀ ਪ੍ਰਵਿਰਤੀ ਨੂੰ ਜਨਮ ਦਿੱਤਾ ਹੈ। ਇਸ ਪ੍ਰਵਿਰਤੀ ਕਾਰਨ ਸਮਾਜ ਵਿੱਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿੱਣਤੀ ਬਹੁਤ ਹੀ ਘਟਦੀ ਜਾ ਰਹੀ ਹੈ ਜੋ ਕਿ ਸਮਾਜ ਲਈ ਇਕ ਗੰਭੀਰ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਹੁਣ ਕੁੜੀਆਂ ਵੀ ਮੁੰਡਿਆਂ ਵਾਂਗ ਹੀ ਸਮਾਜ ਵਿੱਚ ਵਿਚਰ ਰਹੀਆਂ ਹਨ। ਕੁੜੀਆਂ ਪੜ੍ਹਾਈ ਦੇ ਖੇਤਰ ਵਿੱਚ ਮੁੰਡਿਆਂ ਤੋ ਬਹੁਤ ਅੱਗੇ ਹਨ ਅਤੇ ਹਰ ਖੇਤਰ ਵਿੱਚ ਔਰਤਾ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੀਆਂ ਹਨ। ਬੁਢਾਪੇ ਵਿੱਚ ਵੀ ਕੁੜੀਆਂ ਮੁੰਡਿਆਂ ਦੇ ਮੁਕਾਬਲੇ ਆਪਣੇ ਮਾਤਾ ਪਿਤਾ ਦੀ ਜ਼ਿਆਦਾ ਸੇਵਾ ਕਰਦੀਆਂ ਹਨ। ਇਸ ਲਈ ਸਮਾਜ ਨੂੰ ਭਰੂਣ ਹੱਤਿਆ ਰੋਕਣ ਲਈ ਪ੍ਰੇਰਿਤ ਕਰਨਾ ਚਾਹੀਦਾ। ਉਨ੍ਹਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਭਰੂਣ ਹੱਤਿਆ ਕਰਨ ਵਾਲੇ ਵਿਅਕਤੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਭਰੂਣ ਹੱਤਿਆ ਦੀ ਪ੍ਰਵਿਰਤੀ ਨੂੰ ਰੋਕਿਆ ਜਾ ਸਕੇ।

# ਇੰਟਰਨੈਸ਼ਨਲ ਸਕੂਲ 'ਚ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਸਿਖਲਾਈ ਕੈਂਪ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**

ਅਕਸਰ ਅਸੀਂ ਵੇਖਦੇ ਹਾਂ ਆਮ ਸਕੂਲਾਂ ਵਿੱਚ ਬੱਚਿਆਂ ਨੂੰ ਕਿਤਾਬੀ ਕੀੜੇ ਹੀ ਬਣਾਇਆ ਜਾਂਦਾ ਹੈ ਪਰ ਇਲਾਕੇ ਦਾ ਇਕੋ ਇਕ ਪਪਰਾਲੀ ਰੋਡ 'ਤੇ ਸਥਿਤ ਇੰਟਰਨੈਸ਼ਨਲ ਪਬਲਿਕ ਸਕੂਲ ਹੀ ਹੈ ਜੋ ਪੜ੍ਹਾਈ ਦੇ ਨਾਲ਼ ਨਾਲ਼ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਬਾਕੀ ਸਕੂਲਾਂ ਨਾਲੋਂ ਕੋਹਾਂ ਅਗੇ ਚੱਲ ਰਿਹਾ ਹੈ। ਇਸੇ ਕੜੀ ਨੂੰ ਅਗੇ ਤੋਰਦੇ ਹੋਏ ਹਿੰਦੁਸਤਾਨ ਸਕਾਊਟਸ ਐਂਡ ਗਾਈਜ਼ (ਪੰਜਾਬ) ਦੇ ਸੂਬਾ ਸਕੱਤਰ ਸ੍ਰੀ ਨਿਤਿਨ ਚੌਧਰੀ ਦੀ ਅਗਵਾਈ ਹੇਠ 6 ਤੋਂ 8 ਅਕਤੂਬਰ ਤੱਕ ਇੰਟਰਨੈਸ਼ਨਲ ਪਬਲਿਕ ਸਕੂਲ, ਕੁਰਾਲੀ ਵਿਖੇ ਦੂਜਾ ਤਿੰਨ ਰੋਜ਼ਾ ਹਿੰਦੁਸਤਾਨ ਸਕਾਊਟਸ ਐਂਡ ਗਾਈਡਜ਼ ਸਿਖਲਾਈ ਕੈਂਪ ਲਗਾਇਆ ਗਿਆ। ਸਕਾਊਟਸ ਐਂਡ ਗਾਈਡਜ਼ ਇੰਚਾਰਜ ਸ੍ਰੀਮਤੀ ਪੁਨੀਤਾ ਸ਼ਰਮਾ ਦੀ ਦੇਖ-ਰੇਖ ਹੇਠ ਲਗਪਗ 70 ਵਿਦਿਆਰਥੀਆਂ ਨੇ ਕੈਂਪ ਵਿੱਚ ਭਾਗ ਲਿਆ। ਇਹ ਕੈਂਪ ਆਤਮ-ਵਿਸ਼ਵਾਸ, ਸਵੈ-ਮਾਣ, ਜੀਵਨ ਦੇ ਮਹੱਤਵਪੂਰਨ ਹੁਨਰ ਅਤੇ ਲੀਡਰਸ਼ਿਪ ਹੁਨਰ ਸਿੱਖਣ, ਟੀਮ ਬਣਾਉਣ, ਸਿੱਖਿਆ ਅਤੇ ਮਨੋਰੰਜਨ ਬਾਰੇ ਸੀ। ਹਰ ਵਿਦਿਆਰਥੀ ਨੂੰ ਸੁਤੰਤਰ ਅਤੇ ਅਨੁਸ਼ਾਸਿਤ ਬਣਾਉਣ ਲਈ ਗਤੀਵਿਧੀਆਂ ਤਿਆਰ ਕੀਤੀਆਂ ਗਈਆਂ ਸਨ। ਝੰਡਾ ਲਹਿਰਾਉਣ, ਡਰਿੱਲ/ਮਾਰਚਿੰਗ, ਸਕਾਊਟਸ ਅਤੇ ਗਾਈਡ ਨਿਯਮਾਂ ਦੀ ਸਹੀ ਜਾਣਕਾਰੀ ਤੋਂ ਇਲਾਵਾ ਹੋਰ ਗਤੀਵਿਧੀਆਂ ਜਿਵੇਂ ਕਿ ਗੰਢ ਬੰਨ੍ਹਣਾ, ਫਸਟ ਏਡ, ਸਲੋਗਨ ਲਿਖਣਾ, ਮੈਡੀਟੇਸ਼ਨ, ਯੋਗਾ ਅਤੇ ਸਵੱਛਤਾ ਪ੍ਰਤੀ ਚੇਤਨਾ ਆਦਿ ਲਈ ਜਾਗਰੂਕ ਕੀਤਾ ਗਿਆ। ਇਸ ਕੈਂਪ ਦੀ ਸਫਲਤਾ ਲਈ ਸਕੂਲ ਦੇ ਡਾਇਰੈਕਟਰ ਅਸ਼ੋਕ ਕੌਸ਼ਲ ਅਤੇ ਪ੍ਰਿੰਸੀਪਲ ਪੀ.ਸੰਗਰ ਨੇ ਵਿਦਿਆਰਥੀਆਂ ਤੇ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਨੂੰ ਸਫਲ ਬਣਾਉਣ ਦਾ ਸਿਹਰਾ ਸਮੂਹ ਸਟਾਫ ਦੇ ਸਿਰ ਬੱਝਦਾ ਹੈ ।



# ਜਸਪੂਰਨ ਪਹਿਲਵਾਨ ਦਾ ਕੀਤਾ ਸਨਮਾਨ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** -ਇਟਲੀ ਵਿਖੇ ਅੰਡਰ 17 ਵਰਲਡ ਰੈਸਲਿੰਗ ਚੈਂਪੀਅਨਸ਼ਿਪ ਵਿੱਚ 110 ਕਿਲੋ ਭਾਰ ਵਰਗ ਵਿੱਚ ਬੱਸੀ ਪਠਾਣਾਂ ਦੇ ਪਿੰਡ ਬਹਿਰਾਮਪੁਰ ਦੇ ਪਹਿਲਵਾਨ ਜਸਪੂਰਨ ਸਿੰਘ ਨੇ ਕਾਂਸੀ ਦਾ ਤਮਗਾ ਜਿੱਤ ਕੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਨਾਂਅ ਪੂਰੀ ਦੁਨੀਆ ਵਿੱਚ ਰੋਸ਼ਨਾਇਆ ਹੈ। ਉਹ ਸਿੱਧ ਪੁਰਸ਼ ਬਾਬਾ ਬਲਰਾਜ ਮੰਦਿਰ ਬਲਾਚੌਰ ਪੁੱਜ ਕੇ ਨਤਮਸਤਕ ਹੋਏ ਜਿਥੇ ਮੰਦਿਰ ਪ੍ਰਬੰਧਕ ਕਮੇਟੀ ਸੁਨੀਤਾ ਚੈਰੀਟੇਬਲ ਹਸਪਤਾਲ ਬਲਾਚੌਰ ਬੀੜ ਸੋਸਾਇਟੀ ਸਮੇਤ ਹੋਰ ਵੱਖ-ਵੱਖ ਸ਼ਖਸੀਅਤਾਂ ਵੱਲੋ ਉਨ੍ਹਾਂ ਦਾ ਸਨਮਾਨ ਕੀਤਾ ਗਿਆ । ਪਹਿਲਵਾਨ ਜਸਪੂਰਨ ਸਿੰਘ ਵੱਲੋਂ ਆਪਣੀ ਖੇਡ ਦਾ ਬਹੁਤ ਹੀ ਚੰਗੇ ਤਰੀਕੇ ਨਾਲ ਪ੍ਰਦਰਸ਼ਨ ਕੀਤੇ ਜਾਣ ਦੀ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਨੌਜਵਾਨਾਂ ਨੂੰ ਇਸ ਤੋਂ ਸੇਧ ਲੈਣ ਲਈ ਵੀ ਅਪੀਲ ਕੀਤੀ। ਇਸ ਮੌਕੇ ਵਿਸ਼ੂ ਰਾਣਾ , ਲਲਿਤ ਰਾਣਾ, ਗਗਨ ਰਾਣਾ, ਮਨਦੀਪ ਰਾਣਾ , ਵਿਜੇ ਰਾਣਾ, ਰਣਦੀਪ ਸਿੰਘ ਕਾਕਾ,ਵਿਕਾਸ, ਭੁਪਿੰਦਰ ਰਾਣਾ, ਯਤਿੰਦਰ ਮਾਹਲ, ਬੀੜ ਸੁਸਾਇਟੀ ਦੇ ਚੇਅਰਮੈਨ ਅਮਨ ਵਰਮਾ, ਸੁਨੀਤਾ ਚੈਰੀਟੇਬਲ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਸੁਨੀਤਾ ਸ਼ਰਮਾ, ਆਲ ਇੰਡੀਆ ਮਹਾਂ ਜੱਟ ਸਭਾ ਦੇ ਬਲਾਕ ਪ੍ਰਧਾਨ ਮੱਖਣ ਸਿੰਘ ਸਹੋਤਾ ਸਮੇਤ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।



# ਹਿੰਦੀ ਵੈਬ ਸੀਰੀਜ਼ 'ਬਲੂ ਸਪਾਈਡਰ' ਦੀ ਸ਼ੁਰੂਆਤ ਮਹੂਰਤ ਸ਼ਾਟ ਨਾਲ ਹੋਈ



**ਮੁਹਾਲੀ , (ਗੁਰਜੀਤ ਬਿੱਲਾ)**

ਅਗਾਮੀ ਹਿੰਦੀ ਵੈਬ ਸੀਰੀਜ਼ 'ਬਲੂ ਸਪਾਈਡਰ' ਦੀ ਸ਼ੁਰੂਆਤ ਮਹੂਰਤ ਸ਼ਾਟ ਨਾਲ ਹੋਈ । ਦੇਸੀ ਪੇਂਡੂ-ਟਰਨ-ਸੁਪਰਹੀਰੋ ਦੀ ਅਵਧਾਰਣਾ 'ਤੇ ਅਧਾਰਿਤ ਸੀਰੀਜ਼, ਜਗਾਧਰੀ ਦੇ ਰਾਕੇਸ਼ ਕੁਮਾਰ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਹੈ । ਇਸ ਨੂੰ ਮਾਰਫ ਅਕੈਡਮੀ ਐਂਡ ਬਾਕਸਫਾਈ ਦੇ ਨਿਰਦੇਸਕ ਅਜੇ ਸ਼ਰਮਾ ਅਤੇ ਅੰਜਨਾ ਸ਼ਰਮਾ ਵੱਲੋਂ ਪ੍ਰੋਡਿਊਸ ਕੀਤਾ ਜਾ ਰਿਹਾ ਹੈ। ਮਹੂਰਤ ਸ਼ਾਟ 'ਤੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਅਜੇ ਸ਼ਰਮਾ ਨੇ ਕਿਹਾ, 'ਇਹ ਸੀਰੀਜ਼ ਲਾਈਵ ਐਕਸ਼ਨ ਪਲੱਸ ਐਨੀਮੇਸ਼ਨ ਵੀਐਫਐਕਸ ਪੇਸ਼ ਕਰੇਗੀ ਅਤੇ ਸਾਨੂੰ ਪੂਰੀ ਆਸ ਹੈ ਕਿ ਇਹ ਸੀਰੀਜ਼ ਦਰਸ਼ਕਾਂ ਨੂੰ ਪਸੰਦ ਆਵੇਗੀ । ਰਾਕੇਸ਼ ਕੁਮਾਰ ਨੇ ਕਿਹਾ, 4 ਸਾਲ ਦੀਆਂ ਲੰਮੀਆਂ ਕੋਸ਼ਿਸ਼ਾਂ ਨੂੰ ਅੰਤ 'ਚ ਇੱਕ ਸੀਰੀਜ਼ ਦੇ ਮਾਧਿਅਮ ਨਾਲ ਸੱਚ ਕੀਤਾ ਜਾ ਰਿਹਾ ਹੈ ਜਿਹੜੀ ਮੁੱਖ ਰੂਪ ਨਾਲ ਵੀਐਫਐਕਸ 'ਤੇ ਅਧਾਰਿਤ ਹੈ । ਰਾਕੇਸ਼ ਨੇ ਕਿਹਾ, ਕਲਾਊਡ ਫੰਡਿੰਗ ਦੇ ਮਾਧਿਅਮ ਨਾਲ 2 ਕਰੋੜ ਦੇ ਘੱਟ ਬਜਟ 'ਚ ਬਣਾਈ ਜਾ ਰਹੀ ਸੀਰੀਜ਼ 'ਚ ਥਿਏਟਰ ਅਤੇ ਨੁੱਕੜ ਨਾਟਕਾਂ ਦੇ ਨਵੇਂ ਕਲਾਕਾਰਾਂ ਨੂੰ ਆਪਣਾ ਹੁਨਰ ਦਿਖਾਉਣ ਦਾ ਮੌਕਾ ਮਿਲੇਗਾ। ਵੈਬ ਸੀਰੀਜ਼ ਨੂੰ ਖੁਦ ਰਾਕੇਸ਼ ਨੇ ਲਿਖਿਆ ਹੈ ਅਤੇ ਇਸ ਦੇ ਸਿਨੇਮੈਟੋਗ੍ਰਾਫਰ ਪਰਮ ਹਨ।

# ਗੈਸਟ ਲੈਕਚਰ ਦਾ ਆਯੋਜਨ

**ਜਲੰਧਰ (ਇਕਬਾਲ ਸਿੰਘ ਉੱਭੀ)**

ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਵਿਖੇ ਸਾਈਕੋਲੋਜੀ ਵਿਭਾਗ ਵੱਲੋਂ ਲੈਂਗੁਏਜ ਲੈਬ ਵਿੱਚ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਰੋਟਰੀ ਕਲੱਬ ਦੇ ਪ੍ਰਧਾਨ ਡਾ: ਰੁਚੀ ਸਿੰਘ ਗੌੜ ਇਸ ਦਿਨ ਦੇ ਬੁਲਾਰੇ ਸਨ। ਇਸ ਗੈਸਟ ਲੈਕਚਰ ਦਾ ਵਿਸ਼ਾ ਜੇਰੀਏਟ੍ਰਿਕ ਅਤੇ ਪੈਲੀਏਟਿਵ ਕੇਅਰ ਸੀ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ, ਸਾਲ 2050 ਤੱਕ, ਸੱਠ ਸਾਲ ਤੋਂ ਵੱਧ ਉਮਰ ਦੇ ਲਗਭਗ 24 ਕਰੋੜ ਲੋਕ ਹੋਣਗੇ। ਇਸ ਲਈ ਅਜਿਹੇ ਵਿਸ਼ੇ 'ਤੇ ਚਰਚਾ ਸਮੇਂ ਦੀ ਲੋੜ ਹੈ। ਸਪੀਕਰ ਨੇ ਆਪਣੇ ਕਲੱਬ ਮੈਂਬਰਾਂ ਨਾਲ ਮਿਲ ਕੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਤਾਂ ਜੋ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਪੈਲੀਏਟਿਵ ਕੇਅਰ ਉਹਨਾਂ ਲੋਕਾਂ ਨੂੰ ਦਿੱਤੀ ਜਾਣ ਵਾਲੀ ਵਿਸ਼ੇਸ਼ ਡਾਕਟਰੀ ਦੇਖਭਾਲ ਹੈ ਜੋ ਟਰਮੀਨਲ ਬਿਮਾਰੀ ਤੋਂ ਪੀੜਤ ਹਨ। ਇਸਦਾ ਮੁੱਖ ਜ਼ੋਰ ਮਰੀਜ਼ ਅਤੇ ਉਸਦੇ ਪਰਿਵਾਰ ਦੇ ਜੀਵਨ ਦੀ ਗੁਣਵੱਤਾ ਨੂੰ ਸੁਧਾਰਨ 'ਤੇ ਹੈ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ (ਡਾ.) ਪੂਜਾ ਪਰਾਸ਼ਰ ਨੇ ਜਾਗਰੂਕਤਾ ਦੀ ਅਜਿਹੀ ਗਤੀਵਿਧੀ ਦੇ ਆਯੋਜਨ ਲਈ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਰੋਟੇਰੀਅਨ ਡਾ: ਰੁਚੀ ਸਿੰਘ (ਪ੍ਰਧਾਨ), ਰੋਟੇਰੀਅਨ ਨਵਤੇਜ ਸਿੰਘ (ਸਕੱਤਰ), ਰੋਟਰੀ ਕਲੱਬ ਆਫ ਜਲੰਧਰ ਹੈਲਪਿੰਗ ਹੈਂਡਜ਼, ਰੋਟਰੀ ਕਲੱਬ ਆਫ ਜਲੰਧਰ ਹੈਲਪਿੰਗ ਹੈਂਡਜ਼ ਦੇ ਰੋਟੇਰੀਅਨ ਰੂਬਲ ਸਿਡਾਨਾ (ਪ੍ਰੋਜੈਕਟ ਡਾਇਰੈਕਟਰ), ਰੋਟਰੀ ਕਲੱਬ ਆਫ ਜਲੰਧਰ ਨਾਰਥ ਦੇ ਰੋਟੇਰੀਅਨ ਪੁਨੀਤ ਜਿੰਦਲ (ਸਕੱਤਰ) ਅਤੇ ਡਾ. ਰੋਟਰੈਕਟ ਕਲੱਬ ਦੀ ਪ੍ਰਧਾਨ ਸ੍ਰਿਸ਼ਟੀ ਸਿਡਾਨਾ ਵੀ ਇਸ ਸਮਾਗਮ ਵਿੱਚ ਸ਼ਾਮਲ ਸਨ।



# ਸਿਹਤ ਅਧਿਕਾਰੀਆਂ ਵੱਲੋਂ ਦੁਕਾਨਦਾਰਾਂ ਨੂੰ ਮਿਲਾਵਟ ਰਹਿਤ ਸ਼ੁੱਧ ਮਠਿਆਈਆਂ ਵੇਚਣ ਦੀ ਅਪੀਲ

**ਮੋਹਾਲੀ ( ਗੁਰਜੀਤ ਬਿੱਲਾ)**

ਆਗਾਮੀ ਤਿਉਹਾਰਾਂ ਦੇ ਸਨਮੁਖ ਸਿਵਲ ਸਰਜਨ ਡਾ. ਆਦਰਸ਼ਪਾਲ ਕੌਰ ਅਤੇ ਜ਼ਿਲ੍ਹਾ ਸਿਹਤ ਅਫ਼ਸਰ (ਡੀ.ਐਚ.ਓ) ਡਾ.ਸੁਭਾਸ਼ ਕੁਮਾਰ ਨੇ ਖਾਣ-ਪੀਣ ਦੀਆਂ ਵਸਤਾਂ ਬਣਾਉਣ ਅਤੇ ਵੇਚਣ ਵਾਲੇ ਦੁਕਾਨਦਾਰਾਂ, ਹਲਵਾਈਆਂ, ਕਰਿਆਨਾ ਦੁਕਾਨਦਾਰਾਂ, ਸਬਜ਼ੀ/ਫੱਲ ਵਿਕਰੇਤਾਵਾਂ, ਦੋਧੀਆਂ ਅਤੇ ਹੋਰ ਫ਼ੂਡ ਬਿਜ਼ਨਸ ਆਪਰੇਟਰਜ਼ (ਐਫ਼.ਬੀ.ਓ.) ਨੂੰ ਹਦਾਇਤ ਕੀਤੀ ਹੈ ਕਿ ਉਹ ਸ਼ੁੱਧ, ਮਿਆਰੀ ਤੇ ਸਾਫ਼-ਸੁਥਰੀਆਂ ਚੀਜ਼ਾਂ ਵੇਚਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਹਤ ਵਿਭਾਗ ਦਾ ਫ਼ੂਡ ਸੇਫ਼ਟੀ ਵਿੰਗ ਜ਼ਿਲ੍ਹੇ ਦੇ ਸਾਰੇ ਖੇਤਰਾਂ ਵਿਚਲੀਆਂ ਦੁਕਾਨਾਂ ਤੇ ਹੋਰ ਥਾਵਾਂ 'ਤੇ ਲਗਾਤਾਰ ਜਾਂਚ ਕਰਦਾ ਰਹਿੰਦਾ ਹੈ ਤਾਂ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਜੇ ਕੋਈ ਦੁਕਾਨਦਾਰ ਖ਼ਾਲਸ ਤੇ ਮਿਆਰੀ ਚੀਜ਼ਾਂ ਵੇਚਦਾ ਹੈ ਤਾਂ ਉਸ ਨੂੰ ਚੈਕਿੰਗ ਤੋਂ ਡਰਨ ਦੀ ਲੋੜ ਨਹੀਂ। ਜਾਂਚ ਦਾ ਮੰਤਵ ਕਿਸੇ ਦੁਕਾਨਦਾਰ ਨੂੰ ਤੰਗ ਕਰਨਾ ਨਹੀਂ ਸਗੋਂ ਚੀਜ਼ਾਂ ਦੇ ਮਿਆਰ ਨੂੰ ਯਕੀਨੀ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਡਿਪਟੀ ਕਮਿਸ਼ਨਰ ਮੋਹਾਲੀ ਸ੍ਰੀ ਅਮਿਤ ਤਲਵਾੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਵੀ ਇਹ ਹਦਾਇਤਾਂ ਦਿੱਤੀਆਂ ਗਈਆਂ ਸਨ, ਇਸੇ ਦੌਰਾਨ ਫ਼ੂਡ ਸੇਫਟੀ ਟੀਮ ਨੇ ਅੱਜ ਕੁਰਾਲੀ ਅਤੇ ਨਿਊ ਚੰਡੀਗੜ੍ਹ ਵਿਖੇ ਮਠਿਆਈ ਦੀਆਂ ਦੁਕਾਨਾਂ ਵਿਚ ਚੈਕਿੰਗ ਕਰਕੇ ਵੱਖ ਵੱਖ ਚੀਜ਼ਾਂ ਦੇ ਸੈਂਪਲ ਲਏ। ਸਿਵਲ ਸਰਜਨ ਨੇ ਕਿਹਾ ਕਿ ਫ਼ੂਡ ਸੇਫ਼ਟੀ ਸਟੈਂਡਰਡਜ਼ ਐਂਡ ਰੈਗੂਲੇਸ਼ਨ ਐਕਟ ਤਹਿਤ ਹਰ ਦੁਕਾਨਦਾਰ, ਦੋਧੀ ਜਾਂ ਹੋਰ ਸੰਬੰਧਤ ਵਿਅਕਤੀ ਲਈ ਸ਼ੁੱਧ, ਮਿਲਾਵਟ-ਰਹਿਤ ਤੇ ਪੌਸ਼ਟਿਕ ਚੀਜ਼ਾਂ ਵੇਚਣਾ ਜ਼ਰੂਰੀ ਹੈ। ਜੇ ਕੋਈ ਵੀ ਦੁਕਾਨਦਾਰ ਇਸ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੁਕਾਨਦਾਰ ਸ਼ੁੱਧ ਅਤੇ ਮਿਲਾਵਟ ਰਹਿਤ ਮਠਿਆਈਆਂ ਵੇਚਣਾ ਯਕੀਨੀ ਬਣਾਉਣ। ਅਜਿਹਾ ਨਾ ਕਰਨ ਦੀ ਹਾਲਤ ਵਿਚ ਉਨ੍ਹਾਂ ਦਾ ਵਿਕਰੀ ਲਾਇਸੰਸ ਰੱਦ ਕੀਤਾ ਜਾਵੇਗਾ ਅਤੇ ਨਾਲ ਹੀ ਕਾਨੂੰਨ ਵਿਚ ਜੁਰਮਾਨੇ ਅਤੇ ਸਜ਼ਾ ਦਾ ਵੀ ਪ੍ਰਬੰਧ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਖ਼ੁਦ ਵੀ ਜਾਗਰੂਕ ਹੋਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਖ਼ਰੀਦ ਸਮੇਂ ਮਿਆਰ ਅਤੇ ਸ਼ੁੱਧਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਨਾ ਕਰਨ।

ਸਿਹਤ ਅਧਿਕਾਰੀਆਂ ਨੇ ਦੁਹਰਾਇਆ ਕਿ ਫ਼ੂਡ ਸੇਫ਼ਟੀ ਕਾਨੂੰਨ ਤਹਿਤ ਮਠਿਆਈ ਵੇਚਣਵਾਲੇ ਦੁਕਾਨਦਾਰਾਂ ਨੂੰ ਦਰਸਾਉਣਾ ਪਵੇਗਾ ਕਿ ਦੁਕਾਨ ਵਿਚ ਟਰੇਅ ਜਾਂ ਕਾਊਂਟਰ ਵਿਚ ਵਿਕਰੀ ਲਈ ਪਈਆਂ ਖੁੱਲ੍ਹੀਆਂ ਮਠਿਆਈਆਂ ਕਿਹੜੀ ਤਰੀਕ ਤੱਕ ਖਾਣ ਯੋਗ ਹਨ। ਹਰ ਦੁਕਾਨਦਾਰ ਨੂੰ ਟਰੇਅ ਉਤੇ 'ਇਸ ਤਰੀਕ ਤੋਂ ਪਹਿਲਾਂ ਖਾਣਯੋਗ' ਵਾਲੀ ਪਰਚੀ ਲਗਾਉਣੀ ਪਵੇਗੀ ਤੇ ਜਿਹੜੇ ਦੁਕਾਨਦਾਰ ਅਜਿਹਾ ਨਹੀਂ ਕਰਨਗੇ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਦਿਆਂ ਚਲਾਨ ਕੱਟੇ ਜਾਣਗੇ। ਇਹ ਨਿਯਮ ਦੇਸ਼ ਭਰ 'ਚ 1 ਅਕਤੂਬਰ, 2020 ਤੋਂ ਲਾਗੂ ਹੈ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਦੁਕਾਨਦਾਰਾਂ ਨੇ ਟਰੇਆਂ ਵਿੱਚ ਖੁੱਲ੍ਹੀਆਂ ਮਠਿਆਈਆਂ ਰੱਖੀਆਂ ਹੁੰਦੀਆਂ ਹਨ ਅਤੇ ਗਾਹਕਾਂ ਨੂੰ ਪਤਾ ਨਹੀਂ ਲਗਦਾ ਕਿ ਮਠਿਆਈਆਂ ਕਦੋਂ ਬਣੀਆਂ ਹਨ ਅਤੇ ਕਦੋਂ ਤਕ ਖਾਣਯੋਗ ਹਨ। ਇਸ ਲਈ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਦੁਕਾਨਦਾਰਾਂ ਨੂੰ ਮਠਿਆਈ ਵਾਲੀ ਹਰ ਟਰੇਅ ਅੱਗੇ ਪਰਚੀ ਲਗਾ ਕੇ ਦਰਸਾਉਣਾ ਪਵੇਗਾ ਕਿ ਇਹ ਮਠਿਆਈ ਫਲਾਣੀ ਤਰੀਕ ਤਕ ਖਾਧੀ ਜਾ ਸਕਦੀ ਹੈ।

# ਲਾਇਨਜ਼ ਕਲੱਬ ਫਗਵਾੜਾ ਸਰਵਿਸ ਨੇ ਬਿਰਧ ਆਸ਼ਰਮ ਵਿਰਕਾਂ ਨੂੰ ਭੇਟ ਕੀਤਾ ਜ਼ਰੂਰਤ ਦਾ ਸਮਾਨ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਲਾਇਨਜ਼ ਕਲੱਬ ਫਗਵਾੜਾ ਸਰਵਿਸ (321 ਡੀ) ਵਲੋਂ ਕਲੱਬ ਪ੍ਰਧਾਨ ਲਾਇਨ ਬਿੰਦਰ ਪਾਲ ਦੀ ਅਗਵਾਈ ਅਤੇ ਲਾਇਨ ਅੰਮ੍ਰਿਤਪਾਲ ਸਿੰਘ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰੂ ਨਾਨਕ ਬਿਰਧ ਅਨਾਥ, ਅਪਾਹਜ ਆਸ਼ਮਰ ਅਤੇ ਚਿਲਡ੍ਰਨ ਹੋਮ ਪਿੰਡ ਵਿਰਕ ਵਿਖੇ ਜ਼ਰੂਰਤ ਦਾ ਸਮਾਨ ਭੇਟ ਕੀਤਾ ਗਿਆ। ਲਾਇਨ ਬਿੰਦਰ ਪਾਲ ਨੇ ਦੱਸਿਆ ਕਿ ਲਾਇਨ ਅੰਮ੍ਰਿਤਪਾਲ ਸਿੰਘ ਵਲੋਂ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਆਸ਼ਰਮ ਦੇ ਵਸਨੀਕਾਂ ਲਈ ਇਹ ਨੇਕ ਉਪਰਾਲਾ ਕੀਤਾ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਆਸ਼ਰਮ ਦੇ ਪ੍ਰਬੰਧਕ ਬਾਬਾ ਦਿਆਲ ਸਿੰਘ ਨੇ ਵੀ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਇਸ ਕਲੱਬ ਵਲੋਂ ਪਹਿਲਾਂ ਵੀ ਆਸ਼ਰਮ ਦੀ ਕਾਫੀ ਸਹਾਇਤਾ ਕੀਤੀ ਜਾਂਦੀ ਹੈ। ਲਾਇਨ ਪ੍ਰਧਾਨ ਬਿੰਦਰ ਨੇ ਦੱਸਿਆ ਕਿ ਕਲੱਬ ਵਲੋਂ ਸਕੂਲੀ ਵਿਦਿਆਰਥੀਆਂ ਨੂੰ ਵਰਦੀਆਂ ਤੇ ਸਟੇਸ਼ਨਰੀ ਦਿੱਤੀ ਜਾਂਦੀ ਹੈ। ਲੋੜਵੰਦ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਅਤੇ ਜ਼ਰੂਰਤਮੰਦ ਮਰੀਜ਼ਾਂ ਲਈ ਦਵਾਈਆਂ ਦਾ ਪ੍ਰਬੰਧ ਕਰਨ ਦੇ ਨਾਲ ਵਾਤਾਵਰਣ ਸੁਰੱਖਿਆ ਲਈ ਬੂਟੇ ਵੀ ਲਗਾਏ ਜਾਂਦੇ ਹਨ। ਇਸ ਮੌਕੇ ਲਇਨ ਰਾਜਨ ਧਵਨ, ਲਾਇਨ ਹਰੀਸ਼ ਕੰਡਾ, ਲਾਇਨ ਨਰੇਸ਼ ਚਾਵਲਾ ਆਦਿ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।




# ਇਫਵੋ ਤੇ ਓ ਐਫ ਸੀ ਕੈਨੇਡਾ ਨੇ ਗੰਡਵਾਂ ਨੂੰ ਦਿੱਤਾ ਐਵਾਰਡ ਆਫ ਆਨਰ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਇੰਟਰਨੈਸ਼ਨਲ ਪੀਸ ਹੈਰੀਟੇਜ ਅਤੇ ਇਨਵਾਇਰਮੈਂਟ ਵੈਲਫੇਅਰ ਆਰਗੇਨਾਈਜੇਸ਼ਨ ਅਤੇ ਓ ਐਫ ਸੀ ਕੈਨੇਡਾ ਵੱਲੋਂ ਸਾਂਝੇ ਤੌਰ 'ਤੇ ਅੰਤਰਰਾਸ਼ਟਰੀ ਅਧਿਆਪਕ ਦਿਵਸ 2022 ਨੂੰ ਸਮਰਪਿਤ ਸਨਮਾਨ ਸਮਾਗਮ ਦਾ ਆਨਲਾਈਨ ਆਯੋਜਨ ਕੀਤਾ ਗਿਆ। ਜਿਸ ਵਿੱਚ ਸਨਮਾਨਿਤ ਸ਼ਖ਼ਸੀਅਤ ਵਿਦਵਾਨ ਸੁਖਦੇਵ ਸਿੰਘ ਗੰਡਵਾ ਸ਼ਾਮਿਲ ਹੋਏ। ਸਨਮਾਨ ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਕਰਮਜੀਤ ਸਿੰਘ ਨਡਾਲਾ ਨੇ ਕੀਤੀ। ਇਸ ਮੌਕੇ ਕੌਮਾਂਤਰੀ ਸੰਸਥਾ ਵੱਲੋਂ ਭੇਂਟ ਕੀਤਾ ਗਿਆ ਸਨਮਾਨ ਪੱਤਰ ਕਹਾਣੀਕਾਰ ਸੁਰਿੰਦਰ ਮਕਸੂਦਪੁਰੀ ਨੇ ਪੇਸ਼ ਕੀਤਾ ਅਤੇ ਸਨਮਾਨਿਤ ਸ਼ਖ਼ਸੀਅਤ ਸੁਖਦੇਵ ਸਿੰਘ ਗੰਡਵਾ ਨੂੰ ਐਵਾਰਡ ਆਫ ਆਨਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਕੌਮਾਂਤਰੀ ਪੱਧਰ ਦੇ ਸਨਮਾਨ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਕਨਵੀਨਰ ਡਾ. ਨਾਇਬ ਸਿੰਘ ਮੰਡੇਰ ਨੇ ਦੱਸਿਆ ਕਿ ਸੰਸਥਾ ਵੱਲੋਂ ਵੱਖ ਵੱਖ ਸੰਸਥਾਵਾਂ/ਪ੍ਰਤੀਨਿਧੀਆਂ ਤੋਂ ਅਧਿਆਪਨ ਡਿਊਟੀ ਤੋਂ ਇਲਾਵਾ ਸਮਾਜ ਸੇਵਾ/ਸਾਹਿਤ ਸੇਵਾ ਨੂੰ ਸਮਰਪਿਤ ਸ਼ਖ਼ਸੀਅਤਾਂ ਦੇ ਨਾਂਅ ਅਤੇ ਬਾਇਓ ਡਾਟਾ 30 ਸਤੰਬਰ 2022 ਤੱਕ ਮੰਗਿਆ ਗਿਆ ਸੀ। ਚੋਣ ਕਮੇਟੀ ਵੱਲੋਂ 121 ਅਧਿਆਪਕ ਸ਼ਖ਼ਸੀਅਤਾਂ ਦੇ ਨਾਂਅ ਦੀ ਸਿਫਾਰਸ਼ ਤੋਂ ਬਾਅਦ ਕੌਮਾਂਤਰੀ ਅਧਿਆਪਕ ਦਿਵਸ 2022 ਦਾ ਸਨਮਾਨ ਵਿਸ਼ਵ ਸ਼ਾਂਤੀ, ਹੈਰੀਟੇਜ ਅਤੇ ਵਾਤਾਵਰਣ ਵੈਲਫੇਅਰ ਆਰਗੇਨਾਈਜੇਸ਼ਨ ਕੈਨੇਡਾ ਦੇ ਚੇਅਰਮੈਨ ਰਵਿੰਦਰ ਸਿੰਘ ਕੰਗ, ਪੰਜਾਬ ਦੇ ਪ੍ਰਧਾਨ ਦੀਪ ਰੱਤੀ, ਕੋਆਰਡੀਨੇਟਰ ਪਵਨਜੀਤ ਕੌਰ ਅਤੇ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਲਏ ਫੈਸਲੇ ਦੇ ਤਹਿਤ ਇਹ ਕੌਮਾਂਤਰੀ ਪੱਧਰ ਦਾ ਸਨਮਾਨ ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਸਿੰਗਾਪੁਰ, ਆਸਟਰੇਲੀਆ, ਭਾਰਤ ਸਮੇਤ ਪਾਕਿਸਤਾਨ ਤੋਂ 121 ਅਧਿਆਪਕਾਂ ਨੂੰ ਇੱਕੋ ਸਮੇਂ ਇੱਕੋ ਦਿਨ ਵੱਖ ਵੱਖ ਸਥਾਨਾਂ/ਸ਼ਹਿਰਾਂ/ਦੇਸ਼ਾਂ ਵਿੱਚ ਮਾਣ-ਸਨਮਾਨ ਦੇ ਕੇ ਮਾਣ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ 11 ਅਕਤੂਬਰ ਨੂੰ ਸ਼ਾਮ 7:30 ਵਜੇ ਕੌਮਾਂਤਰੀ ਪੱਧਰ ਦਾ ਜ਼ੂਮ ਕਲਾਊਡ ਤੇ ਮੌਜੂਦਾ ਹਾਲਾਤ ਵਿੱਚ ਅਧਿਆਪਕ ਦੀ ਭੂਮਿਕਾ ਵਿਸ਼ੇ ਤੇ ਵੈਬੀਨਾਰ ਆਯੋਜਿਤ ਹੋਵੇਗਾ। ਜਿਸ ਵਿੱਚ ਮੁੱਖ ਬੁਲਾਰੇ ਡਾ. ਜਸਪਾਲ ਸਿੰਘ ਸੰਧੂ ਵਾਇਸ ਚਾਂਸਲਰ ਜੀ.ਐਨ.ਡੀ.ਯੂ. ਅੰਮ੍ਰਿਤਸਰ,.ਡਾ. ਕਰਮਜੀਤ ਸਿੰਘ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਪਟਿਆਲਾ, ਡਾ. ਪ੍ਰਿਤਪਾਲ ਸਿੰਘ ਵਾਇਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਅਤੇ ਡਾ. ਦਵਿੰਦਰ ਸੈਫੀ ਸ਼ਾਇਰ, ਚਿੰਤਕ ਅਤੇ ਆਲੋਚਕ ਆਪਣੇ ਅਨੁਭਵ ਅਤੇ ਰਿਸਰਚ ਪੇਪਰ ਪੇਸ਼ ਕਰਨਗੇ। ਇਸ ਮੌਕੇ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ, ਅਸ਼ੋਕ ਟਾਂਡੀ, ਸੁਰਿੰਦਰ ਸਿੰਘ ਸ਼ਾਹੀ, ਬਹਾਦਰ ਸਿੰਘ ਬੱਲ, ਮੀਕਾ ਗਿੱਲ, ਸੋਢੀ ਸੱਤੋਵਾਲੀ, ਦਲਜੀਤ ਮਹਿਮੀ, ਸੁਰਿੰਦਰ ਮਕਸੂਦਪੁਰੀ, ਅਮਰੀਕ ਸਿੰਘ, ਨਾਨਕ ਚੰਦ ਵਿਰਲੀ, ਦਰਸ਼ਨ ਸਿੰਘ ਨੰਦਰਾ, ਗੁਰਨਾਮ ਬਾਵਾ, ਸੁਰਿੰਦਰ ਬਾਕਵਪੁਰੀ ਸਹਿਤ ਸਾਹਿਤ ਪ੍ਰੇਮੀ ਅਤੇ ਸਮਾਜ ਸੇਵੀ ਹਾਜ਼ਰ ਸਨ।



# ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ਾਲ ਸ਼ੋਭਾ ਯਾਤਰਾ ਕੱਢੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਗਵਾਨ ਵਾਲਮੀਕਿ ਸਭਾ (ਰਜਿ.) ਹੁਸ਼ਿਆਰਪੁਰ ਅਤੇ ਭਗਵਾਨ ਵਾਲਮੀਕਿ ਧਰਮ ਰਕਸ਼ਾ ਸਮਿਤੀ ਹੁਸ਼ਿਆਰਪੁਰ ਵਲੋਂ ਕਰੁਣਾਸਾਗਰ, ਅਜਰ ਅਮਰ ਤ੍ਰਿਕਾਲਦਰਸ਼ੀ ਆਦਿ ਮਹਾਂਕਾਵਿ ਰਮਾਇਣ ਦੇ ਰਚੇਤਾ ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕਿ ਜੀ ਦੇ ਪਵਿੱਤਰ ਪ੍ਰਗਟ ਉਤਸਵ ਦੇ ਮੌਕੇ ਭਗਵਾਨ ਵਾਲਮੀਕਿ ਸਭਾ ਅਤੇ ਭਗਵਾਨ ਵਾਲਮੀਕਿ ਧਰਮ ਰਕਸ਼ਾ ਸਮਿਤੀ ਦੇ ਉੱਚ ਅਹੁਦੇਦਾਰਾਂ ਮਨੋਜ ਕਨੇਡੀ, ਤਰਸੇਮ ਆਦੀਆ, ਵਿਕਾਸ ਹੰਸ, ਬਲਬਿੰਦਰ ਮਰਵਾਹਾ, ਵਿਨੋਦ ਹੰਸ, ਲਾਲ ਚੰਦ ਭੱਟੀ, ਸੁਰਿੰਦਰ ਦੀਵਾਨ, ਚਿੰਟੂ ਹੰਸ, ਰਿਸ਼ੂ ਆਦੀਆ ਦੀ ਪ੍ਰਧਾਨਗੀ ਹੇਠ ਇਕ ਵਿਸ਼ਾਲ ਸ਼ੋਭਾ ਯਾਤਰਾ ਸ਼ਹੀਦ ਊਧਮ ਸਿੰਘ ਪਾਰਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚੋਂ ਹੁੰਦੀ ਹੋਈ ਘੰਟਾ ਘਰ ਚੌਕ ਵਿਖੇ ਸਮਾਪਤ ਹੋਈ, ਜਿਸ ਵਿਚ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਮੁੱਖ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ । ਇਸ ਮੌਕੇ ਸ਼ਹਿਰ ਦੇ ਪਤਵੰਤੇ ਲੋਕ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ, ਸਾਬਕਾ ਵਿਧਾਇਕ ਪਵਨ ਆਦੀਆ, ਡੀ.ਸੀ. ਸੰਦੀਪ ਹੰਸ, ਐਸ.ਐਸ.ਪੀ. ਸਰਤਾਜ ਸਿੰਘ ਚਾਹਲ, ਨਗਰ ਨਿਗਮ ਦੇ ਮੇਅਰ ਸੁਰਿੰਦਰ ਛਿੰਦਾ, ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਐਸ.ਸੀ. ਕਮਿਸ਼ਨ ਦੇ ਕੌਮੀ ਚੇਅਰਮੈਨ ਵਿਜੇ ਸਾਂਪਲਾ, ਸੁੰਦਰ ਸ਼ਾਮ ਅਰੋੜਾ, ਜਤਿੰਦਰ ਸਿੰਘ ਲਾਲੀ ਬਾਜਵਾ, ਅਵਿਨਾਸ਼ ਰਾਏ ਖੰਨਾ, ਸਮੂਹ ਕੌਂਸਲਰ, ਨਗਰ ਨਿਗਮ ਦੇ ਕਮਿਸ਼ਨਰ ਸੰਦੀਪ ਤਿਵਾੜੀ, ਐਡਵੋਕੇਟ ਜਨਰਲ ਇੰਦਰਪਾਲ ਸਿੰਘ ਧੰਨਾ, ਡਾ. ਰਾਜ ਕੁਮਾਰ ਚੱਬੇਵਾਲ, ਨਿਪੁੰਨ ਸ਼ਰਮਾ, ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਆਦਿ ਹਾਜ਼ਰ ਸਨ। ਸ਼ੋਭਾ ਯਾਤਰਾ ਚ ਔਰਤਾਂ ਵੱਲੋਂ ਸਿਰ ਤੇ ਚੁੱਕੇ ਗਏ ਕਲਸ਼ ਸ਼ੋਭਾ ਯਾਤਰਾ ਦੀ ਸ਼ੋਭਾ ਵੱਧਾ ਰਹੇ ਸਨ। ਭਜਨ ਗਾਉਣ ਵਾਲੀ ਮੰਡਲੀਆ ਵਾਲਮੀਕਿ ਭਜਨਾਂ ਦਾ ਗੁਣਗਾਨ ਕਰ ਰਹੀਆਂ ਸਨ। ਪੂਰਾ ਸ਼ਹਿਰ ਵਾਲਮੀਕਿ ਜੈਕਾਰਾਂ ਨਾਲ ਗੂੰਜ ਉਠਿਆ। ਬੈਂਡ ਬਾਜੇ ਅਤੇ ਰੰਗੋਲੀ ਕਲਾਕਾਰ ਰੰਗੋਲੀ ਬਣਾ ਕੇ ਸ਼ੋਭਾ ਯਾਤਰਾ ਨੂੰ ਚਾਰ ਚੰਨ ਲਗਾ ਰਹੇ ਸਨ। ਭਗਵਾਨ ਵਾਲਮੀਕਿ ਦੀ ਪਾਲਕੀ ਅੱਗੇ ਸਾਰਿਆਂ ਨੇ ਮੱਥਾ ਟੇਕ ਕੇ ਪ੍ਰਮਾਤਮਾ ਦਾ ਅਸ਼ੀਰਵਾਦ ਲਿਆ ਅਤੇ ਪੁਨ ਦੇ ਭਾਗੀ ਬਣੇ। ਸ਼ੋਭਾ ਯਾਤਰਾ ਦੀ ਸਮਾਪਤੀ 'ਤੇ ਸਾਰੇ ਪਿੰਡਾਂ ਤੋਂ ਆਈਆਂ ਸੰਗਤਾਂ ਨੂੰ ਘੰਟਾਘਰ ਚੌਕ ਵਿਖੇ ਭਗਵਾਨ ਵਾਲਮੀਕਿ ਸਭਾ ਅਤੇ ਭਗਵਾਨ ਵਾਲਮੀਕਿ ਧਰਮ ਰਕਸ਼ਾ ਸਮਿਤੀ ਵੱਲੋਂ ਸਾਂਝੇ ਤੌਰ 'ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੋਗਿੰਦਰ ਪਾਲ ਮੰਗੂ, ਕਿਸ਼ਨ ਲਾਲ ਨਾਹਰ, ਮੁਕੇਸ਼ ਰੱਤੀ, ਅਜੇ ਕੁਮਾਰ ਲਾਡੀ, ਮਨੂ ਆਦੀਆ, ਐਸ.ਐਮ.ਸਿੱਧੂ, ਦਰਸ਼ਨ ਲਾਲ ਸਿੱਧੂ, ਅਨਿਲ ਹੰਸ, ਸੁਰਿੰਦਰ ਛਿੰਦਾ, ਸ਼ਕਤੀ ਰਹਿਲਾ, ਕਰਨਜੋਤ ਆਦੀਆ, ਸੋਮਾ ਆਦੀਆ, ਵਿਪਨ ਗੱਬਰ, ਗਾਗੋ ਸਾਈਂ, ਮਨੀ ਫਰਵਾਹਾ, ਗੁਰਦਾਸ ਰਾਮ ਬਿੱਟਾ, ਕਮਲ ਭੱਟੀ,ਰਾਜੂ ਰਿਸ਼ੀ ਨਗਰ, ਬੰਟੀ ਗਿੱਲ, ਅਮਰਜੀਤ ਖੋਸਲਾ, ਵਰਿੰਦਰ ਪਟਵਾਰੀ, ਬੱਬੀ ਲਾਹੌਰੀਆ, ਨਾਥੀ ਪਹਿਲਵਾਨ, ਬਿੱਲਾ ਕੋਚ, ਲੇਖ ਰਾਜ ਲੇਖੂ, ਰਵੀ ਕੁਮਾਰ, ਅਸ਼ੋਕ ਸ਼ੌਂਕੀ, ਯਸ਼ਪਾਲ ਕੌੜਾ, ਮੋਹਿੰਦਰ ਪਾਲ ਕੈਪੀਟਲ, ਹੇਮਰਾਜ ਪੱਪੂ, ਪ੍ਰੋ ਵਰਿੰਦਰ ਆਦੀਆ, ਵਿਕਰਮ ਆਦੀਆ, ਮਨਸਾ ਰਾਮ, ਅਰਜੁਨ ਮਰਵਾਹਾ, ਨਿਸ਼ਾਂਤ ਸਹੋਤਾ, ਸਾਗਰ ਹੰਸ, ਦੀਪਕ ਭੱਟੀ, ਤਰਸੇਮ ਲਾਲ ਨਾਰੂ ਨੰਗਲ, ਰੋਹਿਤ, ਵਿੱਕੀ ਆਦਿ ਸ਼ਾਮਲ ਹੋਏ।



11-OCT-PAGE-10.qxd 10/10/2022 9:54 PM Page 1



# ਪੰਜਾਬ ਸਰਕਾਰ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਵਚਨਬੱਧ : ਕਟਾਰੂ ਚੱਕ

**ਖੰਨਾ , (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਭਾਦਲਾ)** -ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਸਹੂਲਤ ਲਈ ਚੱਲ ਰਹੇ ਝੋਨੇ ਦੇ ਸੀਜ਼ਨ ਵਿੱਚ ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਦੀ ਉਪਜ ਦੇ ਇੱਕ-ਇੱਕ ਦਾਣੇ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਖਰੀਦ ਕੇ ਉਸ ਦੀ ਲਿਫਟਿੰਗ ਨੂੰ ਯਕੀਨੀ ਬਣਾਏਗੀ।



ਇਹ ਪ੍ਰਗਟਾਵਾ ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ, ਖ਼ਪਤਕਾਰ ਮਾਮਲੇ ਤੇ ਜੰਗਲਾਤ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿੱਚ ਝੋਨੇ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਵੀ ਸ਼ਾਮਲ ਸਨ।

ਕਟਾਰੂਚੱਕ ਨੇ ਕਿਹਾ ਕਿ ਪੂਰੇ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਹੁਣ ਤੱਕ ਸਰਕਾਰੀ ਖਰੀਦ ਏਜੰਸੀਆਂ ਵੱਲੋਂ 6,78,702 ਮੀਟਰਕ ਟਨ ਝੋਨੇ ਦੀ ਖਰੀਦ ਵੀ ਕੀਤੀ ਜਾ ਚੁੱਕੀ ਹੈ, ਜਦਕਿ ਪਿਛਲੇ ਸਾਲ ਇਹ ਅੰਕੜਾ 5,14,907 ਮੀਟਰਕ ਟਨ ਸੀ। ਉਨ੍ਹਾਂ ਕਿਹਾ ਕਿ ਹੁਣ ਤੱਕ ਕਿਸਾਨਾਂ ਨੂੰ ਝੋਨੇ ਦੀ 706 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ।

ਸ੍ਰੀ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ ਕਿ ਕਿਸਾਨਾਂ ਦੀ ਫ਼ਸਲ ਅਨਾਜ ਮੰਡੀਆਂ ਵਿੱਚੋਂ ਤੁਰੰਤ ਚੁੱਕ ਲਈ ਜਾਵੇ ਤੇ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵੇਲੇ ਕਿਸੇ ਕਿਸਮ ਦੀ ਸੱਮਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਹਾ ਕਿ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ, ਉਪ-ਮੰਡਲ ਮੈਜਿਸਟ੍ਰੇਟ ਤੇ ਸਾਰੀਆਂ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਝੋਨੇ ਦੀ ਖਰੀਦ ਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਆਦੇਸ਼ ਜਾਰੀ ਕੀਤੇ ਹੋਏ ਹਨ, ਤਾਂ ਜੁ ਪੰਜਾਬ ਦੇ ਕਿਸਾਨਾਂ ਨੂੰ ਝੋਨਾ ਵੇਚਣ ਵੇਲੇ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਤੋਂ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 48 ਘੰਟਿਆਂ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ। ਉਨ੍ਹਾਂ ਆੜ੍ਹਤੀਆਂ ਨੂੰ ਵੀ ਭਰੋਸਾ ਦਿਵਾਇਆ ਕਿ ਝੋਨੇ ਦੀ ਢੋਆ ਢੋਆਈ ਅਤੇ ਸਟੋਰੇਜ਼ ਵਿੱਚ ਵੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ 1 ਲੱਖ, 22 ਹਜ਼ਾਰ ਤੋਂ ਵੱਧ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਸਬਸਿਡੀ ਉੱਤੇ ਦਿੱਤੀਆਂ ਹਨ ਤੇ ਛੋਟੇ ਕਿਸਾਨਾਂ ਲਈ ਵੀ ਪ੍ਰਬੰਧ ਕੀਤੇ ਗਏ ਹਨ। ਪੰਜਾਬ ਵਿੱਚ ਵਾਤਾਵਰਣ ਬਚਾਉਣ ਸਬੰਧੀ ਜਾਗਰੂਕ ਮੁਹਿੰਮ ਵੀ ਚਲਾ ਰਹੇ ਹਾਂ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਵੀ ਕੀਤੀ ਤਾਂ ਜੁ ਪੰਜਾਬ ਦਾ ਵਾਤਾਵਰਣ ਪ੍ਰਦੂਸ਼ਤ ਹੋਣ ਤੋਂ ਬਚ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਐਸ.ਪੀ. ਖੰਨਾ ਸ੍ਰੀ ਦਾਮਿਆ ਹਰੀਸ਼ ਕੁਮਾਰ, ਓਮ ਪ੍ਰਕਾਸ਼, ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ, ਉਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਮਨਜੀਤ ਕੌਰ, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ (ਪੂਰਬੀ) ਸ੍ਰੀਮਤੀ ਸ਼ਿਫ਼ਾਲੀ ਚੋਪੜਾ, ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਹਰਬੰਸ ਸਿੰਘ ਰੋਸ਼ਾ, ਪ੍ਰਧਾਨ ਸੈਲਰ ਐਸੋਸੀਏਸ਼ਨ ਖੰਨਾ ਸ੍ਰੀ ਗੁਰਦਿਆਲ ਸਿੰਘ, ਜ਼ਿਲ੍ਹਾ ਮੰਡੀ ਅਫ਼ਸਰ ਲੁਧਿਆਣਾ ਸ੍ਰੀ ਬੀਰ ਇੰਦਰ ਸਿੰਘ ਸਿੱਧੂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਾਈਆਂਵਾਲਾ ਦੇ ਗੁਰੂ ਨਾਨਕ ਲਾਅ ਕਾਲਜ ਨੂੰ ਬਾਰ ਕੌਂਸਲ ਵੱਲੋਂ ਮਾਨਤਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਸਰਹੱਦੀ ਸ਼ਹਿਰ ਫਿਰੋਜ਼ਪੁਰ ਦੀ ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਨੂੰ ਇਲਾਕੇ ਦੇ ਲੋਕਾਂ ਨੂੰ ਉੱਚ ਕੁਆਲਟੀ ਦੀ ਵਿੱਦਿਆ ਪ੍ਰਦਾਨ ਕਰਨ ਦਾ ਮਾਣ ਹਾਸਲ ਹੈ। ਇਹ ਸੁਸਾਇਟੀ ਪਿਛਲੇ 51 ਸਾਲਾਂ ਤੋਂ ਫਿਰੋਜ਼ਪੁਰ ਤੇ ਇਸ ਦੇ ਦੁਆਲੇ ਤਕਰੀਬਨ 50 ਕਿੱਲੋਮੀਟਰ ਅੰਦਰ ਆਉਂਦੇ ਖੇਤਰ ਦੇ ਲੋਕਾਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ, ਜਿਸ ਵਿੱਚ ਗੁਰੂ ਨਾਨਕ ਕਾਲਜ, ਗੁਰੂ ਨਾਨਕ ਕਾਲਜੀਏਟ ਸਕੂਲ ਫਿਰੋਜ਼ਪੁਰ, ਗੁਰੂ ਨਾਨਕ ਆਈ ਟੀ ਆਈ ਫਿਰੋਜ਼ਪੁਰ ਤੋਂ ਇਲਾਵਾ ਇਸ ਐਜੂਕੇਸ਼ਨ ਸੁਸਾਇਟੀ ਨੇ ਉੱਚ ਵਿੱਦਿਆ ਦੇ ਖੇਤਰ ਵਿੱਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਸਬੰਧੀ ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਦੇ ਚੇਅਰਮੈਨ ਰਤਿੰਦਰ ਸਿੰਘ ਸਾਈਆਂਵਾਲਾ ਨੇ ਦੱਸਿਆ ਕਿ ਇਸ ਵਿੱਦਿਅਕ ਸਾਲ 2022-23 ਤੋਂ ਇੱਕ ਨਵੀਂ ਸੰਸਥਾ ਗੁਰੂ ਨਾਨਕ ਲਾਅ ਕਾਲਜ, ਸਾਈਆਂਵਾਲਾ (ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਸ਼ੁਰੂ ਹੋ ਚੁੱਕੀ ਹੈ। ਇਹ ਸੰਸਥਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਐਫੀਲੀਏਟਿਡ ਹੈ ਤੇ ਇਸ ਸੰਸਥਾ ਨੂੰ ਬਾਰ ਕਾਊਂਸਿਲ ਆਫ ਇੰਡੀਆ ਦੇ ਪੱਤਰ ਨੰਬਰ ਬੀ ਸੀ ਆਈ ਡੀ 1378: 2022 (ਐਲ ਈ, ਐੱਸ ਟੀ ਡੀ) ਦੇ ਹਵਾਲੇ ਨਾਲ ਲਾਅ ਕਾਲਜ ਸ਼ੁਰੂ ਕਰਨ ਦੀ ਪ੍ਰਵਾਨਗੀ ਮਿਲ ਚੁੱਕੀ ਹੈ। ਗੁਰੂ ਨਾਨਕ ਲਾਅ ਕਾਲਜ ਸਾਈਆਂਵਾਲਾ ਵਿਖੇ ਭਾਗ ਪਹਿਲਾ ਦੀਆਂ ਕਲਾਸਾਂ ਸ਼ੁਰੂ ਹੋ ਚੁੱਕੀਆਂ ਹਨ ਤੇ ਦਾਖਲਾ ਚੱਲ ਰਿਹਾ ਹੈ। ਗੁਰੂ ਨਾਨਕ ਲਾਅ ਕਾਲਜ ਸਾਈਆਂਵਾਲਾ ਦੀ ਮੈਨੇਜਮੈਂਟ ਦੇ ਪ੍ਰਧਾਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲੀਗਲ ਐਜੂਕੇਸ਼ਨ ਨਾਲ ਜੁੜੀਆਂ ਸਾਰੀਆਂ ਸਹੂਲਤਾਂ ਪੂਰੀਆਂ ਕਰ ਦਿੱਤੀਆਂ ਤੇ ਇਹ ਆਸ ਪ੍ਰਗਟਾਈ ਕਿ ਇਸ ਕਾਲਜ ਨਾਲ ਇਲਾਕੇ ਦਾ ਵਿੱਦਿਅਕ ਵਿਕਾਸ ਬਹੁਤ ਤੇਜ਼ੀ ਨਾਲ ਹੋਵੇਗਾ।

# ਇੰਪਲਾਈਜ਼ ਫੈਡਰੇਸ਼ਨ ਵੱਲੋਂ 18 ਦੇ ਧਰਨੇ ਦੀ ਤਿਆਰੀ ਵਜੋਂ ਗੇਟ ਰੈਲੀ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ 18 ਅਕਤੂਬਰ ਦੇ ਪਟਿਆਲਾ ਧਰਨੇ ਦੀ ਤਿਆਰੀ ਵਜੋਂ ਇੰਪਲਾਈਜ਼ ਫੈਡਰੇਸ਼ਨ (ਚਾਹਲ) ਥਰਮਲ ਪਲਾਂਟ ਦੀ ਅਗਵਾਈ ਹੇਠ ਬਿਜਲੀ ਮੁਲਾਜ਼ਮਾਂ ਨੇ ਗੇਟ ਰੈਲੀ ਕੀਤੀ। ਰੈਲੀ ਦੌਰਾਨ ਫੈਡਰੇਸ਼ਨ ਦੇ ਪ੍ਰਧਾਨ ਬਲਜੀਤ ਸਿੰਘ ਬਰਾੜ ਬੋਦੀ ਵਾਲਾ, ਰਜਿੰਦਰ ਸਿੰਘ (ਨਿੰਮਾ), ਲਖਵੰਤ ਸਿੰਘ ਬਾਂਡੀ ਤੇ ਰਘਬੀਰ ਸਿੰਘ ਸੈਣੀ ਆਦਿ ਨੇ ਸੰਬੋਧਨ ਕਰਦਿਆਂ ਪਾਵਰਕਾਮ ਤੇ ਟਰਾਂਸਕੋ ਦੇ ਪਟਿਆਲਾ ਸਥਿਤ ਮੁੱਖ ਦਫਤਰ ਅੱਗੇ 18 ਅਕਤੂਬਰ ਦੇ ਸੂਬਾਈ ਧਰਨੇ ਵਿੱਚ ਵੱਧ ਤੋਂ ਵੱਧ ਗਿਣਤੀ 'ਚ ਪਹੁੰਚਣ ਦਾ ਸੱਦਾ ਦਿੰਦੇ ਹੋਏ ਸਰਕਾਰ ਤੋਂ ਡੀ. ਏ. ਦੀਆਂ ਕਿਸ਼ਤਾਂ ਦਾ ਬਕਾਇਆ ਬਹਾਲ ਕਰਨ, ਪੇਅ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਪਿਛਲਾ ਬਕਾਇਆ ਤੁਰੰਤ ਜਾਰੀ ਕਰਨ, ਕੱਟਿਆ ਹੋਇਆ ਪੇਂਡੂ ਭੱਤਾ ਬਹਾਲ ਕਰਨ, ਬੰਦ ਕੀਤਾ ਮੋਬਾਇਲ ਭੱਤਾ ਜਾਰੀ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 9-16-23 ਸਾਲਾ ਸਮਾਂ-ਬੱਧ ਸਕੇਲ ਜਾਰੀ ਕਰਨ, ਠੇਕੇਦਾਰੀ ਸਿਸਟਮ ਬੰਦ ਕਰਕੇ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ, ਥਰਮਲ ਲਹਿਰਾ ਦੀਆਂ ਕੱਟੀਆਂ ਪੋਸਟਾਂ ਬਹਾਲ ਕਰਨ, ਥਰਮਲ ਬਠਿੰਡਾ ਦੀਆਂ ਪੋਸਟਾਂ ਨੂੰ ਲਹਿਰਾ ਮੁਹੱਬਤ ਵਿਖੇ ਤਬਦੀਲ ਕਰਨ ਤੇ ਯੂਨਿਟ ਨੰਬਰ 2 ਦੀ ਈ. ਐੱਸ. ਪੀ. ਦਾ ਢਾਂਚਾ ਨਵਾਂ ਲਗਾਉਣ ਦਾ ਕੰਮ ਜਲਦ ਸ਼ੁਰੂ ਕੀਤੇ ਜਾਣ ਦੀ ਮੰਗ ਕੀਤੀ। ਇਸ ਮੌਕੇ ਯਾਦਵਿੰਦਰ ਸਿੰਘ ਸਿੱਧੂ, ਦਮਨਜੀਤ ਸਿੰਘ, ਗੌਰਵ ਗਰਗ, ਵਿਕਾਸ ਗਰਗ, ਮਲਕੀਤ ਸਿੰਘ ਚੈਨਾ, ਰਾਜ ਕੁਮਾਰ, ਗੁਰਲਾਲ ਸਿੰਘ ਗਿੱਲ ਆਦਿ ਹਾਜ਼ਰ ਸਨ।

# ਕਹਾਣੀਕਾਰ ਡਾ. ਗੁਲਜ਼ਾਰ ਮੁਹੰਮਦ ਗੋਰੀਆ ਆਪਣੇ-ਆਪ 'ਚ ਇੱਕ ਵਿਲੱਖਣ ਸਾਹਿਤਕ ਸੰਸਥਾ ਸੀ-ਸੂਖਮ

**ਸਮਰਾਲਾ (ਸੁਰਜੀਤ ਸਿੰਘ)**-ਮਰਹੂਮ ਕਹਾਣੀਕਾਰ ਡਾ. ਗੁਲਜ਼ਾਰ ਮੁਹੰਮਦ ਗੋਰੀਆ ਆਪਣੇ ਆਪ ਵਿੱਚ ਇੱਕ ਵਿਲੱਖਣ ਸੰਸਥਾ ਸੀ। ਉਨ੍ਹਾਂ ਦੀ ਪੰਜਾਬੀ ਕਹਾਣੀ ਤੇ ਨਾਵਲ ਉੱਤੇ ਬੜੀ ਗੰਭੀਰ ਪਕੜ ਸੀ। ਉਨ੍ਹਾਂ ਆਪਣੀ ਜ਼ਿੰਦਗੀ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਗਲਪ ਦੇ ਖੇਤਰ ਵਿੱਚ ਵੱਡੇ ਮੁਕਾਮ ਹਾਸਲ ਕਰ ਲਏ ਸਨ। ਇਹ ਵਿਚਾਰ ਗਜ਼ਲਗੋ ਨਿਰੰਜਨ ਸੂਖਮ ਨੇ ਲੇਖਕ ਮੰਚ ਸਮਰਾਲਾ ਵੱਲੋਂ ਕਹਾਣੀਕਾਰ ਡਾ. ਗੁਲਜ਼ਾਰ ਮੁਹੰਮਦ ਗੋਰੀਆ ਦੀ ਯਾਦ ਨੂੰ ਸਮਰਪਤ ਮੰਚ ਦੇ ਪ੍ਰਧਾਨ ਮਾਸਟਰ ਤਰਲੋਚਨ ਸਿੰਘ ਦੀ ਪ੍ਰਧਾਨਗੀ ਵਿੱਚ ਮਾਸਿਕ ਮੀਟਿੰਗ ਦੌਰਾਨ ਹਾਜ਼ਰ ਲੇਖਕਾਂ ਨੂੰ ਮੁਖਾਤਿਬ ਹੁੰਦਿਆਂ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਡਾ. ਗੋਰੀਆ ਦੀ ਲੇਖਣ ਪ੍ਰਤੀ ਪਹੁੰਚ ਸਪੱਸ਼ਟਵਾਦੀ ਸੀ। ਉਨ੍ਹਾਂ ਆਪਣੇ ਕਥਾ ਸਾਹਿਤ ਵਿੱਚ ਦੱਬੇ-ਕੁਚਲੇ ਵਰਗ ਦੇ ਲੋਕਾਂ ਦੀ ਜ਼ਿੰਦਗੀ ਦੇ ਕਠਿਨ ਪੱਖ ਨੂੰ ਉਭਾਰਿਆ। ਉਨ੍ਹਾਂ ਕਿਹਾ ਡਾ. ਗੋਰੀਆ ਇਕ ਬਹੁ-ਪੱਖੀ ਸ਼ਖਸੀਅਤ ਸਨ, ਜਿਨ੍ਹਾਂ ਨੇ ਜ਼ਿੰਦਗੀ ਦੀਆਂ ਤਲਖੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ, ਪਰ ਕਦੇ ਵੀ ਹਾਰ ਨਹੀਂ ਮੰਨੀ। ਉਨ੍ਹਾ ਕਿਹਾ ਕਿ ਜੇ ਉਹ ਇੱਕ ਅਧਿਆਪਕ ਸਨ ਤਾਂ ਉਨ੍ਹਾਂ ਅਧਿਆਪਨ ਦਾ ਧਰਮ ਵੀ ਇਮਾਨਦਾਰੀ ਨਾਲ ਨਿਭਾਇਆ ਤੇ ਲੇਖਕ ਵਜੋਂ ਵੀ ਉਨ੍ਹਾਂ ਸਫਲਤਾ ਦੇ ਮੁਕਾਮ ਹਾਸਲ ਕੀਤੇ। ਡਾ. ਗੋਰੀਆ ਦੇ ਜੀਵਨ ਤੇ ਉਨ੍ਹਾਂ ਦੇ ਰਚਨਾ ਸੰਸਾਰ 'ਤੇ ਪ੍ਰਿੰ: ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਵੀ ਵਿਸਥਾਰ ਨਾਲ ਗੱਲਾਂ ਕੀਤੀਆਂ।



ਮੰਚ ਦੇ ਸਕੱਤਰ ਤੇ 'ਨਵਾਂ ਜ਼ਮਾਨਾ' ਦੇ ਪ੍ਰਤੀਨਿਧ ਸੁਰਜੀਤ ਸਿੰਘ ਵਿਸਾਦ ਨੇ ਪ੍ਰਸਿੱਧ ਲੇਖਕ ਤੇ ਅਨੁਵਾਦਕ ਜੰਗ ਬਹਾਦੁਰ ਗੋਇਲ ਰਿਟਾ. ਆਈ ਏ ਐੱਸ ਦੇ ਰਚਨਾ ਸੰਸਾਰ 'ਤੇ ਗੱਲ ਕਰਦਿਆਂ ਕਿਹਾ ਕਿ ਜੰਗ ਬਹਾਦੁਰ ਗੋਇਲ ਰਿਟਾ: ਆਈ ਏ ਐੱਸ ਨੇ ਅੰਗ੍ਰੇਜ਼ੀ ਦੇ 66 ਵਿਸ਼ਵ ਪ੍ਰਸਿੱਧ ਸਾਹਿਤ ਦੇ ਸ਼ਾਹਕਾਰ ਨਾਵਲਾਂ ਦਾ ਪੰਜ ਭਾਗਾਂ ਵਿੱਚ ਸਰਲ ਪੰਜਾਬੀ ਭਾਸ਼ਾ ਵਿੱਚ ਤਰਜਮਾਂ ਕਰਕੇ ਪੰਜਾਬੀ ਸਾਹਿਤ ਨੂੰ ਇੱਕ ਅਦੁੱਤੀ ਦੇਣ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸੰਜੀਦਾ ਪਾਠਕ ਅੰਗ੍ਰੇਜ਼ੀ ਦੇ ਨਾਵਲਾਂ ਨੂੰ ਅੰਗ੍ਰੇਜ਼ੀ ਵਿੱਚ ਨਹੀਂ ਪੜ੍ਹ ਸਕਦੇ, ਉਹ ਸਰਲ ਪੰਜਾਬੀ ਵਿੱਚ ਇਨ੍ਹਾਂ ਨਾਵਲਾਂ ਦੇ ਫਲਸਫੇ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਉਸ ਦਾ ਆਨੰਦ ਮਾਣ ਸਕਦੇ ਹਨ। ਉਨ੍ਹਾ ਦੱਸਿਆ ਕਿ ਹਾਲੀਆ ਸਮੇਂ ਵਿੱਚ ਜੰਗ ਬਹਾਦੁਰ ਗੋਇਲ ਰਿਟਾ. ਆਈ ਏ ਐੱਸ ਦੀਆਂ ਦੋ ਪੁਸਤਕਾਂ 'ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ ਭਾਗ ਪੰਜਵਾਂ ਤੇ 'ਸਾਹਿਤ ਸੰਜੀਵਨੀ' ਮਾਰਕੀਟ ਵਿੱਚ ਆਏ ਹਨ, ਜੋ ਕਿ ਅਦੀਬਾਂ ਦੇ ਪੜ੍ਹਨਯੋਗ ਹਨ। ਰਚਨਾਵਾਂ ਦੇ ਦੌਰ ਵਿੱਚ ਮੈਨੇਜਰ ਕਰਮ ਚੰਦ ਨੇ ਆਪਣੀ ਕਵਿਤਾ 'ਮਾਂ ਤੇ ਧੀ' ਅਤੇ ਆਪਣੀ ਬੇਟੀ ਪ੍ਰਵੀਣ ਬਾਲਾ ਦੀ ਰਚਨਾ ਪੇਸ਼ ਕੀਤੀ। ਅਵਤਾਰ ਸਿੰਘ ਉਟਾਲਾਂ ਨੇ ਨਜ਼ਮ ਪੇਸ਼ ਕੀਤੀ। ਅਮਨ ਤੇ ਜੱਸੀ ਢਿੱਲਵਾਂ ਨੇ ਗੀਤ ਪੇਸ਼ ਕੀਤੇ। ਪ੍ਰਸਿੱਧ ਲੇਖਕ ਕਮਲਜੀਤ ਸਿੰਘ ਨੀਲੋਂ ਨੇ ਆਪਣੀ ਕਹਾਣੀ 'ਹੋਰਾਂ ਦੀ ਗੱਲ' ਪੜ੍ਹ ਕੇ ਸੁਣਾਈ। ਰੁਪਿੰਦਰਪਾਲ ਸਿੰਘ ਗਿੱਲ ਨੇ 'ਕਰਾਮਾਤੀ ਕਮਰੇ' ਕਹਾਣੀ ਸੁਣਾਈ। ਨਿਰੰਜਣ ਸੂਖਮ ਨੇ ਆਪਣੀ ਗ਼ਜ਼ਲ ਪੇਸ਼ ਕੀਤੀ। ਹਰਨਾਮ ਸਿੰਘ ਡੱਲਾ ਨੇ ਆਪਣੀ ਨਵੀਂ ਲਿਖੀ ਪੁਸਤਕ 'ਬਿਖੜੇ ਰਾਹਾਂ ਦਾ ਪਾਂਧੀ-ਸ੍ਰ. ਪਿਆਰਾ ਸਿੰਘ ਭੋਲਾ' ਹਾਜ਼ਰ ਲੇਖਕਾਂ ਦੇ ਰੂਬਰੂ ਕੀਤੀ ਤੇ ਆਪਣੀ ਲਿਖੀ ਗ਼ਜ਼ਲ ਗਾ ਕੇ ਪੇਸ਼ ਕੀਤੀ। ਪ੍ਰਿੰ: ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਆਪਣੀ ਨਵੀਂ ਲਿਖੀ ਨਜ਼ਮ 'ਉਲਫਤ ਦਾ ਨਜ਼ਾਰਾ ਹੀ ਹੋਰ ਹੈ' ਤਰੰਨੁਮ ਵਿੱਚ ਪੇਸ਼ ਕਰਕੇ ਕਾਫੀ ਵਾਹ ਵਾਹੀ ਖੱਟੀ। ਇਸ ਦੌਰਾਨ ਪੜ੍ਹੀ ਗਈਆਂ ਸਾਰੀਆਂ ਰਚਨਾਵਾਂ 'ਤੇ ਹਾਜ਼ਰ ਲੇਖਕਾਂ ਨੇ ਉਸਾਰੂ ਬਹਿਸ ਕੀਤੀ ਤੇ ਰਚਨਾਵਾਂ 'ਤੇ ਸੁਝਾਅ ਵੀ ਪੇਸ਼ ਕੀਤੇ। ਮੰਚ ਦੇ ਪ੍ਰਧਾਨ ਮਾਸਟਰ ਤਰਲੋਚਨ ਸਿੰਘ ਨੇ ਜਿੱਥੇ ਸਾਰੀਆਂ ਰਚਨਾਵਾਂ ਤੇ ਗੰਭੀਰ ਚਰਚਾ ਕੀਤੀ ਤੇ ਸੁਝਾਅ ਦਿੱਤੇ ਉੱਥੇ ਉਨ੍ਹਾਂ ਅੰਤ ਵਿੱਚ ਆਏ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ। ਰਚਨਾਵਾਂ ਉੱਤੇ ਬਹਿਸ ਵਿੱਚ ਮਾਸਟਰ ਤਰਲੋਚਨ ਸਿੰਘ, ਪ੍ਰਿੰ: ਡਾ. ਪਰਮਿੰਦਰ ਸਿੰਘ ਬੈਨੀਪਾਲ, ਗੁਰਭਗਤ ਸਿੰਘ ਗਿੱਲ, ਨਿਰੰਜਨ ਸੂਖਮ, ਕਮਲਜੀਤ ਸਿੰਘ ਨੀਲੋਂ ਤੇ ਹਰਨਾਮ ਸਿੰਘ ਡੱਲਾ ਨੇ ਭਾਗ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮਜੀਤ ਸਿੰਘ ਬਾਸੀ, ਲਖਬੀਰ ਸਿੰਘ ਬਲਾਲਾ, ਹਰਨਾਮ ਸਿੰਘ ਡੱਲਾ, ਹਰਜਿੰਦਰਪਾਲ ਸਿੰਘ, ਕਮਲਜੀਤ ਸਿੰਘ ਨੀਲੋਂ, ਰਾਜਦੀਪ ਸਿੰਘ ਦਿੱਗਪਾਲ, ਗੁਰਭਗਤ ਸਿੰਘ ਗਿੱਲ, ਨਿਰੰਜਨ ਸੂਖਮ, ਰੁਪਿੰਦਰਪਾਲ ਸਿੰਘ, ਜੱਸੀ ਢਿੱਲਵਾਂ, ਕਰਨ, ਅਮਨਦੀਪ ਸਿੰਘ, ਅਵਤਾਰ ਉਟਾਲਾਂ, ਮੈਨੇਜਰ ਕਰਮ ਚੰਦ, ਪ੍ਰਿੰ: ਡਾ. ਪਰਮਿੰਦਰ ਸਿੰਘ ਬੈਨੀਪਾਲ ਤੇ ਮਾਸਟਰ ਤਰਲੋਚਨ ਸਿੰਘ ਹਾਜ਼ਰ ਰਹੇ।

# ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਆਯੁਰਵੈਦਿਕ ਇਲਾਜ ਕੈਂਪ ਦਾ ਆਯੋਜਨ

**ਮਲੋਟ, (ਗੁਰਮੀਤ ਸਿੰਘ ਮੱਕੜ)** ਪਿੰਡ ਡੱਬਵਾਲੀ ਮਲਕੋ ਵਿਖੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਆਸ਼ਰਮ ਵੱਲੋਂ ਸਾਹ ਨਾਲ ਸੰਬੰਧਤ ਰੋਗੀਆਂ ਦੇ ਲਈ ਵਿਸ਼ੇਸ਼ ਤੌਰ 'ਤੇ ਸ਼ਰਦ ਪੂਰਨਿਮਾ ਆਯੁਰਵੈਦਿਕ ਉਪਚਾਰ ਕੈਂਪ ਦਾ ਆਯੋਜਨ ਕੀਤਾ ਗਿਆ।



ਕੈਂਪ ਵਿਚ ਦਮਾ, ਪੁਰਾਣੀ ਖਾਂਸੀ, ਨਜਲਾ, ਐਲਰਜੀ, ਸਾਹ ਨਾਲ ਸੰਬੰਧਤ ਹੋਰ ਰੋਗਾਂ ਦੇ ਇਲਾਜ ਲਈ ਵੈਦਿਕ ਆਯੁਰਵੈਦਿਕ ਵਿਗਿਆਨ ਵੱਲੋਂ ਬਣਾਈ ਦਵਾਈ ਯੁਕਤ ਖੀਰ ਰੋਗੀਆਂ ਨੂੰ ਖਵਾਈ ਜਾਂਦੀ ਹੈ। ਵਿਸ਼ੇਸ਼ ਤੌਰ 'ਤੇ ਹਾਜ਼ਰ ਡਾ. ਰਾਜ ਕੁਮਾਰ ਨੇ ਦੱਸਿਆ ਕਿ ਅੱਸੂ ਮਹੀਨੇ ਦੀ ਸ਼ੁਕਲ ਪਕਸ਼ ਵਿੱਚ ਆਉਣ ਵਾਲੀ ਸ਼ਰਦ ਪੂਰਨਿਮਾ ਨੂੰ ਚੰਦਰਮਾ ਪ੍ਰਿਥਵੀ ਦੇ ਸਭ ਤੋਂ ਜ਼ਿਆਦਾ ਨੇੜੇ ਹੋਣ ਦੇ ਕਾਰਨ ਇਸ ਦੀਆਂ ਕਿਰਨਾਂ ਦਾ ਪ੍ਰਭਾਵ ਅੰਮ੍ਰਿਤ ਦੇ ਸਮਾਨ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਆਯੁਰਵੇਦ ਆਚਾਰਿਆ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸ਼ਰਦ ਪੂਰਨਿਮਾ ਵਿਚ ਸਰੀਰ, ਮਨ ਤੇ ਆਤਮਾ ਨੂੰ ਦ੍ਰਿੜ੍ਹ ਕਰਨ ਵਾਲੇ ਔਸ਼ਧੀ ਗੁਣ ਹੁੰਦੇ ਹਨ, ਇਸ ਕਾਰਨ ਪੂਰੇ ਦਿਨ ਵਰਤ ਰੱਖ ਕੇ ਰਾਤ ਨੂੰ ਖੁੱਲ੍ਹੇ ਮਿੱਟੀ ਦੇ ਬਰਤਨ ਵਿਚ ਪਕਾਈ ਅਤੇ ਰੱਖੀ ਗਈ ਖੀਰ ਦਾ ਸੇਵਨ ਕੀਤਾ ਜਾਂਦਾ ਹੈ, ਇਹ ਖੀਰ ਸਰਦੀਆਂ ਦੀ ਸ਼ੁਰੂਆਤ ਦੇ ਨਾਲ ਵਧਣ ਵਾਲੇ ਪਿੱਤ ਰੋਗ ਦੇ ਪ੍ਰਭਾਵ ਨੂੰ ਸ਼ਾਂਤ ਕਰਦੀ ਹੈ। ਕੈਂਪ ਵਿੱਚ ਹਾਜ਼ਰ ਲੋਕਾਂ ਨੂੰ ਆਯੁਰਵੈਦਿਕ ਇਲਾਜ ਤੋਂ ਜਾਗਰੂਕ ਕਰਦੇ ਹੋਏ ਦੱਸਿਆ ਕਿ ਕਿਸ ਤਰ੍ਹਾਂ ਸ਼ਰਦ ਪੂਰਨਿਮਾ ਦੀ ਰਾਤ ਆਯੁਰਵੈਦਿਕ ਖੀਰ ਦਾ ਸੇਵਨ ਕਰਨ ਅਤੇ ਨਾਲ ਹੀ ਉੱਚਿਤ ਪ੍ਰਹੇਜ਼ ਕਰਨ ਦੇ ਨਾਲ ਦਮਾ, ਖਾਂਸੀ ਤੇ ਹੋਰ ਸਾਹ ਸੰਬੰਧਿਤ ਰੋਗ ਹਮੇਸ਼ਾ ਦੇ ਲਈ ਦੂਰ ਹੋ ਜਾਂਦੇ ਹਨ।

ਸ੍ਰੀ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਸਵਾਮੀ ਨੀਰਜਾਨੰਦ ਨੇ ਇਸ ਦਿਨ ਦੇ ਮਹਾਨ ਅਧਿਆਤਮਕ ਮਹੱਤਵ ਤੋਂ ਜਾਣੂ ਕਰਾਇਆ ਅਤੇ ਕਿਹਾ ਕਿ ਸੰਸਥਾਨ ਹਰ ਸਾਲ ਇਸ ਤਿਉਹਾਰ ਦੇ ਅਧਿਆਤਮਕ, ਵਿਗਿਆਨਕ ਅਤੇ ਚਿਕਿਤਸਕ ਗੁਣਾਂ ਨੂੰ ਮੁੜ ਜਾਗ੍ਰਿਤ ਕਰਨ ਦੇ ਮਹੱਤਵ ਨਾਲ ਇਸ ਕੈਂਪ ਦਾ ਆਯੋਜਨ ਕਰਦਾ ਹੈ। ਕੈਂਪ ਵਿੱਚ ਆਯੁਰਵੈਦਿਕ ਡਾ. ਵੈਦ ਧਰਮਪਾਲ, ਡਾ. ਸ਼ਸ਼ੀ ਵੱਲੋਂ ਸਾਰੇ ਰੋਗਾਂ ਦੇ ਲਈ ਮੁਫ਼ਤ ਵਿਚਾਰ ਵਿਟਾਂਦਰਾ ਤੇ ਬੁਨਿਆਦੀ ਸਿਹਤ ਸੇਵਾਵਾਂ ਵੀ ਉਪਲੱਬਧ ਕਰਾਈਆਂ ਗਈਆਂ।

# ਝਾੜ ਸਾਹਿਬ ਕਾਲਜ ਵਿਖੇ ਦੋ ਰੋਜ਼ਾ ਇੰਟਰ ਕਾਲਜ ਗੱਤਕਾ ਟੂਰਨਾਮੈਂਟ ਕਰਾਏ

**ਸਮਰਾਲਾ, (ਸੁਰਜੀਤ ਸਿੰਘ)** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮਨ ਝਾੜ ਸਾਹਿਬ ਵਿਖੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦੋ ਰੋਜ਼ਾ ਇੰਟਰ ਕਾਲਜ ਗੱਤਕਾ ਟੂਰਨਾਮੈਂਟ ਕਰਾਏ ਗਏ, ਜਿਸ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਲੜਕਿਆਂ ਦੀਆਂ 14 ਟੀਮਾਂ ਤੇ ਲੜਕੀਆਂ ਦੀਆਂ 15 ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦੇ ਪਹਿਲੇ ਦਿਨ ਲੜਕਿਆਂ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਗੱਤਕਾ (ਫਰੀ ਸੋਟੀ) ਟੀਮ ਵਰਗ ਮੁਕਾਬਲੇ ਵਿਚ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਦੀ ਟੀਮ ਨੇ ਪਹਿਲਾ ਸਥਾਨ, ਜੀ ਐਨ ਕਾਲਜ ਨਾਰੰਗਵਾਲ ਦੀ ਟੀਮ ਨੇ ਦੂਜਾ ਤੇ ਗੁਰੂ ਨਾਨਕ ਕਾਲਜ ਮੁਕਤਸਰ ਸਾਹਿਬ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗੱਤਕਾ (ਸਿੰਗਲ ਸੋਟੀ) ਟੀਮ ਵਰਗ ਮੁਕਾਬਲੇ ਵਿੱਚ ਜੀ ਟੀ ਬੀ ਦਾਖਾ ਦੀ ਟੀਮ ਨੇ ਪਹਿਲਾ ਸਥਾਨ, ਐਸ ਪੀ ਐਨ ਕਾਲਜ ਮੁਕੇਰੀਆਂ ਦੀ ਟੀਮ ਨੇ ਦੂਜਾ ਸਥਾਨ ਤੇ ਗੁਰੂ ਨਾਨਕ ਕਾਲਜ ਮੁਕਤਸਰ ਸਾਹਿਬ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਿੰਗਲ ਸੋਟੀ ਵਿਅਕਤੀਗਤ ਮੁਕਾਬਲੇ ਵਿੱਚ ਐਸ ਪੀ ਐਨ ਕਾਲਜ ਮੁਕੇਰੀਆਂ ਨੇ ਪਹਿਲਾ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸੈਕਟਰ-26 ਚੰਡੀਗੜ੍ਹ ਨੇ ਦੂਜਾ ਤੇ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਫਰੀ ਸੋਟੀ ਵਿਅਕਤੀਗਤ ਮੁਕਾਬਲੇ ਵਿੱਚ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32, ਚੰਡੀਗੜ੍ਹ ਨੇ ਪਹਿਲਾ ਸਥਾਨ, ਜੀ ਐਨ ਸੀ ਮੁਕੇਰੀਆਂ ਨੇ ਦੂਜਾ ਤੇ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ ਸੈਕਟਰ-46 ਚੰਡੀਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਮੁਕਾਬਲਿਆਂ ਵਿਚ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਨੇ ਓਵਰਆਲ ਪਹਿਲਾ ਤੇ ਐਸ ਪੀ ਐਨ ਕਾਲਜ ਮੁਕੇਰੀਆਂ ਅਤੇ ਜੀ ਐਨ ਸੀ ਮੁਕੇਰੀਆਂ ਨੇ ਸਾਂਝੇ ਤੌਰ ਤੇ ਦੂਜਾ ਸਥਾਨ ਹਾਸਲ ਕੀਤਾ। ਲੜਕੀਆਂ ਦੀ ਗੱਤਕਾ (ਫਰੀ ਸੋਟੀ) ਟੀਮ ਵਰਗ ਮੁਕਾਬਲੇ ਵਿਚ ਜੀ ਟੀ ਬੀ ਕਾਲਜ ਦਸੂਹਾ ਨੇ ਪਹਿਲਾ ਸਥਾਨ, ਪੰਜਾਬ ਯੂਨੀਵਰਸਿਟੀ ਕੈਂਪਸ ਨੇ ਦੂਜਾ ਤੇ ਦਸਮੇਸ਼ ਕਾਲਜ ਮੁਕੇਰੀਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗੱਤਕਾ (ਸਿੰਗਲ ਸੋਟੀ) ਟੀਮ ਵਰਗ ਮੁਕਾਬਲੇ ਵਿਚ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਦੀ ਟੀਮਾਂ ਪਹਿਲੇ ਸਥਾਨ, ਪੰਜਾਬ ਯੂਨੀਵਰਸਿਟੀ ਕੈਂਪਸ ਦੂਸਰੇ ਅਤੇ ਜੀ ਟੀ ਬੀ ਕਾਲਜ, ਦਸੂਹਾ ਤੀਸਰੇ ਸਥਾਨ ਤੇ ਰਹੀਆਂ। ਲੜਕੀਆਂ ਦੇ ਫਰੀ ਸੋਟੀ ਵਿਅਕਤੀਗਤ ਮੁਕਾਬਲਿਆਂ ਵਿਚ ਜੀ ਟੀ ਬੀ ਕਾਲਜ ਦਸੂਹਾ ਪਹਿਲੇ, ਐਮ ਆਰ ਕਾਲਜ ਫ਼ਾਜ਼ਿਲਕਾ ਤੇ ਐਸ ਪੀ ਐਨ ਮੁਕੇਰੀਆਂ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਸਿੰਗਲ ਸੋਟੀ ਵਿਅਕਤੀਗਤ ਮੁਕਾਬਲਿਆਂ ਵਿਚ ਪੀ ਜੀ ਜੀ ਸੀ ਸੈਕਟਰ-11 ਚੰਡੀਗੜ੍ਹ ਪਹਿਲੇ ਸਥਾਨ, ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਦੂਜੇ ਤੇ ਪੰਜਾਬ ਯੂਨੀਵਰਸਿਟੀ ਕੈਂਪਸ ਤੀਜੇ ਸਥਾਨ 'ਤੇ ਰਹੇ। ਓਵਰਆਲ ਲੜਕੀਆਂ ਦੇ ਮੁਕਾਬਲਿਆਂ ਵਿੱਚ ਜੀ ਟੀ ਬੀ ਕਾਲਜ, ਦਸੂਹਾ ਪਹਿਲੇ, ਪੰਜਾਬ ਯੂਨੀਵਰਸਿਟੀ ਕੈਂਪਸ ਦੂਸਰੇ ਤੇ ਜੀ ਜੀ ਡੀ ਐਸ ਡੀ ਕਾਲਜ ਸੈਕਟਰ-32 ਚੰਡੀਗੜ੍ਹ ਤੀਜੇ ਸਥਾਨ 'ਤੇ ਰਹੇ। ਇਸ ਤੋਂ ਪਹਿਲਾਂ ਟੂਰਨਾਮੈਂਟ ਦਾ ਆਗਾਜ਼ ਕਰਦੇ ਹੋਏ ਸੁਖਮਿੰਦਰ ਸਿੰਘ ਸਕੱਤਰ ਵਿਦਿਆ ਐਸ ਜੀ ਪੀ ਸੀ, ਡਾ. ਰਾਕੇਸ਼ ਮਲਿਕ ਡਿਪਟੀ ਡਾਇਰੈਕਟਰ, ਡਾਇਰੈਕਟਰ ਆਫ ਸਪੋਰਟਸ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕਾਲਜ ਲੋਕਲ ਕਮੇਟੀ ਦੇ ਅਹੁਦੇਦੇਦਾਰ, ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਅਤੇ ਕਾਲਜ ਦੇ ਖੇਡ ਵਿਭਾਗ ਦੇ ਮੁਖੀ ਰਵਿਤਾ ਸੈਣੀ ਵਲੋਂ ਸਾਂਝੇ ਤੌਰ ਤੇ ਉਦਘਾਟਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਗਿਆ। ਕਾਲਜ ਦੀਆਂ ਖੇਡ ਪ੍ਰਾਪਤੀਆਂ ਦੀ ਰਿਪੋਰਟ ਡਾ. ਕਮਲਜੀਤ ਕੌਰ ਨੇ ਪੇਸ਼ ਕੀਤੀ। ਡਾ. ਰਾਕੇਸ਼ ਮਲਿਕ ਨੇ ਕਾਲਜ ਦੇ ਵਧੀਆ ਪ੍ਰਬੰਧ ਅਤੇ ਭਵਿੱਖ ਵਿੱਚ ਕਰਾਏ ਜਾਣ ਵਾਲੇ ਮੁਕਾਬਲਿਆਂ ਸਬੰਧੀ ਦੱਸਿਆ ਕਿ ਕਾਲਜ ਵਿੱਚ ਐਸ ਜੀ ਪੀ ਸੀ ਦੇ ਸਹਿਯੋਗ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਲਦ ਹੀ ਗੱਤਕਾ ਕੇਂਦਰ ਸਥਾਪਤ ਹੋਵੇਗਾ। ਸੁਖਵਿੰਦਰ ਸਿੰਘ ਸਕੱਤਰ (ਵਿਦਿਆ) ਨੇ ਖਿਡਾਰਨਾਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਗੱਤਕਾ ਸਵੈ ਰੱਖਿਆ ਲਈ ਵਰਤੀ ਜਾਣ ਵਾਲੀ ਕਲਾ ਹੈ, ਜਿਸ ਦੀ ਸ਼ੁਰੂਆਤ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ। ਉਨ੍ਹਾਂ ਐਸ ਜੀ ਪੀ ਸੀ ਵੱਲੋਂ ਗੱਤਕਾ ਕਿੱਟਾਂ ਕਾਲਜ ਨੂੰ ਦੇਣ ਦਾ ਭਰੋਸਾ ਦਿੱਤਾ। ਸਾਰੇ ਪ੍ਰੋਗਰਾਮ ਦੀ ਸਟੇਜ ਦਾ ਸੰਚਾਲਨ ਦਾ ਕੰਮ ਡਾ. ਮਹੀਪਿੰਦਰ ਕੌਰ ਨੇ ਬਹੁਤ ਹੀ ਕੁਸ਼ਲਤਾ ਨਾਲ ਕੀਤਾ।



# ਪਾਵਰਕਾਮ ਮੁਲਾਜ਼ਮਾਂ ਵੱਲੋਂ ਮੀਟਿੰਗ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਸਥਾਨਕ ਪਾਵਰਕਾਮ 'ਚ ਮੁਲਾਜ਼ਮ ਯੂਨਾਇਟਿਡ ਆਰਗੇਨਾਈਜ਼ੇਸ਼ਨ ਦੀ ਮੀਟਿੰਗ ਪ੍ਰਧਾਨ ਗੁਰਮੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਉਨ੍ਹਾਂ ਸਰਕਾਰ ਤੇ ਮੈਨੇਜਮੈਂਟ ਤੋਂ ਮੰਗ ਕੀਤੀ ਹੈ ਕਿ 3 ਸਾਲ ਪੂਰੇ ਕਰ ਚੁੱਕੇ ਸਹਾਇਕ ਲਾਈਨਮੈਨਾਂ ਨੂੰ ਜਲਦੀ ਤੋਂ ਜਲਦੀ ਲਾਈਨਮੈਨ ਬਣਾਇਆ ਜਾਵੇ, 295-19 ਅਧੀਨ ਰਹਿੰਦੇ ਸਾਥੀਆਂ ਨੂੰ ਜਲਦੀ ਨਿਯੁਕਤੀ ਪੱਤਰ ਦਿੱਤੇ ਜਾਣ ਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਫੀਲਡ 'ਚ ਕੰਮ ਕਰਦੇ ਲਾਈਨਮੈਨਾਂ, ਸਹਾਇਕ ਲਾਈਨਮੈਨਾਂ ਨੂੰ ਪੈਟਰੋਲ ਭੱਤਾ ਦਿੱਤਾ ਜਾਵੇ। ਇਸ ਮੌਕੇ ਪ੍ਰਧਾਨ ਗੁਰਮੀਤ ਸਿੰਘ, ਮੀਤ ਪ੍ਰਧਾਨ ਹਰਦੀਪ ਸਿੰਘ ਧੌਲਾ, ਮਲਕੀਤ ਸਿੰਘ, ਸੁਖਦੇਵ ਸਿੰਘ, ਹਰਜਿੰਦਰ ਸਿੰਘ, ਜਸਮੀਤ ਸਿੰਘ, ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਝੋਨੇ ਦੀ ਰਹਿੰਦ-ਖੂੰਹਦ ਸੰਬੰਧੀ ਗਾਗੇਵਾਲ ਵਿਖੇ ਕੈਂਪ

**ਬਰਨਾਲਾ, (ਰਜਿੰਦਰ ਬਰਾੜ/ਅਸ਼ੋਕ ਟੋਨੀ)**-ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਖੇਤੀਬਾੜੀ ਵਿਭਾਗ ਵੱਲੋਂ ਪਿੰਡ ਗਾਗੇਵਾਲ ਬਲਾਕ ਮਹਿਲ ਕਲਾਂ ਵਿਖੇ ਬਲਾਕ ਖੇਤੀਬਾੜੀ ਅਫ਼ਸਰ ਡਾ. ਜਰਨੈਲ ਸਿੰਘ ਸਿੱਧੂ ਦੀ ਅਗਵਾਈ ਹੇਠ ਸੀ.ਆਰ.ਐਮ ਸਕੀਮ ਅਧੀਨ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ, ਜਿਸ ਦੌਰਾਨ ਇਲਾਕੇ ਦੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਡਾ. ਜਰਨੈਲ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਜਿੱਥੇ ਅਸੀਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ, ਉੱਥੇ ਧਰਤੀ ਦੀ ਉਪਜਾਊ ਸ਼ਕਤੀ ਅਤੇ ਮਿੱਤਰ ਕੀੜੇ ਵੀ ਮਾਰ ਰਹੇ ਹਾਂ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਬਿਨਾਂ ਅੱਗ ਲਾਏ ਖੇਤ ਵਿੱਚ ਵਾਹ ਕੇ ਹੀ ਨਵੀਂਆਂ ਤਕਨੀਕਾਂ (ਹੈਪੀਸੀਡਰ, ਸੁਪਰਸੀਡਰ ਆਦਿ) ਨਾਲ ਹੀ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਜੁ ਆਉਣ ਵਾਲੀਆਂ ਨਸਲਾਂ ਲਈ ਸ਼ੁੱਧ ਵਾਤਾਵਰਣ ਪ੍ਰਦਾਨ ਕੀਤਾ ਜਾ ਸਕੇ। ਇਸ ਮੌਕੇ ਸਨਵਿੰਦਰਪਾਲ ਸਿੰਘ ਬਰਾੜ, ਬੀ.ਟੀ.ਐਮ. (ਆਤਮਾ) ਨੇ ਆਤਮਾ ਸਕੀਮ ਅਧੀਨ ਦਿੱਤੀ ਜਾਂਦੀ ਸਹਾਇਤਾ (ਪ੍ਰਦਰਸ਼ਨੀ ਪਲਾਂਟ, ਟ੍ਰੇਨਿੰਗਾਂ, ਪ੍ਰਭਾਵੀ ਦੌਰੇ ਆਦਿ) ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਿਹਾ ਕਿ ਆਰਥਿਕ ਕਗਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀ ਵਿਗਿਆਨੀਆਂ ਵੱਲੋਂ ਸਿਫ਼ਾਰਿਸ਼ ਕੀਤੀਆਂ ਦਵਾਈਆਂ ਦੀ ਸਹੀ ਮਾਤਰਾ ਵਿੱਚ ਹੀ ਖੇਤਾਂ ਵਿੱਚ ਪਾਈਆਂ ਜਾਣ ਤੇ ਵਿਭਾਗ ਵੱਲੋਂ ਇਨਸਿਟੂ ਸਕੀਮ ਅਧੀਨ ਸਬਸਿਡੀ ਤੇ ਪਰਾਲੀ ਨੂੰ ਸਾਂਭਣ ਵਾਲੀਆਂ ਦਿੱਤੀਆਂ ਜਾਂਦੀਆਂ ਮਸ਼ੀਨਾਂ ਬਾਰੇ ਦੱਸਿਆ।

ਕੈਂਪ ਦੌਰਾਨ ਖੇਤੀਬਾੜੀ ਮਾਹਿਰਾਂ ਦੀ ਟੀਮ ਵਿੱਚ ਚਰਨ ਰਾਮ, ਖੇਤੀਬਾੜੀ ਵਿਸਥਾਰ ਅਫਸਰ, ਹਰਪਾਲ ਸਿੰਘ ਏ.ਐਸ.ਆਈ., ਮਹਿਲ ਕਲਾਂ, ਕੁਲਵੀਰ ਸਿੰਘ ਏ.ਟੀ.ਐਮ. ਤੇ ਕਿਸਾਨ ਅਮਰਜੀਤ ਸਿੰਘ, ਰਣਜੀਤ ਸਿੰਘ, ਬਰਜਿੰਦਰ ਸਿੰਘ ਤੇ ਮਹਿੰਦਰ ਸਿੰਘ ਆਦਿ ਹਾਜ਼ਰ ਸਨ।

# ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਅਦਾਕਾਰਾ ਤੇ ਗਾਇਕਾ ਆਦਿਤੀ ਆਰੀਆ ਵੱਲੋਂ ਸ਼ਿਰਕਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** ਮਾਤਾ ਸਾਹਿਬ ਕੌਰ ਸੀ. ਸੈ. ਪਬਲਿਕ ਸਕੂਲ ਵਿੱਚ ਪੰਜਾਬੀ ਇੰਡਸਟਰੀ ਦੀ ਮੰਨੀ-ਪ੍ਰਮੰਨੀ ਅਦਾਕਾਰਾ ਤੇ ਗਾਇਕਾ ਆਦਿਤੀ ਆਰੀਆ ਨੇ ਸ਼ਿਰਕਤ ਕੀਤੀ। ਸਕੂਲ ਦੇ ਵਿਦਿਆਰਥੀਆਂ ਨਾਲ ਉਨ੍ਹਾਂ ਨੇ ਆਪਣੀ ਗਾਇਕੀ ਤੇ ਫ਼ਿਲਮ ਜਗਤ ਦੇ ਸਫ਼ਰ ਨੂੰ ਸਾਂਝਾ ਕੀਤਾ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਜੋ ਵਿਦੇਸ਼ ਜਾਣ ਨੂੰ ਲੈ ਕੇ ਬਹੁਤ ਜ਼ਿਆਦਾ ਕਰੇਜ ਬਣਿਆ ਹੋਇਆ ਹੈ, ਉਸ ਨੂੰ ਲੈ ਅਦਾਕਾਰਾ ਨੇ ਚਿੰਤਾ ਜ਼ਾਹਰ ਕੀਤੀ ਤੇ ਵਿਦਿਆਰਥੀਆਂ ਵਿਦੇਸ਼ ਨਾ ਜਾਣ ਲਈ ਕਿਹਾ। ਅਦਾਕਾਰਾ ਨੇ ਦੱਸਿਆ ਕਿ ਅਸੀਂ ਪੰਜਾਬੀ ਅਮੀਰ ਵਿਰਸੇ ਦੇ ਮਾਲਕ ਹਾਂ ਅਤੇ ਸਾਨੂੰ ਆਪਣੀ ਅਮੀਰ ਵਿਰਾਸਤ 'ਤੇ ਹੀ ਪਹਿਰਾ ਦੇਣਾ ਚਾਹੀਦਾ ਹੈ, ਜਿਵੇਂ ਰੁੱਖ ਜੜ੍ਹ ਤੋਂ ਬਿਨਾਂ ਸੁੱਕ ਜਾਂਦਾ ਹੈ, ਉਸੇ ਤਰ੍ਹਾਂ ਹੀ ਪੰਜਾਬੀ ਵਿਰਸਾ ਸਾਡੀ ਜੜ੍ਹ ਹੈ ਤੇ ਸਾਨੂੰ ਹਮੇਸ਼ਾ ਇਸਦੇ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਨੇ ਗਾਇਕੀ ਦੀਆਂ ਬਾਰੀਕੀਆਂ ਤੋ ਜਾਣੂ ਕਰਾਇਆ ਤੇ ਆਪਣੀ ਗਾਇਕੀ ਨੂੰ ਸਾਫ਼-ਸੁਥਰੇ ਢੰਗ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਨੇ ਆਦਿਤੀ ਦੀ ਗਾਇਕੀ ਦਾ ਆਨੰਦ ਲਿਆ ਤੇ ਬਹੁਤ ਸਾਰੇ ਵਿਦਿਆਰਥੀਆਂ ਨੇ ਉਨ੍ਹਾਂ ਨਾਲ ਗਾਇਕੀ ਨਾਲ ਸਬੰਧਤ ਸਵਾਲ ਜਵਾਬ ਕੀਤੇ। ਆਦਿਤੀ ਆਰੀਆ ਨੇ ਸਾਰੇ ਵਿਦਿਆਰਥੀਆਂ ਨਾਲ ਰੂ ਬ ਰੂ ਹੁੰਦੇ ਹੋਏ ਸਟੇਜ ਤੋਂ ਥੱਲੇ ਆ ਕੇ ਗਾਇਕੀ ਦੀ ਪ੍ਰੇਸ਼ਕਾਰੀ ਕੀਤੀ। ਸਕੂਲ ਦੇ ਸਮੂਹ ਸਟਾਫ਼ ਮੈਂਬਰਾਂ ਨੇ ਵੀ ਇਨ੍ਹਾਂ ਪਲਾਂ ਦਾ ਭਰਪੂਰ ਆਨੰਦ ਲਿਆ। ਆਦਿਤੀ ਨੇ ਆਪਣੀ ਆ ਚੁੱਕੀ ਨਵੀ ਪੰਜਾਬੀ ਫ਼ਿਲਮ 'ਖਾਉ ਪੀਉ ਐਸ਼ ਕਰੋ' ਦੇ ਡਾਈਲਾਗ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਅਤੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਅੱਗੇ ਵਧਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਕਦੇ ਵੀ ਹਾਰ ਨਹੀ ਮੰਨਣੀ ਚਾਹੀਦੀ। ਸਕੂਲ ਦੇ ਪ੍ਰਿੰਸੀਪਲ ਡਾ ਪੰਕਜ ਧਮੀਜਾ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਹਰਬੀਰ ਸਿੰਘ, ਗੁਰਿੰਦਰ ਸਿੰਘ ਤੇ ਮੈਡਮ ਸਿਮਰਨ ਤੇ ਸਮੂਹ ਸਕੂਲ ਸਟਾਫ਼ ਦੇ ਨਾਲ ਪੰਜਾਬੀ ਅਦਾਕਾਰਾ ਆਦਿਤੀ ਆਰੀਆ ਨੇ ਕੁਝ ਮਹੱਤਵਪੂਰਨ ਪਲ ਬਿਤਾਏ। ਸਮੂਹ ਸਟਾਫ਼ ਦੇ ਨਾਲ ਯਾਦਗਾਰੀ ਤਸਵੀਰ ਕਰਾਈ ਗਈ ਅਤੇ ਪੰਜਾਬੀ ਅਦਾਕਾਰਾ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

# ਭਗਵਾਨ ਵਾਲਮੀਕਿ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ : ਸ਼ੁਭਮ ਸ਼ਰਮਾ



**ਧੂਰੀ, (ਰਾਜੇਸ਼ਵਰ ਪਿੰਟੂ)**-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਸੁਭੀ ਨੇ ਭਗਵਾਨ ਵਾਲਮੀਕਿ ਜੈਅੰਤੀ ਮੌਕੇ ਹਲਕਾ ਧੂਰੀ ਵਿੱਚ ਵੱਖ-ਵੱਖ ਪਿੰਡਾਂ ਵਿੱਚ ਕਰਵਾਏ ਗਏ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ।

ਉਨ੍ਹਾ ਸਮਾਗਮਾਂ ਦੌਰਾਨ ਇਕੱਠਾਂ ਨੂੰ ਸੰਬੋਧਰਨ ਕਰਦਿਆਂ ਭਾਈਚਾਰੇ ਨੂੰ 'ਭਗਵਾਨ ਵਾਲਮੀਕਿ' ਪ੍ਰਗਟ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਹੱਕ ਸੱਚ ਦੀ ਲੜਾਈ ਲੜਦਿਆਂ ਭਗਵਾਨ ਵਾਲਮੀਕਿ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ। ਇਸ ਮੌਕੇ ਵੱਖ-ਵੱਖ ਕਮੇਟੀਆਂ ਵੱਲੋਂ ਸ਼ੁਭਮ ਸ਼ਰਮਾ ਦਾ ਸਨਮਾਨ ਵੀ ਕੀਤਾ ਗਿਆ।

# ਸਰਕਾਰ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ : ਸਿਹਤ ਮੰਤਰੀ

**ਜੀਰਾ (ਪਰਮਜੀਤ ਸਿੰਘ ਧੰਜੂ)** ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪੁਚਾਉਣ ਦੇ ਸੰਕਲਪ ਨੂੰ ਪੂਰਾ ਕਰਦੇ ਹੋਏ ਸਿਹਤ ਮੰਤਰੀ ਚੇਤਨ ਸਿੰਘ ਜੌੜਮਾਜਰਾ ਨੇ ਪਿੰਡ ਠੱਠਾ ਕਿਸਨ ਸਿੰਘ ਵਿਖੇ ਸਰਕਾਰੀ ਸਿਹਤ ਕੇਂਦਰ ਨੂੰ ਅਪਗ੍ਰੇਡ ਕਰਨ ਲਈ ਤਜਵੀਜ਼ ਤਿਆਰ ਕਰਨ ਦੇ ਆਦੇਸ਼ ਸਿਵਲ ਸਰਜਨ ਡਾ. ਰਜਿੰਦਰ ਪਾਲ ਨੂੰ ਦਿੱਤੇ। ਜੌੜਮਾਜਰਾ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਲੈਣ ਲਈ ਹੁਣ ਦੂਰ ਸ਼ਹਿਰਾਂ ਵਿੱਚ ਨਹੀਂ ਜਾਣਾ ਪਵੇਗਾ, ਸਗੋਂ ਉਨ੍ਹਾਂ ਦੇ ਪਿੰਡਾਂ ਤੇ ਮੁਹੱਲਿਆਂ ਵਿੱਚ 100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਮਰੀਜ਼ਾਂ ਦਾ ਇਲਾਜ, ਟੈੱਸਟ ਤੇ ਦਵਾਈ ਬਿਲਕੁਲ ਮੁਫ਼ਤ ਹੈ। ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਅਗਵਾਈ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤਾਂ ਜੁ ਲੋਕ ਸਿਹਤਮੰਦ ਤੇ ਖੁਸ਼ਹਾਲ ਜੀਵਨ ਬਤੀਤ ਕਰ ਸਕਣ। ਉਨ੍ਹਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਪਿੰਡਾਂ ਵਿੱਚ ਹੋਰ ਆਮ ਆਦਮੀ ਕਲੀਨਿਕ ਹੋਰ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਸਪਤਾਲਾਂ ਵਿੱਚ ਓਟ ਸੈਂਟਰ ਖੋਲੇ ਗਏ ਹਨ, ਜਿੱਥੇ ਨਸ਼ੇ ਦੀ ਬੁਰੀ ਆਦਤ ਵਿੱਚ ਫਸੇ ਲੋਕਾਂ ਦੀ ਕਾਊਂਸਲਿੰਗ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ, ਸਰਕਾਰੀ ਸਿਹਤ ਕੇਂਦਰਾਂ ਵਿੱਚ ਸਿਹਤ ਬੀਮਾ ਯੋਜਨਾ ਅਧੀਨ ਮੁਫ਼ਤ ਇਲਾਜ ਇਲਾਜ ਕੀਤਾ ਜਾ ਰਿਹਾ ਹੈ।



ਐਮ ਐਲ ਏ ਸ੍ਰੀ ਨਰੇਸ਼ ਕਟਾਰੀਆ ਤੇ ਸ੍ਰੀਮਤੀ ਰਾਜ ਕੌਰ ਨੇ ਦੱਸਿਆ ਕਿ ਜੀਰਾ ਵਿੱਚ ਸਿਹਤ ਤੇ ਵਿਕਾਸ ਕਾਰਜਾਂ ਵਿੱਚ ਕੋਈ ਵੀ ਕਮੀ ਨਹੀਂ ਆਣ ਦਿੱਤੀ ਜਾਵੇਗੀ। ਹਲਕਾ ਜੀਰਾ ਵਿੱਚ ਸਰਕਾਰ ਵੱਲੋਂ ਪਹਿਲਾਂ ਹੀ ਦੋ ਆਮ ਆਦਮੀ ਕਲੀਨਿਕ ਲੋਕਾਂ ਦੀ ਸੇਵਾ ਲਈ ਸ਼ੁਰੂ ਕੀਤੇ ਜਾ ਚੁੱਕੇ ਹਨ। ਉਨ੍ਹਾਂ ਜੌੜਮਾਜਰਾ ਦਾ ਪਿੰਡ ਠੱਠਾ ਕਿਸ਼ਨ ਸਿੰਘ ਵਿਖੇ ਸਿਹਤ ਕੇਂਦਰ ਨੂੰ ਅਪਗ੍ਰੇਡ ਕਰਨ 'ਤੇ ਧੰਨਵਾਦ ਕੀਤਾ। ਸਿਵਲ ਸਰਜਨ ਡਾ. ਰਜਿੰਦਰ ਪਾਲ ਨੇ ਦੱਸਿਆ ਕਿ ਸਿਹਤ ਮੰਤਰੀ ਚੇਤਨ ਸਿੰਘ ਜੌੜਮਾਜਰਾ ਵੱਲੋਂ ਠੱਠਾ ਕਿਸ਼ਨ ਸਿੰਘ ਸੈਂਟਰ ਨੂੰ ਅਪਗ੍ਰੇਡ ਕਰਨ ਦੀ ਤਜਵੀਜ਼ ਮੰਗੀ ਗਈ ਹੈ, ਜਿਸ ਨੂੰ ਸਮੇਂ ਸਿਰ ਪੂਰਾ ਕਰਕੇ ਮੰਤਰੀ ਨੂੰ ਭੇਜ ਦਿੱਤੀ ਜਾਏਗੀ ਤਾਂ ਜੁ ਇਲਾਕੇ ਦੇ ਲੋਕਾਂ ਨੂੰ ਹੋਰ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ। ਇਸ ਦੌਰਾਨ ਏ ਡੀ ਸੀ ਫ਼ਿਰੋਜ਼ਪੁਰ ਸ੍ਰੀ ਸਾਗਰ ਸੇਤੀਆ, ਐਸ ਡੀ ਐਮ ਜੀਰਾ, ਸਿਵਲ ਸਰਜਨ ਫ਼ਿਰੋਜ਼ਪੁਰ ਡਾ ਰਜਿੰਦਰ ਪਾਲ, ਨਾਇਬ ਤਹਿਸੀਲਦਾਰ ਸ੍ਰੀ ਵਿਨੋਦ ਕੁਮਾਰ, ਡਾ. ਬਲਕਾਰ ਸਿੰਘ ਸੀਨੀਅਰ ਮੈਡੀਕਲ ਅਫਸਰ ਕੱਸੋਆਣਾ, ਵਿਕਰਮਜੀਤ ਸਿੰਘ ਬਲਾਕ ਐਜੂਕੇਟਰ, ਰਜਨੀਕ ਕੌਰ ਬੀ ਸੀ ਸੀ ਕੋਆਰਡੀਨੇਟਰ ਤੇ ਸਿਹਤ ਸਟਾਫ਼ ਆਦਿ ਹਾਜ਼ਰ ਸਨ।

# ਭਾਜਪਾ ਦਮਨਕਾਰੀ ਨੀਤੀਆਂ ਰਾਹੀਂ ਪੂਰੇ ਭਾਰਤ 'ਤੇ ਕਬਜ਼ਾ ਕਰਨਾ ਚਾਹੁੰਦੀ : ਪ੍ਰਧਾਨ ਅਰੋੜਾ

**ਦੋਰਾਹਾ, (ਹਰਮਿੰਦਰ ਸੇਠ)** ਬੀਜੇਪੀ ਦਮਨਕਾਰੀ ਨੀਤੀ ਰਾਹੀਂ ਸੂਬਿਆਂ ਦਾ ਖਾਤਮਾ ਕਰਕੇ ਗੈਰ ਲੋਕਤੰਤਰਿਕ ਤਰੀਕੇ ਨਾਲ ਪੂਰੇ ਭਾਰਤ 'ਚ ਮੋਦੀ ਰਾਜ ਸਥਾਪਤ ਕਰਨਾ ਚਾਹੁੰਦੀ ਹੈ, ਜਿਸਦੀ ਕੋਸ਼ਿਸ਼ ਇਨ੍ਹਾਂ ਪਿਛਲੇ ਦਿਨੀਂ ਪੰਜਾਬ 'ਚ ਕੀਤੀ, ਪਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਦੇ ਚੱਲਦਿਆਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਇਮਾਨਦਾਰੀ ਸ਼ਖ਼ਸੀਅਤ ਸਦਕਾ ਪੰਜਾਬੀਆਂ ਦੇ ਸਹਿਯੋਗ ਨਾਲ ਇਨ੍ਹਾਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ।



ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੋਰਾਹਾ ਯੂਥ ਦੇ ਪ੍ਰਧਾਨ ਮਨੀਸ਼ ਅਰੋੜਾ ਮਨੀ ਨੇ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ, ਕਾਂਗਰਸ ਤੇ ਬੀਜੇਪੀ ਨੇ ਆਜ਼ਾਦੀ ਦੇ 75 ਸਾਲਾਂ 'ਚ ਪੰਜਾਬ ਨੂੰ ਲੁੱਟ ਕੇ ਹੀ ਖਾਂਦਾ ਹੈ, ਜਿਸ ਕਾਰਨ ਲੰਘੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬੀਆਂ ਨੇ ਇਨ੍ਹਾਂ ਦੇ ਉਹ ਹਾਲਾਤ ਕੀਤੇ, ਜੋ ਇਨ੍ਹਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚੇ ਹੋਣਗੇ।

ਪ੍ਰਧਾਨ ਅਰੋੜਾ ਨੇ ਕਿਹਾ ਕਿ ਗੁਜਰਾਤ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ 'ਆਪ' ਦੇ ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ ਤੇ ਬੇਜੀਪੀ ਨੂੰ ਇਨ੍ਹਾਂ ਦੇ ਘਰ 'ਚ ਹੀ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖਣਾ ਪਵੇਗਾ। ਆਮ ਆਦਮੀ ਪਾਰਟੀ ਦੀ ਵਧੀਆ ਨੀਤੀਆਂ ਕਰਕੇ ਹੀ ਪਹਿਲਾਂ ਦਿੱਲੀ ਤੇ ਫਿਰ ਪੰਜਾਬ ਤੇ ਹੁਣ ਗੁਜਰਾਤ ਵਿੱਚ 'ਆਪ' ਪਾਰਟੀ ਜਿੱਤਣ ਜਾ ਰਹੀ ਹੈ।

# ਪਰਾਲੀ ਦੇ ਮਸਲੇ ਸੰਬੰਧੀ 17 ਨੂੰ ਡੀ ਸੀ ਨੂੰ ਚੇਤਾਵਨੀ ਪੱਤਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਅਮਰਜੀਤ ਹਨੀ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਦੇ ਮਸਲੇ ਲੈ ਕੇ 17 ਅਕਤੂਬਰ ਨੂੰ ਡੀ ਸੀ ਬਠਿੰਡਾ ਨੂੰ ਚਿਤਾਵਨੀ ਪੱਤਰ ਦਿੱਤਾ ਜਾਵੇਗਾ। ਇਸ ਦੀ ਤਿਆਰੀ ਵਜੋਂ ਪਿੰਡ ਗੋਬਿੰਦਪੁਰਾ ਦੇ ਵਿੱਚ ਕਿਸਾਨਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਿੰਡ ਪ੍ਰਧਾਨ ਬਖਸ਼ੀਸ਼ ਸਿੰਘ ਖਾਲਸੇ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪਹਿਲਾਂ ਦੀਆਂ ਸਰਕਾਰਾਂ ਵਾਂਗ ਪਰਾਲੀ ਦਾ ਠੋਸ ਹੱਲ ਕਰਨ ਦੀ ਬਜਾਏ ਕਿਸਾਨਾਂ ਤੋਂ ਡੰਡੇ ਦੇ ਜੋਰ ਪਰਾਲੀ ਦਾ ਹੱਲ ਕਰਾਇਆ ਜਾ ਰਿਹਾ ਹੈ।



ਕਿਰਤੀ ਕਿਸਾਨ ਯੂਨੀਅਨ ਇਸ ਫ਼ੈਸਲੇ ਦਾ ਡਟ ਕੇ ਵਿਰੋਧ ਕਰਦੀ ਹੈ। ਪੰਜਾਬ ਸਰਕਾਰ ਦੀ ਸਹਾਇਤਾ ਤੋਂ ਬਿਨਾਂ ਕੋਈ ਵੀ ਕਿਸਾਨ ਪਰਾਲੀ ਦਾ ਹੱਲ ਨਹੀਂ ਕਰ ਸਕਦਾ। ਬਹੁਗਿਣਤੀ ਪੰਜਾਬ ਦੇ ਕਿਸਾਨ ਛੋਟੇ ਖੇਤੀ ਵਾਲੇ ਹਨ, ਜਿਨ੍ਹਾਂ ਕੋਲ ਕਿਸਾਨਾਂ ਝੋਨੇ ਦੀ ਪਰਾਲੀ ਦੇ ਪ੍ਰਬੰਧ ਕਰਨ ਲਈ ਪੈਸਾ ਨਹੀਂ ਹੈ, ਸਰਕਾਰ ਸਹਾਇਤਾ ਕਰਨ ਦੀ ਬਜਾਏ ਕਿਸਾਨਾਂ 'ਤੇ ਪਰਚੇ ਦਰਜ ਕਰਕੇ ਜ਼ਮੀਨ ਤੇ ਲਾਲ ਲਕੀਰ ਮਾਰਕੀ ਦਾ ਹੱਲ ਕਰਨਾ ਚਾਹੁੰਦੀ ਹੈ। ਪੰਜਾਬ ਦੇ ਅੰਨਦਾਤੇ ਨਾਲ ਸਰਕਾਰ ਦੀ ਧੱਕੇਸ਼ਾਹੀ ਹੈ। ਸਰਕਾਰ ਨੂੰ ਧੱਕੇਸ਼ਾਹੀ ਛੱਡ ਕੇ ਪਰਾਲੀ ਦਾ ਠੋਸ ਹੱਲ ਕਰਨਾ ਚਾਹੀਦਾ। ਛੋਟੀ ਕਿਸਾਨੀ ਨੂੰ ਪਹਿਲ ਦੇ ਆਧਾਰ 'ਤੇ ਮਦਦ ਕਰਨੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਕਿ ਸਹਾਇਤਾ ਦੇ ਤੌਰ 'ਤੇ ਛੇ ਹਜ਼ਾਰ ਰੁਪਿਆ ਕਿੱਲਾ ਕਿਸਾਨਾਂ ਨੂੰ ਸਹਾਇਤਾ ਦਿੱਤੀ ਜਾਵੇ। ਇਸ ਨਾਲ ਕਿਸਾਨਾਂ ਦੀ ਮਦਦ ਹੋ ਜਾਵੇਗੀ। ਦੂਜਾ ਸਰਕਾਰ ਬਦਲਵੀਆਂ ਫ਼ਸਲਾਂ ਦਾ ਪ੍ਰਬੰਧ ਕਰੇ।

ਸਰਕਾਰੀ ਖਰੀਦ ਦੀ ਗਰੰਟੀ ਕਰੇ ਝੋਨੇ ਦੀ ਫ਼ਸਲ ਤੋਂ ਖਹਿੜਾ ਛੁਡਾ ਕੇ ਬਦਲਵੀਆਂ ਫਸਲਾਂ ਬੀਜਣ ਲਈ ਕਿਸਾਨਾਂ ਨੂੰ ਤਿਆਰ ਕੀਤਾ ਜਾਵੇ ਤੇ ਸਰਕਾਰ ਕਿਸਾਨਾਂ ਦੀ ਮਦਦ ਕਰੇ ਪਰਾਲੀ ਦਾ ਠੋਸ ਹੱਲ ਹੋ ਸਕਦਾ। ਪਿੰਡ ਹਰਰੰਗਪੁਰਾ ਦੇ ਸੂਏ ਵਾਲੀ ਸੱਥ 'ਚ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਪਿੰਡ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਸਮੇਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਦੋਸ਼ੀ ਮੰਨ ਹੈ। ਵਾਤਾਵਰਣ ਖਰਾਬ ਕਰ ਲਈ ਬਾਕੀ ਬਹੁਤ ਕਾਰਖਾਨੇ ਹਨ, ਜਿਹੜੇ ਵਾਤਾਵਰਨ ਨੂੰ ਲਗਾਤਾਰ ਖਰਾਬ ਕਰ ਰਹੇ ਹੈ ਕਿਸਾਨਾਂ ਨੂੰ ਦੋਸ਼ੀ ਕਹਿਣਾ ਠੀਕ ਨਹੀਂ। ਸਾਰੇ ਦੇਸ ਦਾ ਢਿੱਡ ਭਰਨ ਨਾਲ ਕਿਸਾਨਾਂ 'ਤੇ ਅੱਜ ਪਰਚੇ ਅਤੇ ਜ਼ਮੀਨਾਂ ਤੇ ਲਾਲ ਲਕੀਰ ਮਾਰੀ ਜਾ ਰਹੀ ਹੈ। ਪੰਜਾਬ ਦੇ ਕਿਸਾਨਾਂ ਨੇ ਜਿਨ੍ਹਾਂ ਨੇ ਪੂਰੇ ਮੁਲਕ ਨੂੰ ਕਿਸਾਨਾਂ ਨੇ ਕਣਕ ਝੋਨਾ ਮੁਹੱਈਆ ਕਰਾਇਆ, ਉਨ੍ਹਾਂ ਕਿਸਾਨਾਂ 'ਤੇ ਪਰਚੇ ਦਰਜ ਕਰਕੇ ਸਨਮਾਨਤ ਕੀਤਾ। ਇਸ ਗੱਲ ਦਾ ਸਬੂਤ ਹੈ ਕਿ ਕੋਈ ਵੀ ਸਰਕਾਰ ਕਿਸਾਨਾਂ ਦੀ ਬਾਂਹ ਫੜ ਲਈ ਤਿਆਰ ਨਹੀਂ।

ਝੋਨੇ ਦੀ ਪਰਾਲੀ ਨੂੰ ਅੱਗ ਲਾਉਣੀ ਕਿਸਾਨਾਂ ਨੂੰ ਸ਼ੌਕ ਨਹੀਂ ਮਜਬੂਰੀ ਹੈ। ਪੰਜਾਬ ਸਰਕਾਰ ਕਿਸਾਨ ਨਾਲ ਧੱਕੇਸ਼ਾਹੀ ਕਰੇਗੀ ਤਾਂ ਹਰ ਧੱਕੇਸ਼ਾਹੀ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਖੇਤਾਂ ਵਿੱਚ ਆਏ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ।

ਮੀਟਿੰਗ ਵਿੱਚ ਗੋਬਿੰਦਪੁਰਾ ਤੋਂ ਜੀਤ ਸਿੰਘ, ਬੂਟਾ ਸਿੰਘ, ਸੀਰਾ ਸਿੰਘ, ਕੁਲਵੰਤ ਸਿੰਘ ਕਾਂਤੀ ਪਿੰਡ ਹਰਰੰਗਪੁਰਾ ਕਮੇਟੀ ਦੇ ਆਗੂ ਅਜੈਬ ਸਿੰਘ, ਗੁਰਾਂਦਿੱਤਾ ਸਿੰਘ, ਮੀਤਾ ਸਿੰਘ, ਸੀਰਾ ਸਿੰਘ ਤੇ ਹਰਮੇਲ ਸਿੰਘ ਹਾਜ਼ਰ ਸਨ।

# ਡੀ.ਏ.ਵੀ. ਸਕੂਲ 'ਚ 'ਗੁਰਬਾਣੀ ਇੱਕ ਜੀਵਨ ਜਾਂਚ' ਨਾਲ ਸੰਬੰਧਤ ਸੈਮੀਨਾਰ

**ਗੁਰ ਹਰਸਹਾਏ (ਫਕੀਰ ਚੰਦ ਸੀਕਰੀ)** ਫ਼ਰੀਦਕੋਟ ਰੋਡ 'ਤੇ ਸਥਿਤ ਰਾਜ ਕਰਨੀ ਗਲਹੋਤਰਾ ਡੀ.ਏ.ਵੀ.ਸੀ.ਸੈਕੰ.ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਸ਼੍ਰੀ ਅਮਿਤ ਓਬਰਾਏ ਦੀ ਅਗਵਾਈ ਹੇਠ ਮੋਗਾ ਤੋਂ ਰਤਨ ਸਿੰਘ ਅਤੇ ਸੁਖਵੰਤ ਸਿੰਘ ਦੁਆਰਾ ਸੈਮੀਨਾਰ ਲਾਇਆ ਗਿਆ, ਜਿਸ ਵਿੱਚ ਪੰਜਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਇਸ ਸੈਮੀਨਾਰ ਵਿੱਚ ਗੁਰਬਾਣੀ ਦੇ ਤੁਕਾਂ ਰਾਹੀ ਗੁਰਬਾਣੀ ਨਾਲ ਜੁੜਨ, ਨਸ਼ੇ ਨਾ ਕਰਨ, ਮਾੜੀ ਸੰਗਤ ਤੋਂ ਬਚਣ, ਨਿੰਦਿਆ, ਬੁਰਾਈ ਤੋਂ ਦੂਰ ਰਹਿਣ, ਵੱਡਿਆਂ ਤੇ ਮਾਪਿਆਂ ਦਾ ਸਤਿਕਾਰ ਕਰਨ, ਮਿਹਨਤ ਕਰਨ, ਪਰਮਾਤਮਾ ਦਾ ਸ਼ੁਕਰਾਨਾ ਕਰਨ ਤੇ ਪਰਉਪਕਾਰ ਕਰਨ ਦੇ ਨਾਲ-ਨਾਲ ਸਹਿਜ ਪਾਠ ਕਰਨ ਦੀ ਸਿੱਖਿਆ ਵੀ ਦਿੱਤੀ।



ਉਨ੍ਹਾਂ ਨੇ ਬੱਚਿਆਂ ਨੂੰ ਮਿੱਠਾ ਬੋਲਣ ਬਾਰੇ ਦੱਸਦੇ ਕਿਹਾ ਕਿ ਮਨੁੱਖ ਜਿਸ ਤਰ੍ਹਾਂ ਦੀ ਗੱਲਾਂ ਕਰਦਾ ਹੈ, ਉਹ ਉਸੇ ਤਰ੍ਹਾਂ ਦੇ ਕਰਮ ਕਰਨੇ ਸ਼ੁਰੂ ਕਰ ਦਿੰਦਾ ਹੈ। ਇਸ ਸਬੰਧੀ ਸਾਡੇ ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਗੁਰਬਾਣੀ ਅਜਿਹੀ ਤਾਕਤਵਰ ਚੀਜ਼ ਹੈ, ਜਿਸ ਰਾਹੀਂ ਅਸੀਂ ਆਪਣੇ ਜੀਵਨ ਵਿੱਚ ਬਹੁਤ ਚਮਤਕਾਰ ਹੁੰਦੇ ਵੇਖ ਸਕਦੇ ਹਾਂ। ਅੰਤ ਵਿੱਚ ਉਨ੍ਹਾਂ ਨੇ ਬੱਚਿਆਂ ਨੂੰ ਮਾਂ-ਬਾਪ ਨੂੰ ਨਾ ਛੱਡਣ ਅਤੇ ਉਨ੍ਹਾਂ ਦੀ ਸੇਵਾ ਕਰਨ, ਪ੍ਰਮਾਤਮਾ ਨਾਲ ਜੁੜਨ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਕਿਹਾ।

ਸਮਾਗਮ ਦੇ ਅੰਤ ਵਿੱਚ ਸਹਿਜ ਪਾਠ ਸੇਵਾ ਸੁਸਾਇਟੀ ਵੱਲੋਂ ਪ੍ਰਿੰਸੀਪਲ, ਸਮੂਹ ਅਧਿਆਪਕਾਂ ਤੇ ਹੋਣਹਾਰ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕਿਤਾਬਾਂ ਦੇ ਕੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਸਾਹਿਬ, ਸਮੂਹ ਸਟਾਫ ਤੇ ਬੱਚਿਆਂ ਵੱਲੋਂ ਸੁਸਾਇਟੀ ਦਾ ਬਹੁਤ-ਬਹੁਤ ਧੰਨਵਾਦ ਕੀਤਾ ਗਿਆ ਤੇ ਉਨ੍ਹਾਂ ਨੂੰ ਬੱਚਿਆਂ ਵਿੱਚ ਇਸ ਤਰ੍ਹਾਂ ਦੇ ਜਾਗਰੂਕਤਾ ਸੈਮੀਨਾਰ ਭਵਿੱਖ ਵਿੱਚ ਕਰਨ ਲਈ ਵੀ ਕਿਹਾ ਗਿਆ ।

CMYK

# ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ 'ਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਧਾਲੀਵਾਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਰਾਜ ਦੀਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਅਦਾਇਗੀ 48 ਘੰਟਿਆਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਖੇਤੀਬਾੜੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਜ਼ਿਲ੍ਹਾ ਦੀਆਂ ਦਾਣਾ ਮੰਡੀਆਂ ਤਰਨ ਤਾਰਨ ਅਤੇ ਹਰੀਕੇ ਪੱਤਣ ਦਾ ਦੌਰਾ ਕਰਨ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ। ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਦੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ।



ਉਨ੍ਹਾਂ ਕਿਹਾ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਬਿਜਲੀ, ਪਾਣੀ ਅਤੇ ਸਫ਼ਾਈ ਦੇ ਮੁਕੰਮਲ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਦਿੱਕਤ ਨਾ ਆਵੇ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੀਜ਼ਨ ਦੌਰਾਨ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਲਈ ਵਚਨਬੱਧ ਹੈ ਅਤੇ ਕਿਸਾਨਾਂ ਦੀ ਫਸਲ ਦੇ ਇੱਕ-ਇੱਕ ਦਾਣੇ ਦੀ ਖਰੀਦ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦੇ ਪ੍ਰਬੰਧਨ ਨੂੰ ਤਰਜੀਹ ਦੇਣ।

ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਜਿੱਥੇ ਸਾਡਾ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਸਾਡੀ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਕੇ ਵੀ ਵਾਤਾਵਰਣ ਦੀ ਸਾਂਭ-ਸੰਭਾਲ ਲਈ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਜਸਜੀਤ ਕੌਰ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਹਰਜੋਤ ਸਿੰਘ ਤੋਂ ਇਲਾਵਾ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਦਾਣਾ ਮੰਡੀ ਖਾਲੜਾ ਤੋਂ 20 ਸਾਲਾ ਪ੍ਰਵਾਸੀ ਮਜ਼ਦੂਰ ਲਾਪਤਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਤਰਨਤਾਰਨ ਜ਼ਿਲ੍ਹੇ ਅਧੀਨ ਪੈਂਦੀ ਦਾਣਾ ਮੰਡੀ ਖਾਲੜਾ 'ਚ ਬਿਹਾਰ ਸਟੇਟ ਤੋਂ ਰੋਜ਼ੀ ਰੋਟੀ ਕਮਾਉਣ ਖਾਤਰ ਆਏ 20 ਸਾਲਾਂ ਨੌਜਵਾਨ ਦੇ ਗੁੰਮਸ਼ੁਦਾ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਜ਼ੁਰਗ ਮਹਿੰਦਰ ਸਦਾ ਪੁੱਤਰ ਆਦੀਕ ਸਦਾ ਨੇ ਦੱਸਿਆ ਕੀ ਗੁੰਮਸ਼ੁਦਾ ਹੋਇਆ ਨੌਜਵਾਨ ਉਸ ਦਾ ਦੋਹਤਾ ਹੈ ਜਿਸ ਦਾ ਨਾਮ ਰਾਜਾ ਪੁੱਤਰ ਜੋਗਿੰਦਰ ਸਦਾ ਸਟੇਟ ਬਿਹਾਰ, ਜ਼ਿਲ੍ਹਾ ਸਹਾਰਸਾ ਦੇ ਪਿੰਡ ਬਲੀਆ ਸ਼ਿਮਰ ਦਾ ਵਸਨੀਕ ਹੈ । ਉਸ ਨੇ ਦੱਸਿਆ ਕਿ ਉਹ ਰੋਜ਼ੀ ਰੋਟੀ ਕਮਾਉਣ ਖ਼ਾਤਰ ਨੌਜਵਾਨ ਰਾਜਾਂ ਨੂੰ ਆਪਣੇ ਨਾਲ ਲੈ ਕੇ ਦਾਣਾ ਮੰਡੀ ਖਾਲੜਾ ਵਿੱਚ ਮੰਡੀ ਦਾ ਸੀਜ਼ਨ ਲਗਾਉਣ ਆਏ ਸਨ । ਪ੍ਰੰਤੂ ਪਿਛਲੇ ਚਾਰ ਦਿਨਾਂ ਤੋਂ ਰਾਜਾ ਗੁੰਮਸ਼ੁਦਾ ਹੈ ਅਤੇ ਉਨ੍ਹਾਂ ਨੇ ਰਾਜਾ ਦੀ ਆਪਣੇ ਤੌਰ 'ਤੇ ਭਾਲ ਕਰਕੇ ਦੇਖ ਲਈ ਹੈ,ਪ੍ਰੰਤੂ ਉਸ ਦਾ ਕੋਈ ਅਤਾ ਪਤਾ ਨਹੀਂ ਲੱਗਾ ਹੈ ਜਿਸ ਸਬੰਧੀ ਉਨ੍ਹਾਂ ਥਾਣਾ ਖਾਲੜਾ ਵਿਖੇ ਲਿਖਤੀ ਦਰਖਾਸਤ ਦੇ ਕੇ ਪੁਲਸ ਪਾਸੋਂ ਗੁੰਮਸ਼ੁਦਾ ਹੋਏ ਨੌਜਵਾਨ ਦੀ ਭਾਲ ਕਰਨ ਦੀ ਮੰਗ ਕੀਤੀ ਹੈ । ਉੱਥੇ ਹੀ ਮਹਿੰਦਰ ਸਦਾ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਇਸ ਨੌਜਵਾਨ ਬਾਰੇ ਪਤਾ ਲੱਗਦਾ ਹੈ ਤਾਂ ਉਹ ਇਸ ਨੰ : 87092-30864 'ਤੇ ਫੋਨ ਕਰਕੇ ਜਾਣਕਾਰੀ ਦੇ ਸਕਦਾ ਹੈ ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਭਾ-ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਙਿਆਂ ਦੀ ਗੂੰਜ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਆਰੰਭਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਨਾਲ ਹੋਈ।



ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਜਿਉਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ, ਤਾਂ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਨਗਰ ਕੀਰਤਨ ਸ੍ਰੀ ਅੰਮ੍ਰਿਤਸਰ ਦੇ ਪੁਰਾਤਨ ਦਰਵਾਜ਼ਿਆਂ ਨੂੰ ਜੋੜਦੇ ਮਾਰਗ 'ਤੇ ਸਜਾਇਆ ਗਿਆ, ਜਿਥੇ ਵੱਖ-ਵੱਖ ਥਾਵਾਂ 'ਤੇ ਸੰਗਤਾਂ ਨੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤਾਂ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸ਼ਰਧਾ ਪ੍ਰਗਟਾਈ, ਉਥੇ ਹੀ ਵੱਖ-ਵੱਖ ਤਰ੍ਹਾਂ ਲੰਗਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ।

ਸਾਰੇ ਰਸਤੇ ਨਗਰ ਕੀਰਤਨ ਨਾਲ ਚੱਲਦੀਆਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਕੇ ਚੌਥੇ ਪਾਤਸ਼ਾਹ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰ ਰਹੀਆਂ ਸਨ। ਨਗਰ ਕੀਰਤਨ 'ਚ ਸ਼ਾਮਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਸੰਗਤ ਨੂੰ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਿਸ਼ਵ 'ਚ ਵੱਸਦੀ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਸੇਧ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਮਨੁੱਖਤਾ ਨੂੰ ਹਰ ਪੱਖ ਤੋਂ ਅਗਵਾਈ ਦੇਣ ਵਾਲਾ ਹੈ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲ ਕੇ ਗੁਰਸਿੱਖੀ ਜੀਵਨ ਬਤੀਤ ਕਰੇ।

# ਬਹਿਬਲ ਕਲਾਂ ਗੋਲੀ ਕਾਂਡ ਦੇ ਸੱਤ ਸਾਲ ਪੂਰੇ ਹੋਣ 'ਤੇ 14 ਨੂੰ ਹੋਣਗੇ ਸ਼ਹੀਦੀ ਸਮਾਗਮ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਥਕ ਤਾਲਮੇਲ ਸੰਗਠਨ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਗਿਆਨ ਪ੍ਰਗਾਸ ਅੰਮ੍ਰਿਤਸਰ, ਸ੍ਰੀ ਅਕਾਲ ਤਖਤ ਸਾਹਿਬ ਦੇ ਮੂਲ ਸਿਧਾਂਤ ਨੂੰ ਸਮਰਪਿਤ ਸਿੱਖ ਸੰਸਥਾਵਾਂ ਅਤੇ ਸਖਸੀਅਤਾਂ ਦੇ ਸਾਂਝੇ ਮੰਚ ਪੰਥਕ ਤਾਲਮੇਲ ਸੰਗਠਨ, ਗੁਰਮਤਿ ਗਿਆਨ ਮਿਸਨਰੀ ਕਾਲਜ, ਗਿਆਨ ਪ੍ਰਗਾਸ ਟ੍ਰਸਟ ਨੇ ਕਿਹਾ ਕਿ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦਾ ਇਨਸਾਫ ਦਿਵਾਉਣ ਵਿਚ ਦੋ ਸਰਕਾਰਾਂ ਅਸਫਲ ਰਹਿ ਚੁੱਕੀਆਂ ਹਨ ਅਤੇ ਤੀਸਰੀ ਮੌਜੂਦਾ ਸਰਕਾਰ ਦੀ ਭੂਮਿਕਾ ਵੀ ਨਿਰਾਸ਼ ਕਰ ਰਹੀ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਣਾ ਇੰਦਰਜੀਤ ਸਿੰਘ ਚੇਅਰਮੈਨ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ, ਸਲੋਚਨਬੀਰ ਸਿੰਘ ਸਿੰਘ ਪ੍ਰਧਾਨ ਗਿਆਨ ਪ੍ਰਗਾਸ ਟ੍ਰਸਟ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਮੰਗ ਕੀਤੀ ਕਿ ਲੰਬਿਤ ਜਾਂਚ ਨੂੰ ਬਿਨਾਂ ਦੇਰੀ ਮੁਕੰਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਹਿਬਲ ਕਲਾਂ ਵਿਚ ਧਰਨੇ 'ਤੇ ਬੈਠੀਆਂ ਸਿੱਖ ਸੰਗਤਾਂ ਤੇ ਜਥੇਬੰਦੀਆਂ ਨੂੰ ਲਗਭਗ 300 ਦਿਨ ਹੋ ਚੱਲੇ ਹਨ ਤੇ ਪੰਜਾਬ ਸਰਕਾਰ ਦੀ ਨਾਕਾਮੀ ਹੀ ਨਜ਼ਰ ਆ ਰਹੀ ਹੈ। ਪੁਲਸ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਸਬੰਧੀ ਬਣੀਆਂ ਦੋ ਵੱਖ-ਵੱਖ ਵਿਸ਼ੇਸ਼ ਜਾਂਚ ਟੀਮਾਂ ਦੀ ਕੋਈ ਤਸੱਲੀਬਖਸ਼ ਕਾਰਗੁਜ਼ਾਰੀ ਸਾਹਮਣੇ ਨਹੀਂ ਆ ਰਹੀ ਹੈ ਜਿਸ ਕਰਕੇ ਪੰਜਾਬ ਦੀ ਜਨਤਾ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਵਲੋਂ ਬੇਈਮਾਨੀ ਤੇ ਧੋਖੇ ਦੇਣ ਦੇ ਤਜਰਬੇ ਤੋਂ ਬਾਅਦ ਮੌਜੂਦਾ ਸਰਕਾਰ ਨੂੰ ਵੀ ਸ਼ੱਕ ਦੇ ਘੇਰੇ ਵਿਚ ਲੈ ਚੁੱਕੀ ਹੈ। ਅੱਜ ਪੰਜਾਬ ਦੀ ਜਨਤਾ ਦੀ ਅਤੇ ਸਿੱਖ ਪੰਥ ਦੀ ਮਜਬੂਰੀ ਬਣ ਰਹੀ ਹੈ ਕਿ ਇਨਸਾਫ ਲੈਣ ਵਾਸਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇ। ਜਿਸ ਲਈ 14 ਅਕਤੂਬਰ 2015 ਦੇ ਘਟਨਾਕ੍ਰਮ ਦਾ 7 ਸਾਲ ਦਾ ਸਮਾਂ ਪੂਰਾ ਹੋਣ 'ਤੇ 14 ਨੂੰ ਸ਼ਹੀਦੀ ਸਮਾਗਮ ਹੋ ਰਿਹਾ ਹੈ। ਇਸ ਮੌਕੇ ਪੰਜਾਬ ਭਰ ਤੋਂ ਸਿੱਖ ਸੰਗਤਾਂ ਫਰੀਦਕੋਟ ਵਿਚ ਪੈਂਦੇ ਬਹਿਬਲ ਕਲਾਂ ਵਿਚ ਲੱਗੇ ਬੇ-ਅਦਬੀ ਇਨਸਾਫ ਮੋਰਚੇ ਵਿਚ ਪਹੁੰਚਣਗੀਆਂ। ਪੰਥਕ ਤਾਲਮੇਲ ਸੰਗਠਨ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਗਿਆਨ ਪ੍ਰਗਾਸ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਬੇਅਦਬੀ ਤੇ ਗੋਲੀ ਕਾਂਡਾਂ ਨੂੰ ਫਾਸਟ ਟਰੈਕ ਵਿਚ ਪਾ ਕੇ ਤੁਰੰਤ ਸੀਮਾਬੱਧ ਫੈਸਲੇ ਦੀ ਸੁਹਿਰਦਤਾ ਦਿਖਾਉਣੀ ਚਾਹੀਦੀ ਹੈ। ਮਾਮਲੇ ਨੂੰ ਲੰਬਿਤ ਕਰਨ ਵਾਲੀ ਪਹੁੰਚ ਜਿੱਥੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ, ਉੱਥੇ ਸੂਬੇ ਨੂੰ ਅਸ਼ਾਂਤ ਕਰ ਰਹੀ ਹੈ।



# ਸਕੂਲੀ ਬੱਚਿਆਂ ਨੂੰ ਟਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

ਟਾਂਗਰਾ (ਲਾਡੀ ਮੱਲ੍ਹੀ)-ਐਕਸੀਡੈਂਟਾਂ ਨਾਲ ਜਾਂ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਅੱਜ ਪੁਲਸ ਜ਼ਿਲਾ ਅਮ੍ਰਿਤਸਰ ਦਿਹਾਤੀ ਦੇ ਟਰੈਫਿਕ ਐਜੂਕੇਸ਼ਨ ਸੈਲ ਨੇ ਸ੍ਰੀ ਗੁਰੂ ਹਰ ਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਅਬਦਾਲ ਵਿਖੇ ਮਾਨਯੋਗ ਐੱਸਐੱਸਪੀ ਸਵਪਨ ਸ਼ਰਮਾ ਆਈਪੀਐੱਸ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ ਅਤੇ ਇੰਸਪੈਕਟਰ ਬਲਵਿੰਦਰ ਸਿੰਘ ਇੰਚਾਰਜ ਟਰੈਫਿਕ ਸਟਾਫ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏਐੱਸਆਈ ਕਮਲਜੀਤ, ਏਐੱਸਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ ਕਿ ਬਿਨਾਂ ਲਾਈਸੈਂਸ ਕੋਈ ਵੀ ਵਹੀਕਲ ਨਾ ਚਲਾਉ, ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਜ਼ਰੂਰ ਪਾਉ/ਫੋਰਵੀਲਰ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਉ/ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾ ਹੋ ਸਕੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂ ਕਰਵਾਇਆ ਅਤੇ ਸਕੂਲ ਆਉਂਦੇ-ਜਾਂਦੇ ਸਮੇਂ ਰਸਤੇ ਵਿੱਚ ਕਿਸੇ ਅਣਜਾਣ ਵਿਅਕਤੀ ਕੋਲੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ। ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ੇ, ਕਰਾਈਮ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ। ਇਸ ਮੌਕੇ ਸਕੂਲ ਦੇ ਪ੍ਰਿੰ. ਪੂਜਾ ਜੈਨ ਅਤੇ ਹੋਰ ਟੀਚਰ ਸਾਹਿਬਾਨ ਵੀ ਹਾਜ਼ਰ ਸਨ।



# ਏਕਨੂਰ ਅਕੈਡਮੀ, ਤੇਹਿੰਗ ਤੇ ਬਾਬਾ ਪੱਲਾ ਅਕੈਡਮੀ ਬੁਤਾਲਾ ਦਾ ਫਾਈਨਲ 'ਚ ਪ੍ਰਵੇਸ਼

ਜਲੰਧਰ (ਸ਼ੈਲੀ ਐਲਬਰਟ)- ਆਰ.ਜੀ.ਐਸ. ਏਕਨੂਰ ਹਾਕੀ ਅਕੈਡਮੀ, ਤੇਹੈਂਗ ਅਤੇ ਆਰ.ਜੀ.ਐਸ. ਬਾਬਾ ਪੱਲਾ ਸਪੋਰਟਸ ਕਲੱਬ ਹਾਕੀ ਅਕੈਡਮੀ, ਬੁਤਾਲਾ ਦੀਆਂ ਟੀਮਾਂ ਪਹਿਲੀ ਰਾਉਂਡ ਗਲਾਸ ਸਪੋਰਟਸ ਇੰਟਰ ਡਿਵੈਲਪਮੈਂਟ ਸੈਂਟਰਜ ਹਾਕੀ ਲੀਗ (16 ਸਾਲ ਤੋਂ ਘੱਟ ਉਮਰ ਵਰਗ) ਦੇ ਫਾਈਨਲ ਵਿੱਚ ਪ੍ਰਵੇਸ ਵਿਚ ਗਈਆਂ ਹਨ । ਸਥਾਨਕ ਸੁਰਜੀਤ ਹਾਕੀ ਸਟੇਡੀਅਮ ਵਿਖੇ ਜਾਰੀ ਇਸ ਲੀਗ ਦੇ ਪਹਿਲੇ ਸੈਮੀਫਾਈਨਲ ਵਿੱਚ ਤੇਹੈਂਗ ਦੇ ਖਿਡਾਰੀਆਂ ਨੇ ਖੇਡ ਦੇ ਤੀਜੇ ਮਿੰਟ ਵਿੱਚ ਲੀਡ ਬਣਾ ਲਈ ਜਦੋਂ ਉਨ੍ਹਾਂ ਦੇ ਕਪਤਾਨ ਅਰਸ਼ਦੀਪ ਸਿੰਘ ਨੇ ਪਹਿਲੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰ ਦਿੱਤਾ ਪਰ ਅਗਲੇ ਹੀ ਮਿੰਟ ਵਿੱਚ ਇਹ ਲੀਡ ਥੋੜ੍ਹੇ ਸਮੇਂ ਲਈ ਰਹੀ ਜਦੋਂ ਧੰਨੋਵਾਲੀ ਅਕੈਡਮੀ ਦੇ ਬੀਰੂ ਨੇ ਇਕ ਸ਼ਾਨਦਾਰ ਮੈਦਾਨੀ ਗੋਲ ਕਰਕੇ ਸਕੋਰ 1-1 ਬਰਾਬਰ ਕਰ ਦਿੱਤਾ । ਖੇਡ ਦੇ 9ਵੇਂ ਮਿੰਟ ਵਿੱਚ ਏਕਨੂਰ ਅਕੈਡਮੀ ਦੇ ਨਿਖਿਲ ਮਹਿਮੀ ਨੇ ਮੈਦਾਨੀ ਗੋਲ ਕਰਕੇ ਸਕੋਰ 2-1 ਕਰ ਦਿੱਤਾ ਕੀਤਾ। ਹਾਫ ਟਾਇਮ ਤਕ ਜੇਤੂ ਟੀਮ 2-1 ਨਾਲ ਅੱਗੇ ਸੀ । ਅੱਧੇ ਸਮੇਂ ਤੋਂ ਬਾਅਦ ਏਕਨੂਰ ਦੇ ਖਿਡਾਰੀਆਂ ਨੇ ਰਾਇਟ ਫਲੈਂਕ ਤੋਂ ਵਿਰੋਧੀ ਟੀਮ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਵਾਰ ਕਪਤਾਨ ਅਰਸ਼ਦੀਪ ਸਿੰਘ ਨੇ ਖੇਡ ਦੇ 43ਵੇਂ ਅਤੇ 48ਵੇਂ ਮਿੰਟ 'ਚ 2 ਗੋਲ ਕਰਕੇ ਆਪਣੀ ਟੀਮ ਨੂੰ 4-1 ਨਾਲ ਅੱਗੇ ਕਰ ਦਿੱਤਾ ਜਦਕਿ ਏਕਨੂਰ ਅਕੈਡਮੀ ਦੇ ਸੁਖਰਾਜ ਵੀਰ ਨੇ ਇਹ ਲੀਡ ਵਿੱਚ ਵਾਧਾ ਕਰਦੇ ਹੋਏ ਟੀਮ ਨੂੰ 5-1 ਦੀ ਜਿੱਤ ਦਿਵਾਈ। ਇਸ ਤੋਂ ਪਹਿਲਾਂ ਸੁਰਜੀਤ ਹਾਕੀ ਸੁਸਾਇਟੀ ਦੇ ਵਰਕਿੰਗ ਪ੍ਰਧਾਨ ਅਤੇ ਸਾਬਕਾ ਅੰਤਰਰਾਸ਼ਟਰੀ ਹਾਕੀ ਖਿਡਾਰੀ ਲਖਵਿੰਦਰ ਪਾਲ ਸਿੰਘ ਖੈਰਾ, ਕਮਾਂਡੈਂਟ (ਸੇਵਾਮੁਕਤ) ਦੀ ਮੁੱਖ ਮਹਿਮਾਨ ਟੀਮਾਂ ਨਾਲ ਜਾਣ ਪਹਿਚਾਣ ਕਰਵਾਈ ਗਈ ਅਤੇ ਉਹਨਾਂ ਵੱਲੋਂ ਬਾਦ ਵਿਚ ਏਕਨੂਰ ਹਾਕੀ ਅਕੈਡਮੀ, ਤੇਹੈਂਗ ਦੀ ਟੀਮ ਦੇ ਪਵਨ ਕੁਮਾਰ ਨੂੰ 'ਮੈਨ ਆਫ ਦਾ ਮੈਚ' ਅਵਾਰਡ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਓਲੰਪੀਅਨ ਰਜਿੰਦਰ ਸਿੰਘ ਸੀਨੀਅਰ ਵੀ ਹਾਜਰ ਸਨ। ਦੂਜੇ ਸੈਮੀਫਾਈਨਲ ਵਿੱਚ ਆਰ.ਜੀ.ਐਸ. ਬਾਬਾ ਪੱਲਾ ਸਪੋਰਟਸ ਕਲੱਬ ਹਾਕੀ ਅਕੈਡਮੀ ਬੁਤਾਲਾ ਨੇ ਆਰ.ਜੀ.ਐਸ. ਗੁਰੂ ਤੇਗ ਬਹਾਦਰ ਹਾਕੀ ਅਕੈਡਮੀ ਚਛੇੜੀ ਨੂੰ 5-1 ਨਾਲ ਹਰਾਇਆ। ਹਾਫ ਟਾਈਮ ਤੱਕ ਜੇਤੂ ਟੀਮ 2-0 ਨਾਲ ਅੱਗੇ ਸੀ। ਜੇਤੂ ਟੀਮ ਲਈ ਮਨਜੋਤ ਸਿੰਘ, ਜਰਮਨ ਸਿੰਘ, ਸ਼ਮਸ਼ੇਰ ਸਿੰਘ, ਅਭਿਜੀਤ ਸਿੰਘ ਅਤੇ ਗੁਰਸੇਵਕ ਸਿੰਘ ਨੇ ਗੋਲ ਕੀਤੇ ਜਦਕਿ ਚਚਰਾੜੀ ਅਕੈਡਮੀ ਦੇ ਕਪਤਾਨ ਊਧਮਵੀਰ ਸਿੰਘ ਇਕ ਮਾਤਰ ਗੋਲ ਕੀਤਾ।

# ਕਾਇਆਕਲਪ ਵੱਲੋਂ ਖਸਤਾ ਹਾਲ ਡਿਸਪੈਂਸਰੀ ਮੱਲ੍ਹੀਆਂ ਦੀ ਚੈਕਿੰਗ



ਟਾਂਗਰਾ (ਲਾਡੀ ਮੱਲ੍ਹੀ)-ਅੱਜ ਜ਼ਿਲ੍ਹਾ ਅੰਮ੍ਰਿਤਸਰ ਦੀ ਕਾਇਆਕਲਪ ਦੀ ਟੀਮ ਸਿਵਲ ਸਰਜਨ ਡਾ. ਚਰਨਜੀਤ ਸਿੰਘ ਅਤੇ ਐਸਐਮਓ ਡਾ. ਸੁਮੀਤ ਸਿੰਘ ਦੀ ਨਿਗਰਾਨੀ ਹੇਠ ਡਾ, ਸ਼ੁਭਪ੍ਰੀਤ ਸਿੰਘ ਦੀ ਅਗਵਾਈ ਅੰਦਰ ਡਿਸਪੈਂਸਰੀ ਮੱਲੀਆਂ ਵਿੱਚ ਪਹੁੰਚੀ। ਡਾਕਟਰ ਬਲਬੀਰ ਸਿੰਘ ਜੰਡ ਨੇ ਬਹੁਤ ਹੀ ਖਸਤਾ ਹਾਲਤ ਡਿਸਪੈਂਸਰੀ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਇਸ ਵਿਚ ਬੈਠਣਾ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ। ਇਸ ਟੀਮ ਵਿਚ ਸੌਰਵ ਸ਼ਰਮਾ ਤੇ ਬਿਸ਼ਨੋ ਦੇਵੀ ਸ਼ਾਮਿਲ ਸਨ। ਟੀਮ ਨੇ ਬਾਇਓਮੈਡੀਕਲ ਵੇਸਟ, ਸੈਨੇਟਾਈਜੇਸ਼ਨ ਅਤੇ ਹਾਈਜਿਨ, ਵੇਸਟ ਮੈਨੇਜਮੈਂਟ ਇਨਫੈਕਸ਼ਨ ਕੰਟਰੋਲ, ਸਪੋਰਟਸ ਸਰਵਿਸਿਜ਼, ਹਾਈਜਨ ਪਰਮੇਸੁਰ, ਡਿਸਪੈਂਸਰੀ ਦੀ ਚਾਰ ਦੀਵਾਰੀ ਬਾਰੇ ਚੈਕਿੰਗ ਕੀਤੀ। ਇਸ ਸਮੇਂ ਡਾ. ਬਲਬੀਰ ਸਿੰਘ ਜੰਡ, ਜਸਦੀਪ ਕੌਰ ਕਮਿਊਨਿਟੀ ਹੈਲਥ ਅਫਸਰ, ਸਰਬਜੀਤ ਕੌਰ ਏਐੱਨਐੱਮ, ਕੁਲਦੀਪ ਕੌਰ, ਰਜਵੰਤ ਕੌਰ, ਕਰਮਜੀਤ ਕੌਰ, ਕਵਲਜੀਤ ਕੌਰ ਅਤੇ ਕੁਲਵੰਤ ਕੌਰ ਆਦਿ ਹਾਜ਼ਰ ਸਨ।

# ਸੀ ਪੀ ਆਈ ਐੱਮ ਨੇ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਮਜੀਠਾ (ਸੋਇਮ ਆਨੰਦ)

ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦ ਪੰਜਾਬ ਦੀ ਮਜੀਠਾ ਇਕਾਈ ਵੱਲੋਂ ਮਹੱਤਵਪੂਰਨ ਮੰਗਾਂ ਦੇ ਸਬੰਧ ਵਿੱਚ ਮੁੱਖ ਮੰਤਰੀ ਪੰਜਾਬ ਦੇ ਨਾਮ ਇੱਕ ਮੰਗ ਪੱਤਰ ਜਥੇਬੰਦੀ ਦੇ ਤਹਿਸੀਲ ਮਜੀਠਾ ਦੇ ਸਕੱਤਰ ਕਾਮਰੇਡ ਗੁਰਨਾਮ ਸਿੰਘ ਤਲਵੰਡੀ ਦੀ ਅਗਵਾਈ ਵਿੱਚ ਇੱਕ ਵੱਡੇ ਵਫਦ ਵੱਲੋਂ ਤਹਿਸੀਲਦਾਰ ਮਜੀਠਾ ਦੇ ਰੀਡਰ ਹਰਜਿੰਦਰ ਸਿੰਘ ਨੂੰ ਦਿੱਤਾ। ਮੰਗ ਕੀਤੀ ਗਈ ਕਿ ਸੂਬੇ ਅੰਦਰ ਦਿਨ ਪ੍ਰਤੀ ਦਿਨ ਵਿਗੜ ਰਹੀ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਕਰਦੇ ਹੋਏ ਇਸ ਵਿੱਚ ਸੁਧਾਰ ਕੀਤਾ ਜਾਵੇ, ਲੰਪੀ ਬਿਮਾਰੀ ਨਾਲ ਮਰੇ ਪਸ਼ੂਆਂ ਦਾ ਅਤੇ ਬਰਸਾਤ ਨਾਲ ਖਰਾਬ ਹੋ ਚੁੱਕੀਆਂ ਫਸਲਾਂ ਦਾ ਤੁਰੰਤ ਵਾਜਬ ਮੁਆਵਜ਼ਾ ਦਿੱਤਾ ਜਾਵੇ, ਸਾਰੇ ਚੋਣ ਵਾਅਦੇ ਪੂਰੇ ਕੀਤੇ ਜਾਣ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਆਬਾਦਕਾਰਾਂ ਦੀ ਜ਼ਮੀਨ ਖੋਹਣ ਦੀ ਬਜਾਏ ਉਨ੍ਹਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ ਤੋਂ ਇਲਾਵਾ ਹੋਰ ਵੀ ਕਈ ਮੰਗਾਂ ਰੱਖੀਆਂ। ਇਸ ਮੌਕੇ ਕਾਮਰੇਡ ਗੁਰਨਾਮ ਸਿੰਘ ਤਲਵੰਡੀ ਨਾਲ ਕਾਮਰੇਡ ਗੁਰਦੀਪ ਸਿੰਘ ਬੁਤਾਲਾ ਜ਼ਿਲਾ ਸਕੱਤਰੇਤ ਮੈਂਬਰ ਸੀਪੀਆਈ, ਸ਼ਮਸ਼ੇਰ ਬਿਆਸ, ਗੋਪਾਲ ਚੰਦ, ਜਸਪ੍ਰੀਤ ਕੌਰ, ਜੋਗਿੰਦਰਪਾਲ ਸਿੰਘ, ਲਖਵਿੰਦਰ ਸਿੰਘ, ਗੁਰਦੀਪ ਸਿੰਘ ਬੁਤਾਲਾ, ਦੇਸਾ ਸਿੰਘ ਮਰੜ੍ਹੀ, ਗੁਪਾਲ ਚੰਦ ਪਤਾਲਪੁਰੀ, ਰਾਜਿੰਦਰ ਕੁਮਾਰ ਅਤੇ ਲਖਵਿੰਦਰ ਸਿੰਘ ਬੋੜੇਵਾਲ ਆਦਿ ਹਾਜ਼ਰ ਸਨ।



# ਸਰਵਣ ਸਿੰਘ ਨੇ ਕਾਂਸੀ ਦਾ ਤਮਗਾ ਜਿੱਤਿਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਇੰਟਰ ਕਾਲਜ ਮੁਕਾਬਲਿਆਂ ਵਿੱਚ ਬਾਬਾ ਬੁੱਢਾ ਕਾਲਜ ਦੇ ਵਿਦਿਆਰਥੀ ਨੇ ਭਾਗ ਲੈਂਦਿਆਂ ਕਾਂਸੀ ਦਾ ਤਮਗਾ ਜਿੱਤਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਰਾਜਵਿੰਦਰਜੀਤ ਸਿੰਘ ਖਹਿਰਾ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੰਟਰ ਕਾਲਜ ਮੁਕਾਬਲਿਆਂ ਵਿੱਚ ਕਾਲਜ ਵਿਦਿਆਰਥੀ ਸਰਵਣ ਸਿੰਘ ਜੋ ਬੀ. ਏ. ਭਾਗ ਪਹਿਲਾ ਦਾ ਵਿਦਿਆਰਥੀ ਹੈ, ਨੇ ਭਾਗ ਲੈਂਦਿਆਂ ਕਾਂਸੀ ਦਾ ਮੈਡਲ ਜਿੱਤ ਕੇ ਕਾਲਜ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਰਵਣ ਸਿੰਘ ਤੇ ਕੋਚ ਸੁਖਅੰਮ੍ਰਿਤਪਾਲ ਸਿੰਘ ਦਾ ਕਾਲਜ ਪਹੁੰਚਣ 'ਤੇ ਕਾਲਜ ਸਟਾਫ, ਵਿਦਿਆਰਥੀਆਂ ਅਤੇ ਪ੍ਰਿੰਸੀਪਲ ਰਾਜਵਿੰਦਰਜੀਤ ਖਹਿਰਾ ਨੇ ਭਰਵਾਂ ਸੁਆਗਤ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਮੈਡਮ ਅਮਰਜੀਤ ਕੌਰ, ਅਮਰਬੀਰ ਸਿੰਘ, ਸੁਰਿੰਦਰ ਸਿੰਘ, ਪ੍ਰੋ. ਸੋਨੀਆ, ਸੁਖਪਾਲ ਕੌਰ, ਰਮਨਦੀਪ ਕੌਰ ਅਤੇ ਮੈਡਮ ਅਮਨਦੀਪ ਕੌਰ ਹਾਜ਼ਰ ਸਨ।

# ਬੇਟ ਇਲਾਕੇ ਦੀਆਂ ਮੰਡੀਆਂ 'ਚ ਝੋਨੇ ਦੀ ਖਰੀਦ ਸ਼ੁਰੂ



ਗੁਰਦਾਸਪੁਰ (ਜਨਕ ਮਹਾਜਨ)-ਮਾਰਕੀਟ ਕਮੇਟੀ ਗੁਰਦਾਸਪੁਰ ਅਤੇ ਕਾਹਨੂੰਵਾਨ ਅਧੀਨ ਪੈਂਦੀਆਂ ਦਿਹਾਤੀ ਮੰਡੀਆਂ ਵਿਚ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਰਕਾਰੀ ਖਰੀਦ ਪਨਗਰੇਨ ਵਲੋਂ ਸ਼ੁਰੂ ਕੀਤੀ ਗਈ ਹੈ ਅਤੇ ਹੁਣ ਤਕ ਮੰਡੀਆਂ ਵਿਚ ਝੋਨੇ ਦੀ ਆਮਦ 3452 ਟਨ ਹੋਈ ਹੈ ਅਤੇ ਸਰਕਾਰੀ ਖਰੀਦ 3270 ਟਨ ਕੀਤੀ ਗਈ ਹੈ। ਉਪਰੋਕਤ ਬਿਆਨ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਕਾਹਨੂੰਵਾਨ ਸੈਕਟਰੀ ਬਲੀਰ ਸਿੰਘ ਬਾਜਵਾ ਨੇ ਕੀਤਾ। ਉਨ੍ਹਾਂ ਨੇ ਵੱਖ ਵੱਖ ਮੰਡੀਆਂ ਦਾ ਦੋਰਾ ਕਰਨ ਉਪਰੰਤ ਚਾਵਾ ਮੰਡੀ ਵਿਚ ਦੱਸਿਆ ਕਿ ਕਿਸਾਨ ਵੀਰਾਂ ਨੂੰ ਅਪੀਲ ਹੈ ਕਿ ਉਹ ਅਪਣੀ ਫਸਲ ਮੰਡੀਆਂ ਵਿਚ ਸੁਕਾ ਕੇ ਲਿਆਉਣ ਜਿਸ ਨਾਲ ਨਮੀ 17 ਫੀਸਦੀ ਹੋਵੇ ਅਤੇ ਗਿੱਲੀ ਫਸਲ ਮੰਡੀਆਂ ਵਿਚ ਨਾ ਲਿਆਉਣ ਜਿਸ ਨਾਲ ਖਰੀਦ ਏਜੰਸੀਆਂ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਕਿਸਾਨ ਮੰਡੀਆਂ ਵਿਚ ਫਸਲ ਸੁਕਾ ਕੇ ਲਿਆਉਣ ਉਹ ਖੱਜਲ ਖੁਆਰੀ ਤੋ ਬਚ ਸਕਦੇ ਹਨ ਝੋਨੇ ਦੀ ਫਸਲ ਨੂੰ ਕੋਈ ਵੀ ਆੜ੍ਹਤੀ ਕੱਟ ਨਹੀ ਲਗਾਏਗਾ।

ਮਹਿਕਮੇ ਦੇ ਸਾਰੇ ਕਰਮਚਾਰੀ ਮੁਸਤੈਦੀ ਨਾਲ ਡਿਊਟੀ ਕਰ ਰਹੇ ਹਨ ਅਤੇ ਮੰਡੀਆਂ ਵਿਚ ਕਿਸਾਨਾਂ ਵਾਸਤੇ ਸਾਰੇ ਪ੍ਰਬੰਧ ਮੁਕੰਮਲ ਹਨ। ਇਸ ਮੌਕੇ ਉਨ੍ਹਾਂ ਨਾਲ ਲੇਖਾਕਾਰ ਗੁਰਦਾਸਪੁਰ ਅਤੇ ਹੋਰ ਮੰਡੀ ਸੁਪਰਵਾਈਜ਼ਰ ਹਾਜ਼ਰ ਸਨ।

# ਰੇਤ ਦੀਆਂ ਵਧੀਆਂ ਕੀਮਤਾਂ ਵਿਰੁੱਧ ਡੀ ਸੀ ਦਫਤਰ ਅੱਗੇ ਵਿਸ਼ਾਲ ਰੋਸ ਮੁਜ਼ਾਹਰਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਸੂਬਾ ਕਮੇਟੀ ਦੇ ਸੱਦੇ 'ਤੇ ਰੇਤਾ ਬੱਜਰੀ ਦੀਆਂ ਦੁੱਗਣੇ ਤੋਂ ਵੀ ਵਧੇਰੇ ਵਧੀਆਂ ਕੀਮਤਾਂ ਵਿਰੁੱਧ ਅਤੇ ਬੇਰੁਜ਼ਗਾਰ ਹੋਏ ਮਿਸਤਰੀਆਂ, ਦਿਹਾੜੀਦਾਰ ਕਾਮਿਆਂ ਦੇ ਰੋਜ਼ਗਾਰ ਲਈ ਅਤੇ ਵੱਖ-ਵੱਖ ਮਹਿਕਮਿਆਂ ਅੰਦਰ ਖਾਲੀ ਪਈਆਂ ਅਸਾਮੀਆਂ ਤੁਰੰਤ ਭਰਨ ਦੀ ਮੰਗ ਨੂੰ ਲੈਕੇ ਡੀ ਸੀ ਦਫਤਰ ਵਿੱਖੇ ਵਿਸ਼ਾਲ ਮੁਜ਼ਾਹਰਾ ਕੀਤਾ ਗਿਆ। ਇਸ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਦਲਜੀਤ ਸਿੰਘ ਦਿਆਲਪੁਰਾ, ਸੁਲੱਖਣ ਸਿੰਘ ਤੁੜ, ਜਸਪਾਲ ਸਿੰਘ ਢਿੱਲੋਂ,ਮਨਜੀਤ ਸਿੰਘ ਬੱਗੂ, ਬਲਦੇਵ ਸਿੰਘ ਭੈਲ ਆਦਿ ਆਗੂਆਂ ਨੇ ਕੀਤੀ। ਡੀ ਸੀ ਦਫਤਰ ਵਿੱਖੇ ਜੁੜੇ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਅੰਦਰ ਸ ਭਗਵੰਤ ਸਿੰਘ ਮਾਨ ਸਰਕਾਰ ਦੀ ਨੁਕਸਦਾਰ ਖਨਨ ਨੀਤੀ ਅਤੇ ਲਾਏ ਜਜੀਏ ਕਾਰਨ ਆਮ ਲੋਕਾਂ ਨੂੰ ਰੇਤਾ ਬੱਜਰੀ 7000 ਤੋਂ ਉੱਪਰ ਪ੍ਰਤੀ ਸੈਂਕੜਾ ਦੇ ਹਿਸਾਬ ਨਾਲ ਖਰੀਦਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਮ ਆਦਮੀ ਦੀ ਜੇਬ ਉੱਤੇ ਵੱਜਦੇ ਦਿਨ ਦਿਹਾੜੇ ਡਾਕੇ ਕਾਰਨ ਉਸਾਰੀ ਦੇ ਕਾਰਜ ਠੱਪ ਹੋ ਕੇ ਰਹਿ ਗਏ ਹਨ। ਨਿਰਮਾਣ ਖੇਤਰ ਨਾਲ ਜੁੜੇ ਕਾਰੋਬਾਰਾਂ ਵਿੱਚ ਲੱਗੇ ਮਜਦੂਰ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਉਹਨਾਂ ਕਿਹਾ ਕਿ ਚੋਣਾਂ ਦੌਰਾਨ ਰੇਤਾ ਬੱਜਰੀ ਸਮੇਤ ਹਰ ਤਰ੍ਹਾਂ ਦੇ ਮਾਫੀਏ ਤੋਂ ਮੁਕਤੀ ਦਿਵਾਉਣ ਅਤੇ 1700 ਦੇ ਕਰੀਬ ਵਿਕਦੀ ਰੇਤਾ ਬੱਜਰੀ ਦੇ ਭਾਅ 900 ਰੁਪਏ ਪ੍ਰਤੀ ਸੈਂਕੜਾ ਤੇ ਲਿਆਉਣ ਦੇ ਵਾਅਦੇ ਕੀਤੇ ਗਏ ਸਨ। ਪਹਿਲਾਂ ਹੀ ਵਿਆਪਕ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਨੌਜਵਾਨਾਂ ਵਿਦੇਸਾਂ ਵਿੱਚ ਜਾਣ ਲਈ ਮਜਬੂਰ ਹੋ ਰਹੇ ਹਨ। ਡੀ ਸੀ ਨੂੰ ਦਿੱਤੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਚੋਣ ਵਾਅਦੇ ਮੁਤਾਬਕ ਰੇਤਾ ਬੱਜਰੀ ਦੇ ਰੇਟ 900 ਰੁਪਏ ਪ੍ਰਤੀ ਸੈਂਕੜਾ ਤੇ ਲਿਆਂਦੇ ਜਾਣ, ਬੇਰੁਜ਼ਗਾਰ ਹੋਏ ਕਿਰਤੀਆਂ ਲਈ ਰੋਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰੀ ਮਹਿਕਮਿਆਂ ਅੰਦਰ ਖਾਲੀ ਪਈਆਂ ਅਸਾਮੀਆਂ ਤੁਰੰਤ ਭਰੀਆਂ ਜਾਣ ਅਤੇ ਖੇਤੀ ਅਧਾਰਤ ਸਨਅਤਾਂ ਲਾ ਕੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਜਾਣ।ਰੇਤ ਮਾਫੀਆ ਨੂੰ ਨਕੇਲ ਪਾਈ ਜਾਏ। ਰੇਤਾ ਬੱਜਰੀ ਦੀ ਆਮਦ ਤੇ ਲਾਇਆ ਟੈਕਸ ਵਾਪਸ ਲਿਆ ਜਾਵੇ। ਨਿਯਮਤ ਖੱਡਾਂ ਵਿੱਚੋਂ ਰੇਤਾ ਬੱਜਰੀ ਕੱਢਣੀ ਚਾਲੂ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮ ਸਿੰਘ ਪੱਟੀ, ਹਰਭਜਨ ਸਿੰਘ ਚੂਸਲੇਵੜ, ਅਜੀਤ ਸਿੰਘ ਢੋਟਾ ਨੰਬਰਦਾਰ, ਦਾਰਾ ਸਿੰਘ ਮੁੰਡਾ ਪਿੰਡ, ਰੇਸਮ ਸਿੰਘ ਫੇਲੋਕੇ,ਕਰਮ ਸਿੰਘ ਫਤਿਆਬਾਦ, ਜਸਬੀਰ ਸਿੰਘ ਵੈਰੋਵਾਲ, ਹਰਦੀਪ ਸਿੰਘ ਰਸੂਲਪੁਰ, ਜਸਬੀਰ ਕੌਰ, ਕੁਲਵਿੰਦਰ ਕੌਰ ਖਡੂਰ ਸਾਹਿਬ ਆਦਿ ਆਗੂਆਂ ਨੇ ਸੰਬੋਧਨ ਕੀਤਾ।



# ਦੀਖਸ਼ਾ ਭੂਮੀ ਨਾਗਪੁਰ ਲਈ ਦੂਸਰੀ ਇਤਿਹਾਸਕ ਯਾਤਰਾ ਭਲਕੇ ਰਵਾਨਾ ਹੋਵੇਗੀ

ਜਲੰਧਰ (ਨਵਾਂ ਜ਼ਮਾਨਾ ਸਰਵਿਸ)-ਡਾ. ਬੀ ਆਰ ਅੰਬੇਡਕਰ ਐਜੂਕੇਸ਼ਨਲ ਐਂਡ ਵੈੱਲਫੇਅਰ ਸੁਸਾਇਟੀ (ਰਜਿ.) ਖੁਰਲਾ ਕਿੰਗਰਾ, ਜਲੰਧਰ (ਪੰਜਾਬ) ਦੀ ਮੀਟਿੰਗ ਪ੍ਰਧਾਨ ਪ੍ਰਦੀਪ ਕੁਮਾਰ ਦੀ ਅਗਵਾਈ 'ਚ ਖੁਰਲਾ ਕਿੰਗਰਾ ਵਿਖੇ ਕੀਤੀ ਗਈ। ਜਿਸ ਵਿਚ ਚਰਚਾ ਕੀਤੀ ਗਈ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਚਰਨਛੋਹ ਪ੍ਰਾਪਤ ਇਸਤਾਹਕ ਭੂਮੀ ਨਾਗਪੁਰ, ਜਿਥੇ 14 ਅਕਤੂਬਰ, 1956 ਨੂੰ ਬਾਬਾ ਸਾਹਿਬ ਨੇ ਅਸ਼ੋਕ ਵਿਜੈ ਦਸ਼ਮੀ ਵਾਲੇ ਦਿਨ ਬੁੱਧ ਧਰਮ ਦੀ ਦੀਖਸ਼ਾ ਲਈ ਸੀ, ਨੂੰ ਸਿਜਦਾ ਕਰਨ ਲਈ ਇੰਡੀਅਨ ਬੁੱਧਿਸਟ ਸੁਸਾਇਟੀ ਕੈਨੇਡਾ, ਤਕਸ਼ਿਲਾ ਸਾਹਿਤ ਕੇਂਦਰ ਲੁਧਿਆਣਾ ਅਤੇ ਡਾ. ਬੀ ਆਰ ਅੰਬੇਡਕਰ ਐਜੂਕੇਸ਼ਨਲ ਐਂਡ ਵੈੱਲਫੇਅਰ ਸੁਸਾਇਟੀ (ਰਜਿ.) ਖੁਰਲਾ ਕਿੰਗਰਾ, ਜਲੰਧਰ (ਪੰਜਾਬ) ਵੱਲੋਂ ਦੂਸਰੀ ਇਤਿਹਾਸਕ ਯਾਤਰਾ 12 ਅਕਤੂਬਰ ਨੂੰ ਖੁਰਲਾ ਕਿੰਗਰਾ ਤੋਂ ਰਵਾਨਾ ਹੋਵੇਗੀ। ਇਹ ਯਾਤਰਾ ਦੀਖਸ਼ਾ ਭੂਮੀ, ਸੰਵਿਧਾਨ ਚੌਕ, ਬਾਬੂ ਹਰੀ ਦਾਸ ਆਵਡੇ ਚੌਕ, ਡਰੈਗਨ ਪੈਲੇਸ, ਨਾਗਲੋਕ, ਬੁੱਧ ਭੂਮੀ, ਚਿਚੋਲੀ ਵਿਖੇ ਨਾਨਕ ਚੰਦ ਰੱਤੂ ਵੱਲੋਂ ਤਿਆਰ ਮਿਊਜ਼ਿਅਮ, ਸਮਤਾ ਦਲ ਦੇ ਟ੍ਰੇਨਿੰਗ ਸੈਂਟਰ, ਮਨਸਰ ਤੇ ਹੋਰ ਸਥਾਨਾਂ ਦੀ ਯਾਤਰਾ ਕੀਤੀ ਜਾਵੇਗੀ। ਇਸ ਜਥੇ 'ਚ ਪੰਜਾਬ ਭਰ ਤੋਂ ਅੰਬੇਡਕਰਵਾਦੀ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਅਮਰ ਮਹੇ (ਇਟਲੀ) ਦੀ ਅਗਵਾਈ 'ਚ ਪਹਿਲੀ ਇਤਿਹਾਸਕ ਯਾਤਰਾ ਮਹੂ, ਮੱਧ ਪ੍ਰਦੇਸ਼ ਲਈ 25 ਅਪ੍ਰੈਲ, 2022 ਨੂੰ ਰਵਾਨਾ ਹੋਈ ਸੀ। ਇਹ ਯਾਤਰਾ ਵੀ ਅਮਰ ਮਹੇ ਦੀ ਅਗਵਾਈ 'ਚ ਰਵਾਨਾ ਹੋਵੇਗੀ, ਜੋ 17 ਅਕਤੂਬਰ ਨੂੰ ਵਾਪਸ ਆਵੇਗੀ। ਇਸ ਮੀਟਿੰਗ 'ਚ ਹਰਮੇਸ਼ ਲਾਲ, ਸੁਰਿੰਦਰ ਪਾਲ ਮਹਿਮੀ, ਕਪਲ ਦੇਵ, ਡਾ. ਸੁਰਿੰਦਰ ਕੁਮਾਰ, ਹਰਭਜਨ ਨਿਮਤਾ, ਵਰਿੰਦਰ ਕੁਮਾਰ, ਕਮਲਜੀਤ, ਗੋਪਾਲ ਦਾਦਰਾ, ਜਤਿਨ ਦਾਦਰਾ, ਮਨਦੀਪ ਰਾਮ ਅਤੇ ਬਲਵਿੰਦਰ ਪੁਆਰ ਹਾਜ਼ਰ ਸਨ।

# ਚੇਅਰਮੈਨ ਰਮਨ ਬਹਿਲ ਨੇ ਪਿੰਡ ਬਾਹੀਆਂ ਦੀ ਸੰਪਰਕ ਸੜਕ ਦਾ ਰੱਖਿਆ ਨੀਂਹ ਪੱਥਰ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਗੁਰਦਾਸਪੁਰ ਦੇ ਨੇੜਲੇ ਪਿੰਡ ਬਾਹੀਆਂ ਵਿਖੇ ਸੰਪਰਕ ਸੜਕ ਨੂੰ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ। ਕਰੀਬ 700 ਮੀਟਰ ਲੰਬੀ ਇਸ ਸੰਪਰਕ ਸੜਕ ਨੂੰ ਬਣਾਉਣ 'ਤੇ ਪੰਜਾਬ ਸਰਕਾਰ ਵੱਲੋਂ 14 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਸੜਕ ਦਾ ਨਿਰਮਾਣ ਸ਼ੁਰੂ ਹੋਣ ਨਾਲ ਪਿੰਡ ਬਾਹੀਆਂ ਅਤੇ ਇਲਾਕੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ ਜਿਸ ਤੋਂ ਇਲਾਕਾ ਨਿਵਾਸੀ ਖੁਸ਼ ਹਨ। ਇਸ ਮੌਕੇ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵਿਕਾਸ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ ਜੋ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਅਖੀਰਲੇ 6 ਮਹੀਨੇ ਵਿੱਚ ਸ਼ੁਰੂ ਕਰਦੀਆਂ ਸਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸ਼ੁਰੂ ਵਿੱਚ ਹੀ ਵਿਕਾਸ ਕਾਰਜ ਸ਼ੁਰੂ ਕਰਕੇ ਸੂਬੇ ਨੂੰ ਤਰੱਕੀ ਦੀ ਰਾਹੇ ਤੋਰਿਆ ਹੈ। ਉਨ੍ਹਾਂ ਨੇ ਕਿਹਾ ਕਿ ਆਪ ਸਰਕਾਰ ਦੀ ਕਹਿਣੀ ਅਤੇ ਕਥਨੀ ਵਿੱਚ ਕੋਈ ਫਰਕ ਨਹੀਂ ਹੈ ਅਤੇ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ 300 ਯੂਨਿਟ ਪ੍ਰਤੀ ਮਹੀਨਾਂ ਮੁਫ਼ਤ ਬਿਜਲੀ ਦੀ ਸਹੂਲਤ ਨਾਲ ਲੱਖਾਂ ਪਰਿਵਾਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ ਹੈ ਅਤੇ ਉਹ ਪਰਿਵਾਰ ਇਸ ਬਚੀ ਹੋਈ ਰਾਸ਼ੀ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰ ਦੀ ਬੇਹਤਰੀ ਲਈ ਖਰਚ ਸਕਣਗੇ। ਗੁਰਦਾਸਪੁਰ ਵਿਧਾਨ ਸਭਾ ਹਲਕੇ ਦੇ ਵਿਕਾਸ ਦਾ ਜ਼ਿਕਰ ਕਰਦਿਆਂ ਬਹਿਲ ਨੇ ਕਿਹਾ ਕਿ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿੱਚ ਮਿਆਰੀ ਸਿਹਤ ਸੇਵਾਵਾਂ ਲਈ ਉਪਰਾਲੇ ਜਾਰੀ ਹਨ ਅਤੇ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਫਸਟ ਕਲਾਸ ਸਿਹਤ ਸੇਵਾਵਾਂ ਮਿਲਣਗੀਆਂ।



# ਗੁਰਦਾਸਪੁਰ, ਬਟਾਲਾ ਤੇ ਫ਼ਤਿਹਗੜ੍ਹ ਚੂੜੀਆਂ ਦਾਣਾ ਮੰਡੀਆਂ 'ਚ ਮੈਡੀਕਲ ਟੀਮਾਂ ਤਾਇਨਾਤ



ਗੁਰਦਾਸਪੁਰ (ਜਨਕ ਮਹਾਜਨ)-ਝੋਨੇ ਦੀ ਖਰੀਦ ਦੌਰਾਨ ਮੰਡੀਆਂ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਤਿੰਨ ਵੱਡੀਆਂ ਦਾਣਾ ਮੰਡੀਆਂ ਗੁਰਦਾਸਪੁਰ, ਬਟਾਲਾ ਅਤੇ ਫ਼ਤਿਹਗੜ੍ਹ ਚੂੜੀਆਂ ਵਿਖੇ ਵਿਸ਼ੇਸ਼ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਨ੍ਹਾਂ ਮੈਡੀਕਲ ਟੀਮਾਂ ਵਿੱਚ ਇੱਕ ਡਾਕਟਰ, ਫਾਰਮਾਸਿਸਟ ਹੋਣਗੇ ਅਤੇ ਉਨ੍ਹਾਂ ਕੋਲ ਜ਼ਰੂਰਤ ਅਨੁਸਾਰ ਦਵਾਈ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਖਰੀਦ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ ਜਿਸ ਕਾਰਨ ਰੋਜ਼ਾਨਾਂ ਮੰਡੀਆਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਆਪਣੀ ਫਸਲ ਲੈ ਕੇ ਆ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੀ ਲੇਬਰ ਵੀ ਮੰਡੀਆਂ ਵਿੱਚ ਕੰਮ ਕਰ ਰਹੀ ਹੈ। ਕਿਸਾਨਾਂ ਅਤੇ ਲੇਬਰ ਨੂੰ ਸਿਹਤ ਪੱਖੋਂ ਕਿਸੇ ਵੀ ਤਰਾਂ ਦੀ ਮੁਸ਼ਕਲ ਪੇਸ਼ ਨਾ ਆਵੇ, ਇਸ ਲਈ ਜ਼ਿਲ੍ਹੇ ਦੀਆਂ ਤਿੰਨ ਵੱਡੀਆਂ ਮੰਡੀਆਂ ਗੁਰਦਾਸਪੁਰ, ਬਟਾਲਾ ਅਤੇ ਫ਼ਤਿਹਗੜ੍ਹ ਚੂੜੀਆਂ ਵਿਖੇ ਵਿਸ਼ੇਸ਼ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ 11 ਅਕਤੂਬਰ ਤੋਂ 15 ਨਵੰਬਰ 2022 ਤੱਕ ਇਹ ਮੈਡੀਕਲ ਟੀਮਾਂ ਰੋਜ਼ਾਨਾਂ ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਉਪਰੋਕਤ ਮੰਡੀਆਂ ਵਿੱਚ ਡਾਕਟਰੀ ਸੇਵਾਵਾਂ ਦੇਣਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਮੰਡੀ ਅਫ਼ਸਰ ਵੱਲੋਂ ਮੰਡੀਆਂ ਵਿੱਚ ਮੈਡੀਕਲ ਟੀਮਾਂ ਦੇ ਬੈਠਣ ਅਤੇ ਮਰੀਜ਼ਾਂ ਨੂੰ ਦੇਖਣ ਦੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਮਰੀਜ਼ ਨੂੰ ਮੁਫ਼ਤ ਦਵਾਈ ਦਿੱਤੀ ਜਾਵੇਗੀ।

# ਭਖਦੇ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਦੀ ਕੋਠੀ ਅੱਗੇ ਕਿਸਾਨਾਂ ਵੱਲੋਂ ਪੱਕਾ ਮੋਰਚਾ ਜਾਰੀ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ) ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸੂਬਾ ਕਮੇਟੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਤਰਨਤਾਰਨ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ, ਹਰਦੀਪ ਸਿੰਘ ਜੌੜਾ ਅਤੇ ਸੁਖਵੰਤ ਸਿੰਘ ਵਲਟੋਹਾ ਦੀ ਪ੍ਰਧਾਨਗੀ ਹੇਠ ਵੱਡੀ ਗਿਣਤੀ ਵਿੱਚ ਜਥੇ ਰਵਾਨਾ ਕੀਤੇ ਗਏ। ਮੰਚ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਦੇ ਭਖਦੇ ਮਸਲਿਆਂ ਦੇ ਹੱਲ ਲਈ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਵਿਰੁੱਧ 9 ਅਕਤੂਬਰ ਤੋਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਅਣਮਿਥੇ ਸਮੇਂ ਲਈ ਪੱਕਾ ਮੋਰਚਾ ਜਾਰੀ ਕੀਤਾ ਗਿਆ। ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਲੇਰ ਸਿੰਘ ਰਾਜੋਕੇ, ਪ੍ਰੈੱਸ ਸਕੱਤਰ ਜਥੇਦਾਰ ਸੰਤੋਖ ਸਿੰਘ ਪੱਟੀ ਅਤੇ ਤਰਸੇਮ ਸਿੰਘ ਕੁਹਾੜਕਾ ਨੇ ਦੱਸਿਆ ਕਿ ਇਹ ਮੋਰਚਾ ਪੰਜਾਬ ਦੀ ਆਪ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਤੇ ਹੋਰ ਕਿਰਤੀਆਂ ਦੀਆਂ ਭਖਦੀਆਂ ਮੰਗਾਂ ਪ੍ਰਤੀ ਮੁਜਰਮਾਨਾ ਚੁੱਪ ਧਾਰਨ ਅਤੇ ਨਵੇਂ ਤੋਂ ਨਵੇਂ ਕਿਸਾਨ ਵਿਰੋਧੀ ਤੇ ਸਾਮਰਾਜੀ ਕਾਰਪੋਰੇਟਾਂ ਪੱਖੀ ਫੈਸਲੇ ਕਰਨ ਵਿਰੁੱਧ ਤਿੱਖੇ ਰੋਸ ਵਜੋਂ ਜਾਰੀ ਕੀਤਾ ਗਿਆ। ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਬਿਜਲੀ ਵੰਡ ਖੇਤਰ ਦੇ ਨਿੱਜੀਕਰਨ ਬਾਰੇ ਕੀਤਾ ਗਿਆ ਤਾਨਾਸ਼ਾਹੀ ਫੈਸਲਾ ਰੱਦ ਕੀਤਾ ਜਾਵੇ। ਸੰਸਾਰ ਵਪਾਰ ਸੰਸਥਾ ਦੀਆਂ ਕਿਸਾਨ ਮਾਰੂ ਨੀਤੀਆਂ ਤਹਿਤ ਕਿਸਾਨਾਂ ਮਜ਼ਦੂਰਾਂ ਦੇ ਰੁਜ਼ਗਾਰ ਤੇ ਰਿਹਾਇਸ਼ ਦਾ ਵਸੀਲਾ ਬਣੀਆਂ ਕਬਜ਼ੇ ਹੇਠਲੀਆਂ ਜ਼ਮੀਨਾਂ ਹਥਿਆਉਣ ਲਈ ਪੰਚਾਇਤੀ ਸ਼ਾਮਲਾਟ ਜਾਂ ਸਰਕਾਰੀ ਜ਼ਮੀਨਾਂ ਸਾਮਰਾਜੀ ਕਾਰਪੋਰੇਟਾਂ ਨੂੰ ਸੌਂਪਣ ਲਈ ਜ਼ਮੀਨ ਬੈਂਕ ਬਣਾਉਣ ਦਾ ਤਾਨਾਸ਼ਾਹੀ ਫੈਸਲਾ ਰੱਦ ਕੀਤਾ ਜਾਵੇ। ਸੂਬਾ ਕਮੇਟੀ ਵੱਲੋਂ ਪੰਜਾਬ ਭਰ ਦੇ ਕਿਸਾਨਾਂ, ਮਜ਼ਦੂਰਾਂ ਤੇ ਇਨਸਾਫਪਸੰਦ ਲੋਕਾਂ ਨੂੰ ਇਸ ਪੱਕੇ ਮੋਰਚੇ ਵਿੱਚ ਲੱਕ ਬੰਨ੍ਹ ਕੇ ਹਾਜ਼ਰੀ ਭਰਨ ਦਾ ਸੱਦਾ ਦਿੱਤਾ ਗਿਆ। ਮੀਟਿੰਗ ਵਿੱਚ ਕਸ਼ਮੀਰ ਸਿੰਘ ਲੋਹਕਾ, ਸਰਬਜੀਤ ਸਿੰਘ ਨੱਥੂਚੱਕ, ਸੁਖਰਾਜ ਸਿੰਘ, ਗੁਰਤਾਜ ਸਿੰਘ ਕੁਹਾੜਕਾ; ਕੁਲਵੰਤ ਸਿੰਘ ਲੋਹਕਾ, ਬਖਸ਼ੀਸ਼ ਸਿੰਘ ਘੜਿਆਲਾਂ, ਬੂਟਾ ਸਿੰਘ ਘੜਿਆਲੀ, ਬਖਸ਼ੀਸ਼ ਸਿੰਘ ਬਹਾਦਰ ਨਗਰ, ਬਾਜ ਸਿੰਘ, ਗੁਰਦੇਵ ਸਿੰਘ, ਮੁਖਤਿਆਰ ਸਿੰਘ ਤੱਕੂਚੱਕ, ਬਲਦੇਵ ਸਿੰਘ, ਪ੍ਰਗਟ ਸਿੰਘ ਸਮੇਤ 7 ਬਲਾਕਾਂ ਦੇ ਪ੍ਰਧਾਨ ਸਕੱਤਰ ਕਿਸਾਨ ਆਗੂ ਸ਼ਾਮਲ ਸਨ।



# 'ਐਕਸਿਸ ਨੈਸਡੈੱਕ 100 ਫੰਡ ਆਫ ਫੰਡ' ਲਾਂਚ

ਲੁਧਿਆਣਾ : ਭਾਰਤ ਦੀਆਂ ਪ੍ਰਮੁੱਖ ਸੰਪਤੀ ਪ੍ਰਬੰਧਨ ਕੰਪਨੀਆਂ ਵਿੱਚੋਂ ਇੱਕ ਐਕਸਿਸ ਮਿਊਚਅਲ ਫੰਡ ਨੇ ਐਕਸਿਸ ਨੈਸਡੈੱਕ 100 ਫੰਡ ਆਫ ਫੰਡ (ਨੈਸਡੈਕ 100 ਟੀਆਰਆਈ 'ਤੇ ਕੇਂਦ੍ਰਿਤ ਈਟੀਐੱਫ ਦੀਆਂ ਇਕਾਈਆਂ ਵਿੱਚ ਨਿਵੇਸ਼ ਕਰਨ ਵਾਲੀ ਫੰਡ ਸਕੀਮ ਦਾ ਇੱਕ ਓਪਨ ਐਂਡਡ ਫੰਡ) ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹ ਫੰਡ ਈਟੀਐੱਫ ਵਿਚ ਨਿਵੇਸ਼ ਕਰਕੇ ਨੈਸਡੈੱਕ 100 ਟੀਆਰਆਈ ਦੀ ਕਾਰਗੁਜ਼ਾਰੀ ਨੂੰ ਦੁਹਰਾਉਣ 'ਤੇ ਧਿਆਨ ਕੇਂਦਰਤ ਕਰੇਗਾ ਜਿਸਦਾ ਮੁੱਖ ਉਦੇਸ਼ ਟਰੈਕਿੰਗ ਤਰੁੱਟੀਆਂ ਦੇ ਅਧੀਨ ਨੈਸਡੈੱਕ 100 ਟੀਆਰਆਈ ਦੇ ਪ੍ਰਦਰਸ਼ਨ ਨੂੰ ਟਰੈਕ ਕਰਨਾ/ਦੁਹਰਾਉਣਾ ਹੋਵੇਗਾ। ਘੱਟੋ-ਘੱਟ ਅਰਜ਼ੀ ਦੀ ਰਕਮ (ਪ੍ਰਤੀ ਅਰਜ਼ੀ) 500 ਰੁਪਏ ਹੋਵੇਗੀ ਅਤੇ ਉਸ ਤੋਂ ਬਾਅਦ 1 ਰੁਪਏ ਦੇ ਗੁਣਜ ਵਿੱਚ ਹੋਵੇਗੀ।

ਹਿਤੇਸ਼ ਦਾਸ (ਫੰਡ ਮੈਨੇਜਰ - ਓਵਰਸੀਜ਼ ਇਨਵੈਸਟਮੈਂਟਸ) ਨੇ ਐਕਸਿਸ ਨੈਸਡੈੱਕ 100 ਫੰਡ ਆਫ ਫੰਡ ਦੀ ਅਗਵਾਈ ਕੀਤੀ। ਫੰਡ ਨੂੰ ਨੈਸਡੈੱਕ 100 ਟੀਆਰਆਈ (ਆਈਐੱਨਆਰ) ਦੇ ਅਧਾਰ 'ਤੇ ਬੈਂਚਮਾਰਕ ਕੀਤਾ ਜਾਵੇਗਾ।

# ਨਗਰ ਕੌਂਸਲ ਦੇ ਕਰਮਚਾਰੀ ਤੇ ਸਫਾਈ ਸੇਵਕ ਹੜਤਾਲ 'ਤੇ ਬੈਠੇ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਮੂਹ ਕਰਮਚਾਰੀ ਤੇ ਸਫ਼ਾਈ ਸੇਵਕ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਅੱਜ ਨਗਰ ਕੌਂਸਲ ਦਫਤਰ ਦੇ ਬਾਹਰ ਹੜਤਾਲ ਤੇ ਬੈਠ ਗਏ, ਜਿਨ੍ਹਾਂ ਵੱਲੋਂ ਆਪਣੇ ਉੱਚ ਅਧਿਕਾਰੀਆਂ ਤੇ ਸਰਕਾਰ ਖਿਲਾਫ ਜੰਮਕੇ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ, ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਰ ਕੇ ਉਨ੍ਹਾਂ ਦੇ ਘਰਾਂ ਦਾ ਗੁਜ਼ਾਰਾ ਚੱਲਣਾ ਔਖਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤਾਂ ਸਾਨੂੰ ਦੁਕਾਨਦਾਰਾਂ ਨੇ ਵੀ ਉਧਾਰ ਸੌਦਾ ਦੇਣਾ ਬੰਦ ਕਰ ਦਿੱਤਾ ਹੈ। ਹੜਤਾਲ 'ਤੇ ਬੈਠੇ ਕਰਮਚਾਰੀਆਂ ਤੇ ਸਫਾਈ ਸੇਵਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ 4 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਬੱਚਿਆਂ ਦੀਆਂ ਫੀਸਾਂ ਤੇ ਹੋਰ ਘਰੇਲੂ ਲੋੜਾਂ ਪੂਰੀਆਂ ਕਰਨੀਆਂ ਵੀ ਔਖੀਆਂ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਕਰਮਚਾਰੀਆਂ ਅਤੇ ਸਫ਼ਾਈ ਸੇਵਕਾਂ ਨੂੰ ਨਾ ਤਾਂ ਦੁਸਹਿਰੇ ਤੇ ਤਨਖਾਹਾਂ ਦਿੱਤੀਆਂ ਗਈਆਂ ਹਨ ਤੇ ਨਾ ਹੀ ਹੁਣ ਸਾਨੂੰ ਦੀਵਾਲੀ ਤੇ ਮਿਲਣ ਦੀ ਆਸ ਹੈ, ਜਿਸ ਕਰ ਕੇ ਸਾਨੂੰ ਧਰਨੇ ਤੇ ਬੈਠਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਜਲਦ ਤੋਂ ਜਲਦ ਤਨਖਾਹਾਂ ਰਿਲੀਜ਼ ਕੀਤੀਆਂ ਜਾਣ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਹੋਇਆਂ ਕਿਹਾ ਕਿ ਜੇਕਰ ਚਾਰ ਦਿਨ ਦੇ ਅੰਦਰ ਅੰਦਰ ਉਨ੍ਹਾਂ ਦੀਆਂ ਤਨਖਾਹਾਂ ਰਿਲੀਜ਼ ਨਾ ਕੀਤੀਆਂ ਗਈਆਂ ਤਾਂ ਉਹ ਅਣਮਿਥੇ ਸਮੇਂ ਲਈ ਹੜਤਾਲ ਤੇ ਜਾਣ ਵਾਸਤੇ ਮਜਬੂਰ ਹੋਣਗੇ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੌਕੇ ਮਨਪ੍ਰੀਤ ਸਿੰਘ ਬੰਦੇਸਾਂ ਐਸਓ ਨਗਰ ਕੌਂਸਲ, ਬਲਜਿੰਦਰ ਸਿੰਘ ਕਲਰਕ , ਟਹਿਲ ਸਿੰਘ ਕਲਰਕ ,ਪ੍ਰੇਮ ਨਾਥ ਜਮਾਂਦਾਰ, ਜਿਤੇਂਦਰ ਕੁਮਾਰ ਡਰਾਇਵਰ, ਸਰਬਜੀਤ ਬੇਦੀ ,ਧਰਮਪਾਲ ,ਰਾਜ ਕੁਮਾਰ , ਕਾਲੀਦਾਸ,ਆਸ਼ੂ, ਸ਼ਾਮ ਸਿੰਘ, ਹੰਸਪਾਲ, ਸ਼ੀਲਾ, ਦਲਜੀਤ ਸਿੰਘ, ਗੁਰਜੰਟ ਸਿੰਘ, ਕੁਲਦੀਪ ਸਿੰਘ, ਕਪਿਲ ਦੇਵ ,ਗੋਪਾਲ ਦਾਸ ਆਦਿ ਕਰਮਚਾਰੀ ਅਤੇ ਸਫਾਈ ਸੇਵਕ ਹਾਜ਼ਰ ਸਨ ।

## ਜਨਮ ਦਿਨ ਮੁਬਾਰਕ



ਸਾਹਿਲਪ੍ਰੀਤ



ਕੀਰਤ ਕੌਰ, ਭੋਗਪੁਰ

## ਸ਼ਹਿਨਾਈਆਂ



ਅਮਨ ਅਤੇ ਮਮਤਾ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

# ਮਿਉਂਸਪਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਰੋਸ ਪ੍ਰਦਰਸ਼ਨ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**

ਮਿਉਂਸਪਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਸਰਕਾਰ ਵੱਲੋਂ ਪ੍ਰਵਾਨ ਨਾ ਕੀਤੇ ਜਾਣ ਅਤੇ ਸਰਕਾਰ ਵੱਲੋਂ ਟਾਲਮ ਟੋਲ ਨੀਤੀ ਅਪਣਾਏ ਜਾਣ ਕਾਰਨ ਰੋਸ ਵਜੋਂ ਨਗਰ ਕੌਂਸਲ ਦਫਤਰ ਟਾਂਡਾ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿਚ ਇਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਾਜ਼ਰ ਸਮੂਹ ਐਸੋਸੀਏਸ਼ਨ ਮੈਂਬਰਾਂ ਨੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਮੀਟਿੰਗ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਐਸੋਸੀਏਸ਼ਨ ਬੀਤੇ ਕਾਫੀ ਸਮੇਂ ਤੋਂ ਡੀ.ਏ ਦੀਆਂ ਕਿਸ਼ਤਾਂ ਦਾ ਬਕਾਇਆ ਦੇਣ ਦੀ ਸਰਕਾਰ ਪਾਸੋਂ ਮੰਗ ਕਰ ਰਹੀ ਹੈ ਪਰ 6 ਸਾਲ ਬੀਤ ਜਾਣ ਤੇ ਵੀ ਅੱਜ ਤਕ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਨਹੀਂ ਕੀਤੀਆਂ, ਜਿਸ ਕਾਰਨ ਪੈਨਸ਼ਨਰਜਾਂ ਅੰਦਰ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਲ 2016 ਤੋਂ ਡੀ.ਏ ਦਾ 6% ਬਕਾਇਆ ਲੈਣ ਲਈ ਐਸੋਸੀਏਸ਼ਨ ਸੰਘਰਸ਼ ਕਰ ਰਹੀ ਹੈ ਜਦਕਿ ਕੇਂਦਰ ਸਰਕਾਰ ਨੇ ਪੈਨਸ਼ਨਰਜਾਂ ਦੇ ਡੀ.ਏ ਵਿੱਚ 4% ਹੋਰ ਵਾਧਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ



ਦੌਰਾਨ ਇਹ ਵਾਅਦਾ ਕੀਤਾ ਸੀ ਕਿ ਹਰ ਵਿਭਾਗ ਦੇ ਪੈਨਸ਼ਨਰਜਾਂ ਦੀਆਂ ਸਾਰੀਆਂ ਮੰਗਾਂ ਸਾਡੀ ਸਰਕਾਰ ਬਣਨ 'ਤੇ ਪੂਰੀਆਂ ਕਰ ਦਿੱਤੀਆਂ ਜਾਣਗੀਆਂ, ਪਰ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅੜੀਅਲ ਰਵੱਈਆ ਇਖਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਜਾਂ ਦੀਆਂ ਮੰਗਾਂ ਪ੍ਰਵਾਨ ਨਾ ਕਰਕੇ ਮਾਨ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ ਜਿਸਦਾ ਖਾਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕੇਂਦਰ ਸਰਕਾਰ ਦੀ ਤਰਜ਼ 'ਤੇ ਪੰਜਾਬ ਦੇ ਪੈਨਸ਼ਨਰਜਾਂ ਨੂੰ ਡੀ.ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਨਾ ਕੀਤੀਆਂ ਤਾਂ ਜਿਸ ਤਰ੍ਹਾਂ ਸੰਗਰੂਰ ਲੋਕ ਸਭਾ ਚੋਣਾਂ ਵਿੱਚ ਆਪ ਦਾ ਹਾਲ ਹੋਇਆ ਹੈ ਉਸੇ ਤਰ੍ਹਾਂ 2024 ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦਾ ਹਾਲ ਹੋਵੇਗਾ। ਇਸ ਮੌਕੇ 'ਤੇ ਹਾਜ਼ਰ ਬਲਦੇਵ ਸਰਮਾ, ਰਤਨ ਸਿੰਘ, ਧਰਮ ਪਾਲ, ਤਰਸੇਮ ਲਾਲ, ਸੁਦਰਸ਼ਨ ਪਲਟਾ, ਧਰਮ ਚੰਦ, ਅਮਰੀਕ ਸਿੰਘ, ਅਸ਼ੋਕ ਕੁਮਾਰ, ਦੇਵ ਰਾਜ, ਕੇਵਲ ਕ੍ਰਿਸ਼ਨ, ਬੂਆ ਸਿੰਘ, ਐਨ.ਪੀ ਸਿੰਘ ਅਤੇ ਹੋਰ ਹਾਜ਼ਰ ਪੈਨਸ਼ਨਰਜਾਂ ਨੇ ਸਰਕਾਰ ਖਿਲਾਫ ਜੰਮਕੇ ਨਾਅਰੇਬਾਜੀ ਕੀਤੀ।

# ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਨੇ ਪੰਜਾਬ ਸਰਕਾਰ ਨੂੰ ਕੀਤੀ ਮੰਗਾਂ ਮੰਨਣ ਦੀ ਅਪੀਲ

**ਫਿਲੌਰ (ਨਿਰਮਲ)**

ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਮੌਸਮੀ ਬਰਸਾਤ ਤੇ ਚਾਇਨਾ ਵਾਇਰਸ ਕਾਰਨ ਝੋਨੇ ਦੀ ਫਸਲ ਦਾ ਭਾਰੀ ਨੁਕਸਾਨ ਹੋਇਆ ਹੈ। ਲੰਪੀ ਸਕੈਨ ਵਾਇਰਸ ਕਾਰਨ ਮਰੇ ਹੋਏ ਪਸ਼ੂਆਂ ਦਾ ਸਰਵੇ ਕਰਕੇ ਪਸ਼ੂ ਪਾਲਕਾਂ ਨੂੰ ਸਰਕਾਰ ਮੁਆਵਜਾ ਦੇਵੇ, ਪਰਾਲੀ ਨੂੰ ਅੱਗ ਲਗਾਉਣ 'ਤੇ ਜੋ ਸਰਕਾਰ ਨੇ ਕਰਵਾਈ ਕਰਨ ਦੇ ਹੁਕਮ ਦਿੱਤੇ ਉਸ ਨੂੰ ਰੱਦ ਕੀਤਾ ਜਾਵੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦੇ ਹਾਂ ਉਸ ਦੀ ਗਿਰਦਾਵਰੀ ਕਰਨ ਦੇ ਆਦੇਸ ਦਿੱਤੇ ਜਾਣ ਤਾਂ ਜੋ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ। ਇਲਾਕੇ 'ਚ ਲੁੱਟਾਂ-ਖੋਹਾਂ 'ਤੇ ਚੋਰੀਆ, ਨਸਾ ਦਾ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਉਸ ਨੂੰ ਸਖਤੀ ਨਾਲ ਨੱਥ ਪਾਈ ਜਾਵੇ। ਜਿਸ ਨਾਲ ਇਲਾਕੇ ਵਾਸੀ ਆਪਣੇ ਆਪ ਨੂੰ ਸਰੁੱਖਿਅਤ ਮਹਿਸੂਸ ਕਰ ਸਕਣ। ਤਿਉਹਾਰਾਂ ਦੇ ਮੱਦੇਨਜਰ ਮਠਿਆਈ ਦੀਆਂ ਦੁਕਾਨਾਂ ਵਾਲੇ ਮਠਿਆਈ ਦੇ ਨਾਲ ਡੱਬੇ ਨੂੰ ਵਿਚ ਤੋਲਦੇ ਹਨ ਜਿਸ ਨਾਲ ਲੋਕਾਂ ਦੀ ਲੁੱਟ ਖਸੁੱਟ ਸਰੇਆਮ ਹੋ ਰਹੀ ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਚੈੱਕ ਕਰਕੇ ਬਣਦੀ ਕਾਰਵਾਈ ਕਰਨ ਜਿਸ ਨਾਲ ਲੋਕਾਂ ਹੋ ਰਹੀ ਲੁੱਟ ਖਸੁੱਟ ਤੋਂ ਬਚ ਸਕਣ। ਮਠਿਆਈ ਦਾ ਭਾਅ 450 ਰੁਪਏ ਇਕ ਕਿਲੋ ਹੈ ਡੱਬੇ ਦਾ ਭਾਰ 50 ਗ੍ਰਾਮ ਵੀ ਹੋਵੇ ਤਾਂ ਵੀ ਇਸ ਦੀ ਕੀਮਤ ਮਠਿਆਈ ਦੇ ਭਾਅ ਵਾਂਗ ਲੈਂਦੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਜ਼ਿਲ੍ਹਾ ਜਲੰਧਰ ਦੇ ਵਾਈਸ ਪ੍ਰਧਾਨ ਤੀਰਥ ਸਿੰਘ ਬਾਸੀ ਪੰਜਢੇਰਾ, ਪ੍ਰਦੀਪ ਸਿੰਘ ਦੀਪਾ ਮਠੁੱਡਾ ਪ੍ਰਧਾਨ ਯੂਥ ਵਿੰਗ ਪ੍ਰਧਾਨ ਜਲੰਧਰ, ਬਲਾਕ ਫਿਲੌਰ ਦੇ ਪ੍ਰਧਾਨ



ਜਸਬੀਰ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਜਰਨਲ ਸਕੱਤਰ, ਅਜੇ ਸਿੰਘ ਨਾਗੀ ਪ੍ਰੈਸ ਸਕੱਤਰ ਬਲਾਕ ਫਿਲੌਰ, ਸੁਖਦੀਪ ਸਿੰਘ ਅੱਪਰਾ ਮੁੱਖ ਬੁਲਾਰਾ ਬਲਾਕ ਫਿਲੌਰ, ਤਸਵੀਰ ਸਿੰਘ ਖਜਾਨਚੀ, ਜਮਸੇਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮੇਜਰ ਸਿੰਘ ਆਲੋਵਾਲ ਮੀਤ ਪ੍ਰਧਾਨ, ਸੰਦੀਪ ਸਿੰਘ ਪੰਜਢੇਰਾ ਮੀਤ ਪ੍ਰਧਾਨ , ਕੁਲਬੀਰ ਸਿੰਘ ਚੀਮਾ ਸਲਾਹਕਾਰ, ਪਿਆਰਾ ਸਿੰਘ ਉਪ ਜਰਨਲ ਸਕੱਤਰ, ਜਗਰੂਪ ਸਿੰਘ ਅਤੇ ਹੋਰ ਮੈਂਬਰ ਹਾਜਰ ਸਨ।

# ਬਾਲਮੀਕੀ ਸਭਾ ਦੁਆਰਾ ਲਵ-ਕੁਸ਼ ਨਾਟਕ ਦਾ ਮੰਚਨ ਸ਼ੁਰੂ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**

ਬਾਲਮੀਕੀ ਸਭਾ ਨੂਰਪੁਰ ਬੇਦੀ ਵੱਲੋਂ ਭਗਵਾਨ ਵਾਲਮੀਕ ਜੀ ਪ੍ਰਗਟ ਦਿਵਸ ਦੇ ਇਸ ਸੰਬੰਧ ਵਿਚ ਲਵ ਕੁਸ਼ ਜੀਵਨ 'ਤੇ ਆਧਾਰਿਤ ਧਾਰਮਿਕ ਨਾਟਕਾਂ ਦਾ ਮੰਚਨ ਸ਼ੁਰੂ ਕਰਵਾਇਆ ਗਿਆ ਹੈ। ਪਹਿਲੇ ਦਿਨ ਮੰਚ ਦਾ ਉਦਘਾਟਨ ਕਰਨ ਲਈ ਆਮ ਪਾਰਟੀ ਦੇ ਜ਼ਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ ਪਹੁੰਚੇ ਤੇ ਉਨ੍ਹਾਂ ਨੇ ਸੰਗਤਾਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਮੰਚ ਤੋਂ ਸੰਬੋਧਨ ਕਰਦਿਆਂ ਮੁਕਾਰੀ ਨੇ ਕਿਹਾ ਸਾਨੂੰ ਸਾਰਿਆਂ ਨੂੰ ਕਰੁਣਾ ਸਾਗਰ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸ਼ੁੱਭ ਮੌਕੇ ਉਨ੍ਹਾਂ ਦੀਆਂ ਸਿੱਖਿਆਵਾਂ ਉੱਤੇ ਚੱਲਣਾ ਚਾਹੀਦਾ ਹੈ। ਭਗਵਾਨ ਵਾਲਮੀਕਿ ਜੀ ਸੰਸਕ੍ਰਿਤ ਭਾਸ਼ਾ ਦੇ ਪਿਤਾਮਾ ਸਨ। ਅਤੇ ਦੁਨੀਆ ਦੇ ਪਹਿਲੇ ਕਵੀ/ਆਦਿ ਕਵੀ ਸਨ ਜਿਨ੍ਹਾਂ ਆਪਣੀ ਅਮਰ ਰਚਨਾ ਰਾਮਾਇਣ ਰਾਹੀਂ ਬਦੀ 'ਤੇ ਨੇਕੀ ਦੀ ਜਿੱਤ ਦਾ ਸੁਨੇਹਾ ਦਿੱਤਾ। ਇਸ ਮਹਾਨ ਮਹਾਂਕਾਵਿ ਨੇ ਲੋਕਾਂ ਨੂੰ ਸਦੀਆਂ ਤੱਕ ਜੀਵਨ ਜਾਚ ਸਿਖਾਈ ਹੈ ਅਤੇ ਮੌਜੂਦਾ ਪਦਾਰਥਵਾਦੀ ਸਮਾਜ ਵਿਚ ਨੈਤਿਕ ਜ਼ਿੰਦਗੀ ਜਿਊਣ ਅਤੇ ਕਦਰਾਂ ਕੀਮਤਾਂ ਦਾ ਇਕ ਚਾਨਣ ਮੁਨਾਰਾ ਹੈ। ਇਸ ਮੌਕੇ ਉਨ੍ਹਾਂ ਨਾਲ 'ਆਪ' ਲੀਡਰ ਚਰਨਜੀਤ ਸੈਣੀਮਾਜਰਾ, ਜ਼ਿਲ੍ਹਾ ਮੀਤ ਪ੍ਰਧਾਨ ਬੀ.ਸੀ. ਵਿੰਗ, ਨਿਸ਼ੀ ਸੈਣੀ ਪ੍ਰਧਾਨ ਵਪਾਰ ਮੰਡਲ ਬਲਾਕ ਨੂਰਪੁਰ ਬੇਦੀ, ਕਲੱਬ ਦੇ ਪ੍ਰਧਾਨ ਸੁਰਿੰਦਰ ਕੁਮਾਰ, ਸ਼ਤੀਸ਼ ਕੁਮਾਰ ਤੇ ਸਮੂਹ ਮੁਹੱਲਾ ਵਾਸੀ ਵੀ ਹਾਜ਼ਰ ਸਨ।



# ਲਾਇਲਪੁਰ ਖ਼ਾਲਸਾ ਕਾਲਜ ਦੀਆਂ ਵਿਦਿਆਰਥਣਾਂ ਮੈਰਿਟ 'ਚ ਅੱਵਲ



**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਐਮ.ਐਸਸੀ. ਫਿਜਿਕਸ ਚੌਥਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਐਮ.ਐਸਸੀ. ਫਿਜਿਕਸ ਚੌਥਾ ਸਮੈਸਟਰ ਦੀ ਵਿਦਿਆਰਥਣ ਗਿਤੀਕਾ ਨੇ 2250 ਵਿਚੋਂ 2010 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਪਹਿਲਾ ਅਤੇ ਜਸਦੀਪ ਕੌਰ ਨੇ 1933 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਦਿਆਰਥੀਆਂ, ਅਧਿਆਪਕ ਸਾਹਿਬਾਨ ਅਤੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਵਿਦਿਆਰਥੀਆਂ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਨ ਨੂੰ ਦਿੱਤਾ। ਇਸ ਮੌਕੇ ਡਾ. ਨਰਵੀਰ ਸਿੰਘ ਮੁਖੀ ਫਿਜਿਕਸ ਵਿਭਾਗ, ਡਾ. ਅਮਨਪ੍ਰੀਤ ਕੌਰ ਸੰਧੂ. ਡਾ. ਅੰਮ੍ਰਿਤਪਾਲ ਸਿੰਘ ਨਿੰਦਰਾਯੋਗ ਅਤੇ ਡਾ. ਰੰਜੂ ਮਹਾਜਨ ਵੀ ਹਾਜ਼ਰ ਸਨ।

# ਵੱਖ-ਵੱਖ ਸੜਕ ਹਾਦਸਿਆਂ 'ਚ 2 ਸਾਲਾ ਬੱਚੀ ਸਮੇਤ 7 ਲੋਕ ਜ਼ਖ਼ਮੀ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਟਾਂਡਾ-ਹੁਸ਼ਿਆਰਪੁਰ ਸੜਕ 'ਤੇ ਪਿੰਡ ਨੈਨੋਵਾਲ ਪੁਲ ਨਜ਼ਦੀਕ ਮੋਟਰਸਾਈਕਲ ਅਤੇ ਸਕੂਟੀ ਵਿਚਕਾਰ ਹੋਏ ਹਾਦਸੇ ਦੌਰਾਨ ਦੋ ਸਾਲਾ ਬੱਚੀ ਸਮੇਤ 5 ਲੋਕਾਂ ਦੇ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਹਾਦਸਾ ਦੁਪਹਿਰ ਕਰੀਬ12.30 ਵਜੇ ਉਸ ਸਮੇਂ ਹੋਇਆ ਜਦੋਂ ਪਿੰਡ ਧੂਤ ਖੁਰਦ ਨਿਵਾਸੀ ਸ਼ਰਧਾ ਚੰਦ ਪੁੱਤਰ ਮੇਲਾ ਰਾਮ ਆਪਣੀ ਨੂੰਹ ਰੰਜਨਾਪਤਨੀ ਮਨਦੀਪ ਸਿੰਘ ਅਤੇ 2 ਸਾਲਾ ਪੋਤਰੀ ਜਸਮੀਨ ਕੌਰ ਦੇ ਨਾਲ ਸਕੂਟੀ 'ਤੇ ਸਵਾਰ ਹੋ ਕੇ ਬੁੱਲੋਵਾਲ ਤੋਂ ਦਵਾਈ ਲੈ ਕੇ ਵਾਪਸ ਪਿੰਡ ਧੂਤ ਖੁਰਦ ਆ ਰਹੇ ਸਨ ਕਿ ਪਿੰਡ ਨੈਨੋਵਾਲ ਦੇ ਪੁਲ ਨਜ਼ਦੀਕ ਉਨ੍ਹਾਂ ਦੀ ਸਕੂਟੀ ਮੋਟਰਸਾਇਕਲ ਸਵਾਰ ਨਾਲ ਟਕਰਾ ਗਈ। ਜਿਸ ਕਾਰਨ ਮੋਟਰਸਾਇਕਲ ਸਵਾਰ ਪਰਮਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਕੋਟਲੀ ਅਤੇ ਕਰਨ ਪੁੱਤਰ ਬਲਵਿੰਦਰ ਸਿੰਘ ਵਾਸੀ ਸ਼ਹਿਬਾਜ਼ਪੁਰ ਗੰਭੀਰ ਜਖਮੀ ਹੋ ਗਏ। ਜ਼ਖਮੀਆਂ ਨੂੰ ਤੁਰੰਤ ਹੀ ਸਰਕਾਰੀ ਹਸਪਤਾਲ ਟਾਂਡਾ ਪਹੁੰਚਾਇਆ ਗਿਆ। ਜਿਥੋਂ ਰੰਜਨਾ ਤੇ ਮੋਟਰ ਸਾਈਕਲ ਸਵਾਰਾਂ ਦੀ ਹਾਲਤ ਗੰਭੀਰ ਦੇਖਦਿਆਂ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਜਲੰਧਰ- ਪਠਾਨਕੋਟ ਰਾਸ਼ਟਰੀ ਮਾਰਗ 'ਤੇ ਪਿੰਡ ਕੁਰਾਲਾ ਨਜ਼ਦੀਕ ਸਵੇਰੇ ਹੋਏ ਇਕ ਸੜਕ ਹਾਦਸੇ ਦੌਰਾਨ ਕਾਰ ਸਵਾਰ ਪਤੀ-ਪਤਨੀ ਜਖਮੀ ਹੋ ਗਏ। ਇਹ ਭਿਆਨਕ ਹਾਦਸਾ ਸਵੇਰੇ ਕਰੀਬ 8 ਵਜੇ ਉਸ ਸਮੇਂ ਵਾਪਰਿਆ ਜਦੋਂ ਅਸ਼ਵਨੀ ਕੁਮਾਰ ਪੁੱਤਰ ਕਿਸ਼ਨ ਲਾਲ ਅਤੇ ਉਸ ਦੀ ਪਤਨੀ ਅੰਜੂ ਵਾਸੀ ਸ਼ਾਹਪੁਰ (ਪਠਾਨਕੋਟ) ਜਲੰਧਰ ਤੋਂ ਪਠਾਨਕੋਟ ਆਪਣੀ ਸਵਿਫਟ ਕਾਰ ਨੰਬਰ 35—9405 'ਤੇ ਜਾ ਰਹੇ ਸਨ ਕਿ ਅਚਾਨਕ ਹੀ ਇੱਕ ਟਰਾਲੇ ਦੀ ਚਪੇਟ ਵਿਚ ਆ ਗਈ। ਜਿਸ ਕਾਰਨ ਉਨ੍ਹਾਂ ਦੀ ਕਾਰ ਸੜਕ ਨਜ਼ਦੀਕ ਖਤਾਨਾਂ ਪਲਟ ਗਈ। ਜਿਸ ਕਾਰਨ ਉਕਤ ਪਤੀ-ਪਤਨੀ ਗੰਭੀਰ ਜਖਮੀ ਹੋ ਗਏ। ਉਨ੍ਹਾਂ ਨੂੰ ਸਰਕਾਰੀ ਹਸਪਤਾਲ ਟਾਂਡਾ ਦਾਖਲ ਕਰਵਾਇਆ ਗਿਆ। ਟਾਂਡਾ ਪੁਲਸ ਨੇ ਮੌਕੇ ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਨਗਰ ਕੀਰਤਨ ਸਜਾਇਆ



**ਨੂਰਮਹਿਲ ( ਬਾਲੀ)** -ਨਵਾਂ ਪਿੰਡ ਸੌਕੀਆ ਵਿਖੇ ਨਗਰ ਕੀਰਤਨ ਸਜਾਇਆ ਗਿਆ। ਸਮਾਜ ਸੇਵਕ ਅਤੇ ਮੀਡੀਆ ਫੀਡ ਫਰੰਟ ਪੰਜਾਬ ਦੇ ਕੋਆਰਡੀਨੇਟਰ ਮਲਕੀਤ ਚੁੰਬਰ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਤਿਗੁਰੂ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਜਨਮ ਦਿਨ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਨਗਰ ਕੀਰਤਨ ਸਜਾਇਆ ਗਿਆ । ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਮੰਦਰ ਤੋਂ ਸ਼ੁਰੂ ਹੋ ਕਿ ਪਹਿਲਾਂ ਪੜਾਅ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਦੇ ਸੁੱਖ ਸਾਗਰ, ਦੂਸਰਾ ਪੜਾਆ ਗੁਰਦੁਆਰਾ ਸਤਿਗੁਰੂ ਰਵਿਦਾਸ ਧਾਮ, ਤੀਸਰਾ ਪੜਾ ਗੁਰਦੁਆਰਾ ਸਿੰਘ ਸਭਾ ਵਿਖੇ ਕੀਤਾ ਗਿਆ। ਗੁਰੂ ਘਰਾਂ ਵਿੱਚ ਸੰਗਤਾਂ ਲਈ ਫਰੂਟ ਚਾਹ ਪਕੌੜਿਆਂ ਦਾ ਲੰਗਰ ਵਰਤਾਇਆ ਗਿਆ। ਗੁਰੂ ਕਿਰਪਾ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦਿਆਂ ਨਿਹਾਲ ਕੀਤਾ। ਨਗਰ ਕੀਰਤਨ ਸਾਰੇ ਪਿੰਡ ਦੀ ਪਰਕਰਮਾ ਕਰਦੇ ਹੋਏ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਮੰਦਰ ਵਿਖੇ ਸਮਾਪਤ ਹੋਇਆ।

# ਕਾਮਿਆਂ ਦੀ ਵੱਡੀ ਸ਼ਕਤੀ ਸੀ ਕਾਮਰੇਡ ਅਵਤਾਰ ਜੌਹਲ : ਕੁਲਬੀਰ ਸੰਘੇੜਾ

**ਜਲੰਧਰ (ਕੇਸਰ)**-ਗ਼ਦਰੀ ਬਾਬਾ ਕਾ. ਭਗਤ ਸਿੰਘ ਬਿਲਗਾ ਯਾਦਗਾਰ ਕਮੇਟੀ ਬਿਲਗਾ (ਜਲੰਧਰ) ਵੱਲੋਂ ਯੂ.ਕੇ. ਦੀ ਭਾਰਤੀ ਕਿਰਤੀ ਜਥੇਬੰਦੀ (I.W.A) ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਦੇ ਵੱਡੇ ਆਗੂ ਕਾ. ਅਵਤਾਰ ਸਿੰਘ ਜੌਹਲ ਦੇ ਸਦੀਵੀ ਵਿਛੋੜੇ ਸੰਬੰਧੀ ਇੱਕ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਇਸ ਸਭਾ ਵਿੱਚ ਕਾ. ਜੌਹਲ ਦੀ ਲੋਕ ਹਿਤੈਸ਼ੀ ਸੋਚ ਤੇ ਸਰਗਰਮੀਆਂ ਨੂੰ ਯਾਦ ਕਰਦਿਆਂ ਕਮੇਟੀ ਦੇ ਪ੍ਰਧਾਨ ਕਾ. ਕੁਲਬੀਰ ਸਿੰਘ ਸੰਘੇੜਾ ਨੇ ਕਿਹਾ ਕਿ ਦੁਨੀਆ ਭਰ ਦੇ ਮਿਹਨਤਕਸ਼ਾਂ ਦੇ ਹੱਕਾਂ ਵਿੱਚ ਆਵਾਜ਼ ਉਠਾਉਣ ਵਾਲੇ ਕਾ. ਅਵਤਾਰ ਸਿੰਘ ਜੌਹਲ ਦੀਆਂ ਯੂ.ਕੇ ਦੇ ਕਿਰਤੀਆਂ ਦੇ ਹੱਕਾਂ ਦੀ ਰਾਖੀ ਕਰਨ ਵਾਲੀਆਂ ਸਰਗਰਮੀਆਂ ਨੂੰ ਹਮੇਸ਼ਾ ਆਦਰ ਨਾਲ ਯਾਦ ਕੀਤਾ ਜਾਵੇਗਾ। ਇਸ ਸਭਾ ਵਿੱਚ ਹੋਰਨਾਂ ਤੋਂ ਇਲਾਵਾ ਕਾ. ਸੰਤੋਖ ਸਿੰਘ ਬਿਲਗਾ, ਕਾਮਰੇਡ ਸੰਤੋਖ ਸਿੰਘ ਸੰਧੂ, ਮਾ. ਪ੍ਰਸ਼ੋਤਮ ਲਾਲ ਬਿਲਗਾ, ਮਾ. ਪ੍ਰੇਮ ਲਾਲ ਮਹੇਂ, ਕਾਮਰੇਡ ਬਲਬੀਰ ਸਿੰਘ ਤੇ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਵੀ ਸ਼ਿਰਕਤ ਕੀਤੀ ਅਤੇ ਵਿਛੜੇ ਸਾਥੀ ਦੀਆਂ ਲੋਕ ਹਿਤੈਸ਼ੀ ਸਰਗਰਮੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਕਿਰਤੀ ਵਰਗ ਦੀ ਵੱਡੀ ਸ਼ਕਤੀ ਦੱਸਿਆ।



# ਗੁਜਰਾਤ 'ਚ ਵੀ 'ਆਪ' ਭਾਰੀ ਬਹੁਮਤ ਨਾਲ ਸਰਕਾਰ ਬਣਾਏਗੀ : ਵਰਮਾ, ਪੁਰੀ



**ਜਲੰਧਰ (ਨ ਜ਼ ਸ)**

ਆਮ ਆਦਮੀ ਪਾਰਟੀ ਵਪਾਰ ਮੰਡਲ ਦੇ ਸੂਬਾ ਪ੍ਰਧਾਨ ਵਿਨੀਤ ਵਰਮਾ ਅਤੇ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਪੁਰੀ ਨੇ ਕਿਹਾ ਕਿ ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਸਰਕਾਰ ਬਣਾਏਗੀ। ਵਿਨੀਤ ਵਰਮਾ ਅਤੇ ਗੌਰਵ ਪੁਰੀ ਜੋ ਕਿ ਆਪਣੇ ਸਾਥੀਆਂ ਨਾਲ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਕਰ ਰਹੇ ਹਨ, ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਹਿਲਾਂ ਦਿੱਲੀ ਅਤੇ ਫਿਰ ਪੰਜਾਬ ਵਿਚ ਭਾਰੀ ਬਹੁਮਤ ਨਾਲ ਸਰਕਾਰਾਂ ਬਣਾਈਆਂ ਹਨ ਅਤੇ ਹੁਣ ਇਹ ਪਾਰਟੀ ਭਾਰੀ ਵੋਟਾਂ ਨਾਲ ਗੁਜਰਾਤ ਜਿੱਤ ਰਹੀ ਹੈ, ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। 'ਆਪ' ਪਾਰਟੀ ਨੂੰ ਗੁਜਰਾਤ ਦੇ ਹਰ ਵਰਗ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ, ਇਸ ਲਈ ਆਮ ਆਦਮੀ ਪਾਰਟੀ ਗੁਜਰਾਤ ਵਿੱਚ ਵੀ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ।

# ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ 'ਚ ਦੁਸਹਿਰਾ ਮਨਾਇਆ



**ਕਪੂਰਥਲਾ, (ਹਨੀ)** ਜੀ. ਡੀ. ਗੋਇਨਕਾ ਇੰਟਰਨੈਸ਼ਨਲ ਸਕੂਲ ਵਿਖੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਦੁਸਹਿਰਾ ਦੇ ਤਿਉਹਾਰ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਜਿਸ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਦੁਰਗਾ ਮਾਤਾ ਦੀ ਵੰਦਨਾ ਗਾ ਕੇ ਕੀਤੀ ਗਈ । ਇਸ ਮੌਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਦੁਸਹਿਰੇ ਦੀ ਮਹੱਤਤਾ ਤੋਂ ਜਾਣੂ ਵੀ ਕਰਵਾਇਆ ਗਿਆ । ਸੀਨੀਅਰ ਜਮਾਤ ਦੇ ਵਿਦਿਆਰਥੀਆਂ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਰਮਾਇਣ ਨੂੰ ਨਾਟਕੀ ਰੂਪ ਵਿੱਚ ਪੇਸ਼ ਕਰਨ ਦੇ ਨਾਲ-ਨਾਲ ਜੂਨੀਅਰ ਜਮਾਤ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ। ਡਾਂਡੀਆਂ ਨਾਚ ਵੀ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਭਗਵਾਨ ਸ੍ਰੀ ਰਾਮ ਵੱਲੋਂ ਦਿਖਾਏ ਸੱਚ ਦੇ ਰਸਤੇ 'ਤੇ ਚਲਣ ਦਾ ਸੁਨੇਹਾ ਦਿੱਤਾ ।

# ਪੂਰਨਮਾਸ਼ੀ ਤੇ ਭਗਵਾਨ ਵਾਲਮੀਕਿ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ)**

ਸ੍ਰੀ ਗੁਰੂ ਰਵਿਦਾਸ ਭਵਨ ਦਸਮੇਸ਼ ਨਗਰ ਵਿਖੇ ਪੂਰਨਮਾਸ਼ੀ ਅਤੇ ਭਗਵਾਨ ਵਾਲਮੀਕਿ ਜੀ ਦਾ ਪ੍ਰਕਾਸ਼ ਦਿਹਾਡਾ ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ। ਰਹਿਰਾਸ ਸਾਹਿਬ ਪਾਠ ਤੋਂ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿਚ ਰਾਗੀ ਢਾਡੀ ਜਥੇ ਭਾਈ ਨਰਿੰਦਰ ਸਿੰਘ, ਭਾਈ ਦਲਜੀਤ ਸਿੰਘ , ਭਾਈ ਓਂਕਾਰ ਸਿੰਘ ਦਸਮੇਸ਼ ਨਗਰ ਵਾਲਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉੱਥੇ ਹੀ ਸ੍ਰੀ ਗੁਰੂ ਰਵਿਦਾਸ ਸਭਾ ਦਸਮੇਸ਼ ਨਗਰ ਦੇ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸਭਾ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਤਰਸੇਮ ਲਾਲ ,ਬਲਵੀਰ ਸਿੰਘ ,ਮਾਸਟਰ ਅਮਰੀਕ ਸਿੰਘ, ਚਮਨ ਲਾਲ, ਸੋਮ ਪ੍ਰਕਾਸ਼, ਅਮਰੀਕ ਸਿੰਘ, ਰਵੀ ਕੁਮਾਰ, ਲਖਵਿੰਦਰ ਸਿੰਘ ਬਿੱਟੂ, ਰੋਸ਼ਨ ਲਾਲ, ਸਤਨਾਮ ਸਿੰਘ, ਮੋਹਿਤ ਦਲਜੀਤ ਸਿੰਘ, ਗੁਰਜੀਤ ਸਿੰਘ, ਗੈਰੀ, ਸਾਹਿਲ, ਓਂਕਾਰ ਸਿੰਘ, ਅਨਮੋਲਜੀਤ ਸਿੰਘ ,ਸਤਵੀਰ ਸਿੰਘ ਆਦਿ ਹਾਜ਼ਰ ਸਨ।

# ਨਸ਼ਿਆ ਤੋਂ ਬੱਚਿਆਂ ਦਾ ਭਵਿੱਖ ਬਚਾਉਣ ਲਈ ਨਸ਼ਾ ਮੁਕਤ ਫਰੰਟ ਦਾ ਗਠਨ

## ਹੰਸ ਰਾਜ ਪ੍ਰਧਾਨ, ਡਾਕਟਰ ਅਸ਼ੋਕ ਕੁਮਾਰ ਸਕੱਤਰ ਚੁਣੇ

**ਫਿਲੌਰ (ਨਿਰਮਲ)**

ਮੁਹੱਲਾ ਸੰਤੋਖਪੁਰਾ ਦੇ ਪਤਵੰਤੇ ਸੱਜਣਾਂ ਦਾ ਜਨਰਲ ਇਜਲਾਸ ਜੰਜਘਰ ਵਿਖੇ ਮਾਸਟਰ ਹੰਸ ਰਾਜ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਨਸ਼ਿਆ ਤੋਂ ਤੰਗ ਆਏ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਨਸ਼ਿਆ ਵਿਰੁੱਧ ਜਾਗਰਿਤੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਤਾਂ ਜੋ ਸ਼ਹਿਰ ਦੇ ਬੱਚਿਆਂ ਨੂੰ ਨਸ਼ਿਆ ਤੋਂ ਬਚਾਇਆ ਜਾਵੇ। ਇਸ ਸਮੇਂ ਨਸ਼ਾ ਮੁਕਤ ਫਰੰਟ ਕਮੇਟੀ ਦਾ ਗਠਨ ਕਰਕੇ ਆਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਹੰਸ ਰਾਜ , ਸਕੱਤਰ ਡਾਕਟਰ ਅਸ਼ੋਕ ਕੁਮਾਰ, ਕੈਸ਼ੀਅਰ ਡਾਕਟਰ ਸੰਦੀਪ ਕੁਮਾਰ, ਸਹਾਇਕ ਕੈਸ਼ੀਅਰ ਅਵਤਾਰ ਦਦਰਾ, ਚੇਅਰਮੈਨ ਕਾਮਰੇਡ ਜਰਨੈਲ ਫਿਲੌਰ, ਮੁੱਖ ਸਲਾਹਕਾਰ ਰਾਮ ਅਵਧ ਭਾਰਤੀ, ਚੂਹੜ ਚੰਦ, ਸਲਾਹਕਾਰ ਸਤਨਾਮ ਰਾਮ, ਹਰਬੰਸ ਲਾਲ, ਭੋਲ਼ਾ ਕੁਮਾਰ, ਦਵਿੰਦਰ ਕੁਮਾਰ, ਅਜੈ ਸਿੰਘ, ਮੈਬਰਾਂ ਵਿੱਚ ਪਰੇਮ ਕੁਮਾਰ, ਮੱਖਣ ਰਾਮ, ਕਪਲ ਦੇਵ, ਚੰਦਨ, ਨਵਦੀਪ ਕੁਮਾਰ, ਰਵਿੰਦਰ ਪਾਲ, ਸੁਮੀਤਰਾ ਦੇਵੀ, ਪਰਮਜੀਤ ਕੌਰ, ਸੁਨੀਤਾ ਦੇਵੀ, ਮਨਜੀਤ ਕੌਰ, ਪਰਮਿੰਦਰ ਕੌਰ, ਰੀਨਾ, ਦੇਸ ਰਾਜ, ਸੰਦੀਪ ਕੁਮਾਰ, ਮੁਕੇਸ਼ ਕੁਮਾਰ, ਵਿੱਕੀ, ਰਾਮਪਾਲ, ਨਛੱਤਰ ਸਿੰਘ, ਵਿਜੇ ਕੁਮਾਰ, ਅਤੇ ਨਰਿੰਦਰ ਕੁਮਾਰ ਆਦਿ। ਇਸ ਸਮੇਂ ਫਰੰਟ ਦੇ ਆਗੂਆਂ ਨੇ ਨਸ਼ਾ ਤਸਕਰਾਂ ਨੂੰ ਵੀ ਵਾਰਨਿੰਗ ਦਿੱਤੀ ਕਿ ਅਗਰ ਮੁਹੱਲੇ ਵਿੱਚ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਵਿਰੁੱਧ ਸਖਤ ਐਕਸ਼ਨ ਸਾਂਝੇ ਤੌਰ 'ਤੇ ਲਿਆ ਜਾਵੇਗਾ। ਇਸ ਸਮੇਂ ,ਹਰਬੰਸ ਲਾਲ,ਮੋਹਣੀ, ਬਲਵੀਰ ਕੁਮਾਰ, ਜਸਵਿੰਦਰ ਕੁਮਾਰ,ਜਗਰੂਪ ਸਿੰਘ, ਜਸਵੰਤ ਰਾਏ, ਹਨੀ, ਵਿਜੇ ਕੁਮਾਰ, ਰਿਕੂ, ਸੋਨੀ ਅਤੇ ਟੇਲਰ ਮਾਸਟਰ ਆਦਿ ਸਮੇਤ ਭਾਰੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਹਾਜਰ ਸਨ।



# 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ' ਦੇ ਬੈਚਲਰ ਡਿਗਰੀ ਦੇ ਛੇਵੇਂ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ

**ਹੁਸ਼ਿਆਰਪੁਰ, (ਓ ਪੀ ਰਾਣਾ)**

ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ , ਹੁਸ਼ਿਆਰਪੁਰ ਕੈਂਪਸ', ਜੋ ਕੇ ਵਿਭਾਗ ਵੱਲੋਂ ਹੋਰ ਕਈ ਜ਼ਿਲ੍ਹਿਆਂ ਵਿੱਚ ਚਲਾਏ ਜਾ ਰਹੇ ਕਈ ਹੋਰ ਸੈਨਿਕ ਇੰਸਟੀਚਿਊਟਸ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦਾ ਨੋਡਲ ਆਫਿਸ ਵੀ ਹੈ ਤੇ ਆਈ. ਕੇ . ਜੀ . ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਵਿਖੇ ਚੱਲ ਰਹੇ ਬੈਚਲਰ ਆਫ ਸਾਇੰਸ ਇੰਨ ਆਈ.ਟੀ. ਦੇ ਛੇਵੇਂ ਸਮੈਸਟਰ ਦਾ ਨਤੀਜਾ 100 ਫੀਸਦੀ ਰਿਹਾ। ਕੈਂਪਸ ਡਾਇਰੈਕਟਰ ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਲੈਫ. ਕਰਨਲ ਪਰਮਿੰਦਰ ਸਿੰਘ ਬਾਜਵਾ (ਰਿਟਾ:) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀ.ਐਸ.ਸੀ (ਆਈ.ਟੀ.) ਦੇ ਛੇਵੇਂ ਸਮੈਸਟਰ ਵਿੱਚ ਮਮਤਾ ਕੁਮਾਰੀ ਅਤੇ ਅਨਮੋਲ ਦੱਤ ਨੇ 8.56 ਫੀਸਦੀ ਅੰਕ ਲੈ ਕੇ ਪਹਿਲਾ , ਬੁਬਿੰਦਰ ਕੌਰ ਨੇ 8.48 ਫੀਸਦੀ ਅੰਕ ਲੈ ਕੇ ਦੂਜਾ ਅਤੇ ਹਰਪ੍ਰੀਤ ਨੇ 8.44 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਇਨ੍ਹਾਂ ਸਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਡਾਇਰੈਕਟਰ ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਲੈਫ. ਕਰਨਲ ਪਰਮਿੰਦਰ ਸਿੰਘ ਬਾਜਵਾ (ਰਿਟਾ:) ਨੇ ਪ੍ਰਿੰਸੀਪਲ ਡਾ : ਪਰਮਿੰਦਰ ਕੌਰ ਸੈਣੀ, ਪ੍ਰੋ . ਗੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ ਤੇ ਪ੍ਰੋ . ਸਿਮਰਨਜੋਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਰੋਸ਼ਨ ਭਵਿੱਖ ਦੀ ਕਾਮਨਾ ਕੀਤੀ । ਪ੍ਰਿੰਸੀਪਲ, ਡਾ: ਪਰਮਿੰਦਰ ਕੌਰ ਸੈਣੀ ਨੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਅਕੈਡਮਿਕ ਸਟਾਫ ਵੱਲੋ ਦਿਲ ਲਗਾ ਕੇ ਕਰਵਾਈ ਗਈ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਉਣ ਵਾਲੇ ਸਮੇ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰ ਕੇ ਅੱਗੇ ਵਧਣ ਲਈ ਪ੍ਰੇਰਣਾ ਦਿੱਤੀ।



# ਪੰਜਾਬ ਪੈਨਸ਼ਨਰਜ਼ ਮਹਾਂਸੰਘ ਬਲਾਕ ਦੀ ਮਹੀਨਾਵਾਰ ਮੀਟਿੰਗ ਹੋਈ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਪੰਜਾਬ ਪੈਨਸ਼ਨਰਜ ਮਹਾਂਸੰਘ ਬਲਾਕ ਸ੍ਰੀ ਚਮਕੌਰ ਸਾਹਿਬ ਦੀ ਮਹੀਨਾਵਾਰ ਮੀਟਿੰਗ ਸੰਸਥਾ ਦੇ ਪ੍ਰਧਾਨ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ ਹੋਮ ਵਿਖੇ ਹੋਈ। ਹਰਚੰਦ ਸਿੰਘ ਜਗਤਪੁਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੈਨਸ਼ਨਜਰ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਦਰਾਂ ਕੀਤਾ ਗਿਆ ਉਪਰੰਤ ਪ੍ਰਕਾਸ਼ ਸਿੰਘ, ਪ੍ਰਿੰਸੀ. ਸੁਰਿੰਦਰਜੀਤ ਵਰਮਾ, ਗੁਰਨਾਮ ਸਿੰਘ, ਬਾਰਾ ਸਿੰਘ ਕੰਗ, ਮਾਸਟਰ ਸੁਰਿੰਦਰਪਾਲ ਸਿੰਘ ਅਤੇ ਗੁਰਦਿਆਲ ਸਿੰਘ ਆਦਿ ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਅਪੀਲ਼ ਕੀਤੀ ਕਿ ਉਹਨਾਂ ਦੀਆਂ ਜਾਇਜ ਮੰਗਾਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੰਗਾਂ ਵਿਚ ਪੇ ਕਮਿਸ਼ਨ ਦਾ 66 ਮਹੀਨੇ ਦਾ ਬਕਾਇਆਂ, ਡੀ ਏ ਚੰਡੀਗੜ (ਕੇਂਦਰ) ਦੀ ਤਰਜ ਤੇ ਕਿਸਤਾਂ ਜਾਰੀ ਕਰਨਾ, 01-01-2016 ਤੋ ਬਾਅਦ ਸੇਵਾ ਮੁਕਤ ਹੋਏ ਕਰਮਚਾਰੀਆ ਦੀ ਲੀਵ ਇਨਕੈਸਮੈਂਟ ਦਾ ਬਕਾਇਆਂ ਜਾਰੀ ਕਰਨਾ, ਕੈਸਲੈਂਸ ਮੈਡੀਕਲ ਸਕੀਮ, ਪੈਨਸ਼ਨ ਫਿਕਸ਼ੇਸ਼ਨ ਦਾ ਸੋਧਿਆਂ ਫਾਰਮੂਲਾ 2.59 ਸ਼ਾਮਲ ਹਨ। ਇਸ ਮੌਕੇ ਪ੍ਰਧਾਨ ਵਲੋਂ ਸਮੂਹ ਹਾਜਰ ਪੈਨਸ਼ਨਰਜ ਨੂੰ ਬੇਨਤੀ ਕੀਤੀ ਗਈ ਕਿ 80 ਸਾਲ ਜਾਂ ਵੱਧ ਉਮਰ ਵਾਲੇ ਪੈਨਸ਼ਨਰਜ 10/2022 ਵਿੱਚ ਅਤੇ ਬਾਕੀ ਪੈਨਸ਼ਨਰਜ 11/2022 ਵਿੱਚ ਆਪਣੇ ਆਪਣੇ ਬੈਕ ਵਿੱਚੋ ਜਿੱਥੇ ਪੈਨਸ਼ਨ ਪ੍ਰਾਪਤ ਕਰਦੇ ਹਨ ਉੱਥੇ ਆਪਣਾ ਜੀਵਨ ਪ੍ਰਮਾਣ ਪੱਤਰ ਨਿੱਜੀ ਤੌਰ ਤੇ ਪੇਸ਼ ਕਰਨ। ਇਸ ਮੌਕੇ ਜਿਹਨਾਂ ਪੈਨਸ਼ਨਰ ਦਾ ਅਕਤੂਬਰ ਮਹੀਨੇ ਵਿਚ ਜਨਮ ਦਿਨ ਹੈ, ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਲਛਮਣ ਸਿੰਘ ਨੇ ਨਿਭਾਈ। ਇਸ ਮੌਕੇ ਸੁਰਜੀਤ ਸਿੰਘ, ਜਸਵੰਤ ਸਿੰਘ, ਗੁਰਦੇਵ ਸਿੰਘ, ਚੇਅਰਮੈਨ ਪਵਨ ਕੁਮਾਰ, ਬਲਦੇਵ ਸਿੰਘ ਤੋਂ ਇਲਾਵਾ ਹੋਰ ਵੀ ਪੈਨਸ਼ਨਰ ਹਾਜਰ ਸਨ।



# ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਆਦਰਸ਼ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ : ਸਰਪੰਚ ਹੈਪੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਰਮਾਇਣ ਰਚੇਤਾ ਭਗਵਾਨ ਵਾਲਮੀਕਿ ਜੀ ਮਹਾਰਾਜ ਦੀਆਂ ਸਿੱਖਿਆਵਾਂ ਤੇ ਚੱਲ ਕੇ ਆਦਰਸ਼ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ ਅਤੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਕੇ ਸਮੇਂ ਦੇ ਹਾਣੀ ਬਣਾਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਪੰਚ ਕੇਵਲ ਕ੍ਰਿਸ਼ਨ ਹੈਪੀ ਨੇ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪਾਵਨ ਪ੍ਰਗਟ ਦਿਵਸ ਮਨਾ ਰਹੀਆਂ ਨਗਰ ਤਖਤਗੜ੍ਹ ਦੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਵਾਲਮੀਕਿ ਜੀ ਮਹਾਰਾਜ ਮਹਾਨ ਕਵੀ ਹਨ ਜਿਨ੍ਹਾਂ ਨੇ ਰਮਾਇਣ ਦੀ ਰਚਨਾ ਕੀਤੀ। ਜੇਕਰ ਭਗਵਾਨ ਵਾਲਮੀਕਿ ਜੀ ਨਾ ਹੁੰਦੇ ਤਾ ਇੰਨੀ ਮਹਾਨ ਰਚਨਾ ਸਾਡੇ ਕੋਲ ਨਾ ਹੁੰਦੀ। ਜਿਸ ਵਿਚ ਨੈਤਿਕਤਾ ਭਰਪੂਰ ਜੀਵਨ ਜਿਊਣ ਦੀ ਜਾਂਚ ਸਿਖਾਈ ਗਈ ਹੈ। ਇਸ ਮੌਕੇ ਸ੍ਰੀ ਰਮਾਇਣ ਦੇ ਭੋਗ ਪਾਏ ਗਏ। ਲੰਗਰ ਵੀ ਅਤੁੱਟ ਵਰਤਿਆ। ਇਸ ਮੌਕੇ ਅਸ਼ਵਨੀ ਕੁਮਾਰ, ਸ਼ਾਮ ਲਾਲ, ਰਾਮ ਨਾਥ, ਗੋਲਡੀ, ਅਜੇ ਕੁਮਾਰ, ਜਗਦੀਸ਼ ਰਾਮ, ਦਲਜੀਤ ਰਾਏ,ਗਿਆਨ ਚੰਦ, ਚਰਨਜੀਤ, ਦਵਿੰਦਰ ਕੁਮਾਰ, ਤਿਲਕ ਰਾਜ ਪੰਚ,ਮਨੋਜ ਨੋਨੀ,ਰਵਿੰਦਰ ਕੁਮਾਰ, ਹਰਪ੍ਰੀਤ ਕੁਮਾਰ, ਸੰਨੀ ਪੁਲਿਸ, ਚਰਨ ਕੌਰ ਪੰਚ, ਹਰਗੋਪਾਲ, ਹਿੰਮਤ ਰਾਏ, ਰਾਜ ਕੁਮਾਰ, ਆਦਿ ਹਾਜਰ ਸਨ।

# ਭਗਵਾਨ ਵਾਲਮੀਕਿ ਪ੍ਰਗਟ ਦਿਵਸ 'ਤੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਉਤਸਵ ਮੌਕੇ ਭਗਵਾਨ ਵਾਲਮੀਕੀ ਨੌਜਵਾਨ ਸਭਾ ਵਲੋਂ ਨੂਰਮਹਿਲ ਦੇ ਮੇਨ ਬਾਜ਼ਾਰਾ ਵਿੱਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ । ਇਹ ਸ਼ੋਭਾ ਯਾਤਰਾ ਲਵ ਕੁਸ਼ ਚੌਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੀ ਪਰਿਕਰਮਾ ਕਰਦੇ ਹੋਏ ਸ੍ਰੀ ਵਾਲਮੀਕਿ ਮੰਦਿਰ ਵਿਖੇ ਸਮਾਪਤ ਹੋਈ। ਸ਼ੋਭਾ ਯਾਤਰਾ ਦੇ ਰੂਟ ਨੂੰ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ। ਭਗਵਾਨ ਵਾਲਮੀਕਿ ਦੀ ਪਾਲਕੀ ਦਾ ਥਾਂ - ਥਾਂ 'ਤੇ ਸ਼ਹਿਰ ਵਾਸੀਆਂ ਨੇ ਫੁੱਲਾਂ ਦੀ ਵਰਖਾ ਕਰ ਕੇ ਭਰਵਾਂ ਸਵਾਗਤ ਕੀਤਾ। ਯਾਤਰਾ ਵਿਚ ਭਜਨ ਮੰਡਲੀਆਂ , ਬੈਂਡ ਬਾਜੇ , ਢੋਲ ਨਿਗਾਰੇ ਅਤੇ ਭਗਵਾਨ ਵਾਲਮੀਕਿ ਦੀ ਯੋਗ ਵਿਸ਼ਿਸ਼ਟ ਮਹਾਰਾਮਾਇਣ ਨਾਲ ਸੰਬੰਧਿਤ , ਡਾ . ਭੀਮ ਰਾਓ ਅੰਬੇਡਕਰ ਅਤੇ ਪਾਵਨ ਵਾਲਮੀਕਿ ਕੇ ਤੀਰਥ ਸ੍ਰੀ ਅੰਮ੍ਰਿਤਸਰ 'ਤੇ ਅਧਾਰਿਤ ਸੁੰਦਰ ਝਾਕੀਆਂ ਮਨਮੋਹਕ ਦ੍ਰਿਸ਼ ਰਹੇ । ਵੱਖ ਵੱਖ ਰਾਜਨੀਤੀਕ ਪਾਰਟੀਆਂ ਦੇ ਆਗੂਆਂ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਨੇਸ਼ਸਹਿਰ ਵਾਸੀਆਂ ਨੂੰ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਦੀ ਵਧਾਈ ਦਿੱਤੀ ਅਤੇ ਧਰਮ ਸਮਾਜੀ ਵੀਰਾਂ ਨੂੰ ਸੰਗਠਨ ਤੇ ਸਮਾਜ ਦੀ ਮਜਬੂਤੀ ਅਤੇ ਪਾਵਨ ਰਾਮਾਇਣ ਤੇ ਯੋਗ ਵਿਸ਼ਿਸ਼ਟ ਮਹਾਰਾਮਾਇਣ ਦੀਆਂ ਸਿੱਖਿਆਵਾਂ ਨੂੰ ਘਰ - ਘਰ ਪਹੁੰਚਾਉਣ ਦੀ ਅਪੀਲ ਵੀ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਇੰਦਰਜੀਤ ਕੌਰ ਮਾਨ ,ਸਾਬਕਾ ਕੈਬਨਿਟ ਮੰਤਰੀ ਅਮਰਜੀਤ ਸਿੰਘ ਸਮਰਾ,ਨਵਜੋਤ ਸਿੰਘ ਦਹੀਆ,ਨੂਰਮਹਿਲ ਨਗਰ ਕੌਂਸਲ ਪ੍ਰਧਾਨ ਹਰਦੀਪ ਕੌਰ ਜੌਹਲ,ਮੁਨੀਸ਼ ਗਿੱਲ ਪ੍ਰਧਾਨ ਵਾਲਮੀਕਿ ਨੌਜਵਾਨ ਸਭਾ,ਐਸ ਐਚ ਓ ਹਰਦੇਵ ਪ੍ਰੀਤ ਸਿੰਘ ਪ੍ਰਧਾਨ, ਬਲਵੀਰ ਸਿੰਘ ਚੀਮਾ, ਗੌਤਮ ਨਾਹਰ, ਰਾਮ ਮੂਰਤੀ ਕੋਟੀਆ ,ਰਾਜ ਬਹਾਦਰ ਸੁਧੀਰ, ਅਮਰੀਕ ਸਿੰਘ ਅਤੇ ਸਾਰਾ ਵਾਲਮੀਕਿ ਭਾਈਚਾਰਾ ਮੌਜੂਦ ਸੀ।

